ਕੌਮਾਂਤਰੀ

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 9 | Issue 19 | 15 May 2019 to 21 May 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com



➢ ਅੰਦਰ ਪੜ੍ਹੋ



03

■ ਭਾਈਚਾਰਾ

ਨਿਊਜ਼ੀਲੈਂਡ ਪਾਰਲੀਮੈਂਟ ਨੇ ਸਤਿੰਦਰ ਸਰਤਾਜ ਦਾ ਕੀਤਾ ਸਨਮਾਨ



07

■ ਖ਼ਬਰਸਾਰ

ਭਾਰਤੀ ਨੇਤਾਵਾਂ ਦੀ ਬਦਜ਼ੁਬਾਨੀ ਤੇ ਨੌਟੰਕੀ ਸਿਖਰ 'ਤੇ



11

■ ਚੋਣ ਦੰਗਲ

ਸੁਖਬੀਰ ਬਾਦਲ ਨੂੰ ਫਿਰੋਜ਼ਪੁਰ 'ਚ ਸਖਤ ਚੈਲੰਜ



23

■ ਖ਼ਾਸ ਖ਼ਬਰ

ਭਾਰਤੀ ਸੁਪਰੀਮ ਕੋਰਟ ਦਾ ਸਿੱਖ ਨੌਜਵਾਨਾਂ ਨੂੰ ਤਿਹਾੜ ਜੇਲ੍ਹ ਭੇਜਣ ਦਾ ਫੈਸਲਾ ਸ਼ੱਕ ਦੇ ਘੇਰੇ 'ਚ


# ਭਾਰਤ-2019 : ਕੌਣ ਬਣੇਗਾ ਪ੍ਰਧਾਨ ਮੰਤਰੀ ?

- ਮੋਦੀ, ਰਾਹੁਲ ਤੇ ਮਾਇਆਵਤੀ 'ਚ ਲੱਗੀ ਦੌੜ
- ਆਖਰੀ ਹੱਲੇ ਵੱਜੋਂ ਪੰਜਾਬ ਦੇ ਚੋਣ ਪਿੜ 'ਚ ਉਤਰੇ ਵੱਡੇ ਆਗੂ
- ਲੋਕ-ਮੁੱਦਿਆਂ ਨੂੰ ਛੂਹਣ ਤੋਂ ਦੂਰ ਹੀ ਰਹੇ ਨੇਤਾ







**ਚੰਡੀਗੜ੍ਹ/ਬਿਊਰੋ ਨਿਊਜ਼ :** ਭਾਰਤ ਦੀ17ਵੀਂ ਲੋਕ ਸਭਾ ਦੇ ਗਠਨ ਲਈ ਚੋਣਾਂ ਦੇ ਆਖ਼ਰੀ ਤੇ ਸੱਤਵੇਂ ਪੜਾਅ ਦਾ ਅੰਤ 19 ਮਈ ਨੂੰ ਵੋਟਾਂ ਪੈਣ ਨਾਲ ਅਤੇ ਸਮੁੱਚਾ ਅਮਲ 23 ਮਈ ਨੂੰ ਨਤੀਜੇ ਆਉਣ ਨਾਲ ਹੋ ਖਤਮ ਜਾਵੇਗਾ। ਇਸ ਦਿਨ ਪੰਜਾਬ ਸਮੇਤ 7 ਰਾਜਾਂ ਅਤੇ ਇਕ ਕੇਂਦਰ ਸ਼ਾਸਿਤ ਖੇਤਰ ਚੰਡੀਗੜ੍ਹ ਦੀਆਂ ਕੁੱਲ 59 ਸੀਟਾਂ ਲਈ ਵੋਟਾਂ ਪੈਣਗੀਆਂ। 19 ਮਈ ਨੂੰ ਵੋਟਾਂ ਪੈਣ ਵਾਲੇ ਹੋਰ ਰਾਜਾਂ ਵਿਚ ਬਿਹਾਰ, ਝਾਰਖੰਡ, ਮੱਧ ਪ੍ਰਦੇਸ਼, ਪੱਛਮੀ ਬੰਗਾਲ, ਉੱਤਰ ਪ੍ਰਦੇਸ਼ ਅਤੇ ਹਿਮਾਚਲ ਸ਼ਾਮਿਲ ਹੈ। ਪੰਜਾਬ, ਹਰਿਆਣਾ, ਹਿਮਾਚਲ ਵਿਚ ਇਸ ਦਿਨ ਪੂਰੇ ਰਾਜਾਂ ਵਿਚ ਚੋਣਾਂ ਹੋ ਰਹੀਆਂ ਹਨ, ਜਦਕਿ ਦੂਜੇ ਰਾਜਾਂ ਦੀਆਂ ਕੁਝ ਕੁ ਬਾਕੀ ਰਹਿੰਦੀਆਂ ਸੀਟਾਂ ਉਤੇ ਹੀ ਚੋਣਾਂ ਹੋ ਰਹੀਆਂ ਹਨ। ਇਸ ਲਈ ਪੰਜਾਬ ਵਿਚ ਸਿਆਸੀ ਸਰਗਰਮੀਆਂ ਬੇਹੱਦ ਤੇਜ਼ ਹੋ ਗਈਆਂ ਹਨ। ਇਸ ਸਮੇਂ ਕਾਂਗਰਸ, ਅਕਾਲੀ-ਭਾਜਪਾ ਗੱਠਜੋੜ, ਆਮ ਆਦਮੀ ਪਾਰਟੀ, ਪੰਜਾਬ ਜਮਹੂਰੀ ਗੱਠਜੋੜ ਅਤੇ ਕਈ ਹੋਰ ਆਜ਼ਾਦ ਉਮੀਦਵਾਰ ਚੋਣ ਮੁਹਿੰਮ ਵਿਚ ਡਟੇ ਹੋਏ ਹਨ। ਭਾਰਤ ਦਾ ਅਗਲਾ ਪ੍ਰਧਾਨ ਮੰਤਰੀ ਬਣਨ ਦੀ ਦੌੜ ਵਿਚ ਸਭ ਤੋਂ ਮੁੱਖ ਮੁਕਾਬਲਾ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ ਦੇ ਉਮੀਦਵਾਰ ਨਰਿੰਦਰ ਭਾਈ ਮੋਦੀ ਅਤੇ ਕਾਂਗਰਸ ਦੀ ਅਗਵਾਈ ਵਾਲੇ ਯੂਪੀਏ ਦੇ ਉਮੀਦਵਾਰ ਰਾਹੁਲ ਗਾਂਧੀ ਵਿਚਾਲੇ ਹੈ। ਇਸ ਦੇ ਨਾਲ ਹੀ ਉਕਤ ਦੋਵੇਂ ਸਿਆਸੀ ਗੱਠਜੋੜਾਂ ਤੋਂ ਬਾਹਰ


ਬਾਕੀ ਸਫ਼ਾ 28 'ਤੇ


## ਪੰਜਾਬ ਦੇ ਚੋਣ ਪਿੜ ਵਿਚ ਉਤਰੇ ਵੱਡੇ ਆਗੂ

ਆਖਰੀ ਪੜਾਅ ਵਿਚ ਕੌਮੀ ਪਾਰਟੀਆਂ ਦੇ ਆਗੂਆਂ ਦਾ ਧਿਆਨ ਹੁਣ ਪੰਜਾਬ ਵੱਲ ਹੈ। ਇਸ ਕਾਰਨ ਰਾਜ ਵਿਚ ਸਿਆਸੀ ਮੈਦਾਨ ਕਾਫੀ ਭਖ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਬਠਿੰਡਾ ਵਿਚ ਚੋਣ ਰੈਲੀ ਨੂੰ ਸੰਬੋਧਨ ਕੀਤਾ ਗਿਆ। ਇਸੇ ਦੌਰਾਨ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਹੁਸ਼ਿਆਰਪੁਰ, ਖੰਨਾ, ਬਰਗਾੜੀ ਅਤੇ ਮੁੱਲਾਂਪੁਰ ਦਾਖਾ ਵਿਚ ਚੋਣ ਰੈਲੀਆਂ ਨੂੰ ਸੰਬੋਧਨ ਕੀਤਾ। ਪ੍ਰਿਅੰਕਾ ਗਾਂਧੀ ਨੇ ਬਠਿੰਡੇ ਵਿਚ ਚੋਣ ਰੈਲੀ ਨੂੰ ਸੰਬੋਧਨ ਕਰ ਕੇ ਆਪਣਾ ਟਿੱਲ ਲਗਾਇਆ ਹੈ। ਆਮ ਆਦਮੀ ਪਾਰਟੀ ਦੇ ਮੁੱਖ ਆਗੂ ਅਤੇ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੇ ਵੀ ਬਠਿੰਡਾ ਅਤੇ ਲੁਧਿਆਣਾ ਲੋਕ ਸਭਾ ਹਲਕੇ


ਬਾਕੀ ਸਫ਼ਾ 28 'ਤੇ


## ਅਮਰੀਕਾ ਦਾ ਇਰਾਨ ਨਾਲ ਰੌਲਾ ਵਧਿਆ



**ਵਾਸ਼ਿੰਗਟਨ/ਏਟੀ ਨਿਊਜ਼ :** ਇਰਾਨ ਨਾਲ ਵਧਦੇ ਤਣਾਓ ਦੇ ਚੱਲਦਿਆਂ ਅਮਰੀਕਾ ਨੇ ਮੱਧ ਪੂਰਬ ਵਿੱਚ ਮਿਸਾਈਲਾਂ ਤੇ ਜੰਗੀ ਜਹਾਜ਼ ਤਾਇਨਾਤ ਕਰ ਦਿੱਤੇ ਹਨ। ਇਸ ਦੇ ਨਾਲ ਹੀ ਅਮਰੀਕਾ ਨੇ ਇਰਾਨ 'ਤੇ ਚੁਫ਼ੇਰਿਓਂ ਪਾਬੰਦੀਆਂ ਲਾ ਰੱਖੀਆਂ ਹਨ। ਅਮਰੀਕਾ ਦੁਨੀਆ ਦੇ ਕਿਸੇ ਵੀ ਦੇਸ਼ ਨੂੰ ਇਰਾਨ ਨਾਲ ਵਪਾਰ ਨਹੀਂ ਕਰਨ ਦੇ ਰਿਹਾ। ਇਸ ਤੋਂ ਇਲਾਵਾ ਅਮਰੀਕਾ ਨੇ ਇਰਾਨ ਦੇ ਰਿਵੋਲਿਊਸ਼ਨਰੀ ਗਾਰਡ ਕੋਰ (ਆਈਆਰਜੀਸੀ) ਨੂੰ ਵਿਦੇਸ਼ੀ


ਬਾਕੀ ਸਫ਼ਾ 28 'ਤੇ


## ਪੰਜਾਬ ਦੀ ਰਾਜਨੀਤੀ 'ਚ ਕਾਲੀਆਂ ਝੰਡੀਆਂ ਦੀ ਦਹਿਸ਼ਤ

*ਹਰਸਿਮਰਤ ਨੂੰ ਘੇਰਨ ਵਾਲਿਆਂ ਨੂੰ ਸੁਖਬੀਰ ਨੇ ਦਿੱਤੀ ਧਮਕੀ, ਕਿਹਾ ਇੱਕ ਇਸ਼ਾਰੇ 'ਤੇ ਕਰਦੂੰ 5 ਲੱਖ ਬੰਦਾ ਇਕੱਠਾ*

**ਬਠਿੰਡਾ/ਏਟੀ ਨਿਊਜ਼ :** ਪੰਜਾਬ ਦੀਆਂ ਲੋਕ ਸਭਾ ਚੋਣਾਂ ਦੌਰਾਨ ਲੋਕ ਬੁਰੀ ਤਰ੍ਹਾਂ ਰਾਜਨੀਤਕ ਪਾਰਟੀਆਂ ਤੋਂ ਨਿਰਾਸ਼ ਹਨ ਕਿ ਉਹ ਉਹਨਾਂ ਨੂੰ ਘੇਰ ਕੇ ਸੁਆਲ ਵੀ ਪੁੱਛ ਰਹੇ ਹਨ ਤੇ ਕਾਲੇ ਝੰਡੇ ਵੀ ਦਿਖਾ ਰਹੇ ਹਨ। ਕਾਲੇ ਝੰਡੇ ਤੇ ਲੋਕਾਂ ਦੇ ਸੁਆਲ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਤੇ ਉਮੀਦਵਾਰਾਂ ਲਈ ਦਹਿਸ਼ਤ ਦਾ ਕਾਰਨ ਬਣੇ ਹੋਏ ਹਨ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮੁੱਦਾ ਸਭ ਤੋਂ ਭਾਰੂ ਹੈ। ਪੰਜਾਬ ਦੇ ਹੋਰ ਏਜੰਡੇ ਤੇ ਕਿਸਾਨੀ ਮੁੱਦਾ ਵੀ ਹੌਟ ਬਣਦਾ ਜਾ ਰਿਹਾ ਹੈ। ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਮਾਲਵੇ ਵਿਚ ਉਮੀਦਵਾਰਾਂ ਵਿਰੁੱਧ ਸਰਗਰਮ ਹੋ ਗਏ ਹਨ। ਇਹਨਾਂ ਨੇ 12 ਜ਼ਿਲ੍ਹਿਆਂ ਦੇ 155 ਪਿੰਡਾਂ ਵਿਚ ਮਾਰਚ ਤੇ ਰੈਲੀਆਂ ਕੀਤੀਆਂ ਹਨ। ਸੱਤਾ ਵਿੱਚੋਂ ਬਾਹਰ ਹੋਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਤੇ ਖਾਸਕਰ ਬਾਦਲ ਪਰਿਵਾਰ ਖਿਲਾਫ ਲੋਕ ਰੋਹ ਘਟਦਾ ਦਿਖਾਈ ਨਹੀਂ ਦੇ ਰਿਹਾ। ਅਕਾਲੀ ਦਲ ਨੂੰ ਲੋਕਾਂ ਦੇ ਰੋਸ ਦਾ ਸਭ ਤੋਂ ਵੱਧ ਸਾਹਮਣਾ ਬਠਿੰਡਾ ਹਲਕੇ ਵਿੱਚ ਕਰਨਾ ਪੈ ਰਿਹਾ ਹੈ। ਇੱਥੋਂ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਬਾਦਲ ਚੋਣ ਲੜ ਰਹੀ ਹੈ। ਇਸ ਲਈ ਬਠਿੰਡਾ ਫਤਹਿ ਕਰਨਾ ਬਾਦਲ ਪਰਿਵਾਰ ਦੇ ਵੱਕਾਰ ਦਾ ਸਵਾਲ ਹੈ। ਇਸ ਲਈ ਜਿਉਂ-ਜਿਉਂ ਚੋਣਾਂ ਦੀ ਤਾਰੀਖ ਨੇੜੇ ਆ ਰਹੀ ਹੈ ਤਾਂ ਰੋਸ ਪ੍ਰਦਰਸ਼ਨ ਵੀ ਤਿੱਖੇ ਹੁੰਦੇ ਜਾ ਰਹੇ ਹਨ। ਇਸ ਤੋਂ ਪਹਿਲਾਂ ਕਾਲੀਆਂ ਝੰਡੀਆਂ ਹੀ ਵਿਖਾਈਆਂ ਜਾਂਦੀਆਂ ਸੀ ਪਰ ਸ਼ਨੀਵਾਰ ਨੂੰ ਹਲਕਾ ਮੌੜ ਦੇ ਪਿੰਡਾਂ ਵਿਚ ਪਹਿਲੀ ਵਾਰ ਸੰਗਠਤ ਰੂਪ ਵਿੱਚ ਸੰਗਤਾਂ ਵੱਲੋਂ ਹਰਸਿਮਰਤ ਨੂੰ ਪਿੰਡ ਹੀ ਨਾ ਵੜਨ ਦਿੱਤਾ। ਇਹ ਰੋਸ ਪ੍ਰਦਰਸ਼ਨ ਹਿੰਸਕ ਹੋਣ ਦੀ ਕਗਾਰ 'ਤੇ ਪਹੁੰਚ ਗਿਆ ਸੀ।



ਪਿੰਡ ਮੰਡੀ ਕਲਾਂ ਵਿਚ ਰੋਸ ਪ੍ਰਦਰਸ਼ਨ ਇੰਨਾ ਤਿੱਖਾ ਹੋ ਗਿਆ ਕਿ ਹਰਸਿਮਰਤ ਕੌਰ ਬਾਦਲ ਨੂੰ ਚੋਣ ਜਲਸਾ ਕਰਨ ਲਈ ਧਰਨਾ ਲਾਉਣਾ ਪਿਆ। ਉਨ੍ਹਾਂ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਧਰਨੇ ਤੋਂ ਉੱਠ ਕੇ ਚੋਣ ਜਲਸੇ ਲਈ ਧਰਮਸ਼ਾਲਾ ਵਿਚ ਪੁੱਜੇ ਤਾਂ ਪੰਥਕ ਜਥੇਬੰਦੀਆਂ ਨਾਲ ਟਕਰਾਅ ਹੋ ਗਿਆ। ਇਸ ਦੌਰਾਨ ਇੱਟਾਂ-ਰੋੜੇ ਚੱਲੇ ਜਿਸ ਵਿਚ ਪੁਲਿਸ ਮੁਲਾਜ਼ਮ ਦੇ ਸੱਟਾਂ ਲੱਗੀਆਂ। ਪੁਲਿਸ ਨੇ ਦੋਵੇਂ ਧਿਰਾਂ ਨੂੰ ਖਿੰਡਾਉਣ ਲਈ ਹਲਕਾ ਲਾਠੀਚਾਰਜ ਕੀਤਾ ਤੇ ਕੁਝ ਪੰਥਕ ਜਥੇਬੰਦੀਆਂ ਨਾਲ ਸੰਬੰਧਿਤ ਵਿਅਕਤੀ ਹਿਰਾਸਤ ਵਿਚ ਲੈ ਲਏ। ਬੇਸ਼ੱਕ ਅਕਾਲੀ ਦਲ ਇਲਜ਼ਾਮ ਲਾ ਰਿਹਾ ਹੈ ਕਿ ਇਹ ਕਾਂਗਰਸ ਦੀ ਸਜ਼ਿਸ਼ ਹੈ ਪਰ ਜ਼ਮੀਨੀ ਹਕੀਕਤ


ਬਾਕੀ ਸਫ਼ਾ 28 'ਤੇ



SINGH CPA PLLC
Making Businesses Tax Efficient
Tax Planning
Bookkeeping/ Payroll
Sales & Occupancy Taxes
Corporate & Individual Taxes
Barjinderjit Singh, CPA
Serving Clients in All 48 States
700 Central Expressway South, Suite 400 Allen, TX. 75013
(214) 210-9600
bill@mysinghcpa.com
www.mysinghcpa.com

22
GET FLAT 22 CENTS DISCOUNT AT
TA TravelCenters of America
PETRO Stopping Centers
We also offer Line of Credit for Fuel Card
Additional Services with our Fuel Card
✓ National Tire Program ✓ PM & Light Mechanical
✓ 24 Hour Dedicated Repair Service
TRANS-ALLIANCE
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
1.888.795.7035 www.trans-alliance.com

FLEET ONE OVER THE ROAD
FACTORING PROGRAM TO MEET YOUR NEEDS
WITH RATES STARTING AS LOW AS 1%
• A program custom-built to match your fleet's needs – backed by a FDIC-Insured financial partner in WEX Bank.
• Free same day funding
• Free collection management services
• Real-time credit check service
95% Advance in 24 Hours For Trucking Companies
Call for a Quote
(855)641-6955

NANKANA SAHIB YATRA 2019
NOV. 7 - 16, 2019
TO JOIN, PLEASE CONTACT US
518-631-2467
NANKANASAHIBYATRA.COM
LIMITED SEATS


REAL ESTATE INVESTMENTS?
BUY OR SELL PROPERTY ?
1031 EXCHANGE ?
NEW HOMES ?
ONE STOP SHOP FOR YOU
FREE ONE YEAR PROPERTY MANAGEMENT & SAVE $3000
FEW AREAS ARE GROWING RAPIDLY, TRACY, LATHROP, MANTECA, MOUNTAIN HOUSE,
We can help you get loan approval. Purchase, manage your property and handle all repairs.
TRACY, LATHROP, MANTECA, MOUNTAIN HOUSE
Expert Realtor PARTH GHAI
209-420-5653
HINDI, PUNJABI, AND ENGLISH
Call AnyTime 209-420-5653
VALLEY PACIFIC REALTY AND INVESTMENTS STOCKTON # 01722418


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
Asiana Airlines Daily Flight To New Delhi
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
Best of 2016 Fremont
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# ਏਜੀਪੀਸੀ ਵੱਲੋਂ ਨਸਲਕੁਸ਼ੀ ਰੋਕਥਾਮ ਬਾਰੇ ਅਡਾਮਾ ਡੀਂਆਂਗ ਅਤੇ ਕੈਰਨ ਸਮਿੱਥ ਦੇ ਯਤਨਾਂ ਦੀ ਸ਼ਲਾਘਾ

**ਨਿਊਯਾਰਕ/ਬਲਵਿੰਦਰਪਾਲ ਸਿੰਘ ਖਾਲਸਾ :**
ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੁਸਲਮਾਨਾਂ ਅਤੇ ਘੱਟ ਗਿਣਤੀ ਭਾਈਚਾਰੇ ‘ਤੇ ਹਮਲਿਆਂ ਸਬੰਧੀ ਨਸਲਕੁਸ਼ੀ ਰੋਕਥਾਮ ਬਾਰੇ ਸੰਯੁਕਤ ਰਾਸ਼ਟਰ ਸੰਘ ਦੇ ਵਿਸ਼ੇਸ਼ ਸਲਾਹਕਾਰ ਤੇ ਅੰਡਰ ਸੈਕਟਰੀ ਜਨਾਬ ਅਡਾਮਾ ਡੀਂਆਂਗ ਅਤੇ ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਸਲਾਹਕਾਰ ਦੀ ਰੱਖਿਆ ਲਈ ਜ਼ਿੰਮੇਵਾਰ ਮਿਸਟਰ ਕੈਰਨ ਸਮਿੱਥ ਵੱਲੋਂ ਕੀਤਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ ਹੈ। ਉਕਤ ਸਲਾਹਕਾਰਾਂ ਵੱਲੋਂ ਕੀਤੇ ਜਾ ਰਹੇ ਯਤਨਾਂ ਵਿਚ ਸ੍ਰੀਲੰਕਾ ਦੇ ਉੱਤਰੀ ਪੱਛਮੀ ਸੂਬੇ ‘ਚ ਘਰਾਂ, ਪੂਜਾ ਦੇ ਅਸਥਾਨਾਂ ਅਤੇ ਕਾਰੋਬਾਰੀਆਂ ਵਿਰੁੱਧ ਹਮਲੇ ਅਤੇ ਧਰਮ ਦੇ ਆਧਾਰ ‘ਤੇ ਹਿੰਸਾ ਸਬੰਧੀ ਕੀਤੀ ਜਾ ਰਹੀ ਕਾਰਵਾਈ ਸ਼ਾਮਿਲ ਹੈ।

ਇਸ ਮੌਕੇ ਵਿਸ਼ੇਸ਼ ਸਲਾਹਕਾਰਾਂ ਨੇ ਹਾਲ ਹੀ ‘ਚ ਸ੍ਰੀਲੰਕਾ ‘ਚ ਈਸਾਈ ਭਾਈਚਾਰੇ ਅਤੇ ਮੁਸਲਮਾਨਾਂ ਖਿਲਾਫ਼ ਹੋਏ ਹਮਲੇ ਸਬੰਧੀ ਮਹੱਤਵਪੂਰਨ ਭੂਮਿਕਾ ਨਿਭਾਉਂਦਿਆ ਇਸ ‘ਤੇ ਠੱਲ੍ਹ ਪਾਉਣ ਬਾਰੇ ਯਤਨ ਕੀਤੇ। ਏਜੀਪੀਸੀ ਆਗੂਆਂ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਤੇ ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ ਨੇ ਇਸ ਬਾਰੇ ਗੱਲ ਕਰਦਿਆਂ ਹਾਲ ਹੀ ‘ਚ ਈਸਟਰ ਦੇ ਐਤਵਾਰ ਨੂੰ ਸ੍ਰੀਲੰਕਾ ਦੇ ਵੱਖ-ਵੱਖ ਹਿੱਸਿਆਂ ‘ਚ ਚਰਚਾਂ ਅਤੇ ਹੋਟਲਾਂ ਵਿਚ ਕੀਤੇ ਗਏ ਮਾਰੂ ਹਮਲਿਆਂ ਦੀ ਨਿੰਦਾ ਕੀਤੀ, ਜਿਸ ‘ਚ ਕਰੀਬ 200 ਤੋਂ ਵਧੇਰੇ ਲੋਕ ਮਾਰੇ ਗਏ ਸਨ ਅਤੇ ਸੈਂਕੜੇ ਜ਼ਖਮੀ ਹੋਏ ਸਨ। ਉਨ੍ਹਾਂ ਦੱਸਿਆ ਕਿ ਉਕਤ ਸਲਾਹਕਾਰਾਂ ਨੇ ਇਨ੍ਹਾਂ ਹਮਲਿਆਂ ਦੀ ਰੋਕਥਾਮ ਲਈ ਆਪਣੀ ਅਵਾਜ਼ ਬੁਲੰਦ ਕੀਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀਲੰਕਾ ‘ਚ ਹੋਈ ਹਿੰਸਾ ਨੇ ਦੱਖਣੀ ਏਸ਼ੀਆ ਖੇਤਰ ‘ਚ ਕੱਟੜ ਰਾਸ਼ਟਰਵਾਦੀ ਅਤੇ

ਬਾਕੀ ਸਫ਼ਾ 28 ’ਤੇ






# ਨਿਊਜ਼ੀਲੈਂਡ ਪਾਰਲੀਮੈਂਟ ਨੇ ਸਤਿੰਦਰ ਸਰਤਾਜ ਦਾ ਕੀਤਾ ਸਨਮਾਨ





**ਵਲਿੰਗਟਨ/ਏਟੀ ਨਿਊਜ਼ :**
ਸਤਿੰਦਰ ਸਰਤਾਜ ਉਹ ਪੰਜਾਬੀ ਗਾਇਕ ਹੈ ਜਿਸ ਨੇ ਸਿਰਫ ਪੰਜਾਬੀਆਂ ਵਿਚ ਹੀ ਨਹੀਂ ਸਗੋਂ ਅੰਤਰਰਾਸ਼ਟਰੀ ਸੰਸਥਾਵਾਂ ਅਤੇ ਕੌਮਾਂ ਵਿਚ ਆਪਣੀ ਪੈੜ ਜਮਾਈ ਹੈ ਤੇ ਨਾਮਣਾ ਖੱਟਿਆ ਹੈ। ਇਸ ਵਾਰ ਉਹਦੇ ਆਸਟ੍ਰੇਲੀਆ ਤੇ ਨਿਊਜ਼ੀਲੈਂਡ ਟੂਰ ਦੌਰਾਨ ਉਹਨੂੰ ਉਸ ਦੀ ਗਾਇਕੀ ਤੇ The Black Prince ਫ਼ਿਲਮ ਕਰਕੇ ਨਿਊਜ਼ੀਲੈਂਡ ਦੀ ਪਾਰਲੀਮੈਂਟ ਵੱਲੋਂ ਸਨਮਾਨਤ ਕੀਤਾ ਗਿਆ। ਨੈਸ਼ਨਲ ਪਾਰਟੀ ਲੀਡਰ ਸਾਈਮਨ ਬਰਿਜਸ ਵੱਲੋਂ ਰੱਖੇ ਸਨਮਾਨ ਸਮਾਰੋਹ ਵਿਚ ਵਲਿੰਗਟਨ ਦੀ ਐਮਪੀ. ਨਿਕੋਲਾ ਵਿਲਜ਼, ਸਿੱਖ ਐਮਪੀ. ਕੰਵਲਜੀਤ ਸਿੰਘ ਬਖ਼ਸ਼ੀ ਤੇ ਭਾਰਤੀ ਅੰਬੈਸਡਰ ਸੁਨੀਲ ਕੋਹਲੀ ਵੀ ਸ਼ਾਮਿਲ ਹੋਏ। ਸਤਿੰਦਰ ਸਰਤਾਜ ਪਹਿਲਾ ਪੰਜਾਬੀ ਗਾਇਕ ਹੈ ਜਿਸ ਦਾ ਨਿਊਜ਼ੀਲੈਂਡ ਪਾਰਲੀਮੈਂਟ ਵੱਲੋਂ ਸਨਮਾਨ ਕੀਤਾ ਗਿਆ ਹੈ।

ਸਤਿੰਦਰ ਸਰਤਾਜ ਨੂੰ ਇਸ ਤੋਂ ਪਹਿਲਾਂ ਵੀ ਅੰਤਰਰਾਸ਼ਟਰੀ ਸੰਸਥਾਵਾਂ ਇਸ ਤਰ੍ਹਾਂ ਦੇ ਸਨਮਾਨ ਦੇ ਚੁੱਕੀਆਂ ਹਨ। ਇਸ ਕਲਾਕਾਰ ਨੇ ਸੰਯੁਕਤ ਰਾਸ਼ਟਰ ਦਾ Human Trafficking ਦੇ ਵੱਡੇ ਪ੍ਰਾਜੈਕਟ ਵਿਚ ਅੰਬੈਸਡਰ ਬਣ ਕੇ ਸਿੱਖਾਂ ਦਾ ਨਾਮ ਉੱਚਾ ਕੀਤਾ। ਉਸ ਨੂੰ ਸਨਮਾਨਤ ਕਰਨ ਵਾਲ਼ਿਆਂ ਵਿਚ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਿੰਮੀ ਕਾਰਟਰ, ਕਨੇਡਾ ਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਕੈਲੇਫੋਰਨੀਆ ਪਾਰਲੀਮੈਂਟ ਆਦਿ ਵੀ ਸ਼ਾਮਿਲ ਰਹੇ ਹਨ। ਨਿਊਜ਼ੀਲੈਂਡ ਵਿਚ ਹੋਏ ਸਨਮਾਨ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਗੁਰਤੇਜ ਸਿੰਘ ਨੇ ਸਤਿੰਦਰ ਸਰਤਾਜ ਨੂੰ ਜੀ ਆਇਆਂ ਕਹਿੰਦੇ ਹੋਏ ਉਸ ਵਲੋਂ ਮਾਰੀਆਂ ਮੱਲਾਂ ਦਾ ਵੇਰਵਾ ਦਿੱਤਾ। ਸਤਿੰਦਰ ਸਰਤਾਜ ਵੱਲੋਂ ਅੰਗਰੇਜ਼ੀ ਵਿਚ ਦਿੱਤੀ ਪ੍ਰਭਾਵਸ਼ਾਲੀ ਤਕਰੀਰ ਨੂੰ ਸੁਨਣ ਤੋਂ ਬਾਅਦ ਵਲਿੰਗਟਨ ਐਮਪੀ. ਨਿਕੋਲਾ ਨੇ ਹੱਸ ਕੇ ਕਿਹਾ ਕਿ ਇਹ ਜਦੋਂ ਅੰਗਰੇਜ਼ੀ ਬੋਲਦਾ ਹੈ, ਪੰਜਾਬੀ ਨਹੀਂ ਲੱਗਦਾ ਸਗੋਂ ਨਿਊਜ਼ੀਲੈਂਡ ਦਾ ਹੀ ਲਗਦਾ ਹੈ। ਸਰਤਾਜ ਨੇ ਆਪਣੀ ਤਕਰੀਰ ਵਿਚ ਨਿਊਜ਼ੀਲੈਂਡ ਨੂੰ ਸੁਹਣਾ ਹੋਣ ਦੇ ਨਾਲ-ਨਾਲ ਇੱਕ ਸ਼ਾਂਤੀ-ਪਸੰਦ ਮੁਲਕ ਦੱਸਿਆ। ਉਸ ਨੇ ਕਰਾਈਸਟ ਚਰਚ ਦੀ ਘਟਨਾ ‘ਤੇ ਸ਼ੋਕ ਵੀ ਪ੍ਰਗਟ ਕੀਤਾ। ਸਰਤਾਜ ਨੇ ਸਾਈਮਨ ਬਰਿਜਸ ਨੂੰ ਮਖੌਲ ਕਰਦੇ ਹੋਏ, ਉਸ ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਭਰਾ ਦੱਸਿਆ। ਸਾਈਮਨ ਬਰਿਜਸ ਨੇ ਸਤਿੰਦਰ ਸਰਤਾਜ ਵੱਲੋਂ ਮਨੁੱਖਤਾ ਲਈ ਕੀਤੇ ਜਾ ਰਹੇ ਉਪਰਾਲੇ ਤੇ ਆਪਣੀ ਗਾਇਕੀ ਦੁਆਰਾ ਦਿੱਤੇ ਜਾ ਰਹੇ ਸੁਨੇਹੇ ਨੂੰ ਸਿਰਫ ਸਲਾਹਿਆ ਹੀ ਨਹੀਂ, ਸਗੋਂ ਕਿਹਾ ਕਿ ਅੰਤਰਰਾਸ਼ਟਰੀ ਭਾਈਚਾਰੇ ਵਿਚ ਇਸ ਦੀ ਬਹੁਤ ਜ਼ਰੂਰਤ ਹੈ। ਕੰਵਲਜੀਤ ਸਿੰਘ ਬਖ਼ਸ਼ੀ ਨੇ ਸਾਰੇ ਆਇਆਂ ਦਾ ਧੰਨਵਾਦ ਕੀਤਾ।




## ਕੋਲੰਬੀਆ ਯੂਨੀਵਰਸਿਟੀ ਦੇ ਪਾਠਕ੍ਰਮ 'ਚ ਸ਼ਾਮਿਲ ਹੈ ਅੰਬੇਦਕਰ ਦੀ ਆਤਮ ਕਥਾ

**ਕੋਲੰਬੀਆ/ਹੁਸਨ ਲੜੋਆ ਬੰਗਾ :** ਡਾ. ਅੰਬੇਦਕਰ ਦੀ ਆਤਮ ਕਥਾ "ਵੇਟਿੰਗ ਫਾਰ ਏ ਵੀਜ਼ਾ" ਕੋਲੰਬੀਆ ਯੂਨੀਵਰਸਿਟੀ ਦੇ ਪਾਠਕ੍ਰਮ ਦਾ ਹਿੱਸਾ ਬਣੀ ਹੋਈ ਹੈ। ਕੋਲੰਬੀਆ ਯੂਨੀਵਰਸਿਟੀ ਵਿਚ ਪ੍ਰੋ. ਫਰਾਂਸਜ



ਡਬਲਯੂ ਪ੍ਰਿਟਚੈਟ ਵਿਦਿਆਰਥੀਆਂ ਨੂੰ ਇਹ ਪੁਸਤਕ ਪੜ੍ਹਾਉਂਦੇ ਹਨ। ਗੌਰਤਲਬ ਹੈ ਕਿ ਅਮਰੀਕਾ ਵਿਚ ਬਹੁਤ ਘੱਟ ਲੋਕ ਹਨ, ਜਿਨ੍ਹਾਂ ਨੇ ਡਾ. ਅੰਬੇਦਕਰ ਦੀ ਸਵੈ-ਜੀਵਨੀ ਪੜ੍ਹੀ ਹੋਵੇਗੀ। ਅੰਬੇਦਕਰ ਨੇ ਆਪਣੀ ਆਤਮ ਕਥਾ ਸੰਨ 1935-36 ਵਿਚ ਅਮਰੀਕਾ ਤੇ ਯੂਰਪ ਤੋਂ ਵਾਪਿਸ ਆ ਕੇ ਲਿਖੀ ਸੀ। 20 ਸਫਿਆਂ ਦੀ ਇਸ ਆਤਮ ਕਥਾ ਵਿਚ ਅੰਬੇਦਕਰ ਨੇ ਛੂਆਛਾਤ ਸਬੰਧੀ ਆਪਣੇ ਤਜਰਬੇ ਤੇ ਕਠਿਨਾਈਆਂ ਦਾ ਵਰਣਨ ਕੀਤਾ ਹੈ। ਦਲਿਤ ਵਰਗ ਨਾਲ ਸਬੰਧਿਤ ਹੋਣ ਕਾਰਨ ਅੰਬੇਦਕਰ ਨੂੰ ਜੀਵਨ ਵਿਚ ਬਹੁਤ ਵਾਰ ਪ੍ਰਤੀਕੂਲ ਸਥਿਤੀਆਂ ਦਾ ਸਾਹਮਣਾ ਕਰਨਾ ਪਿਆ ਜਿਨ੍ਹਾਂ ਦਾ ਇਸ ਪੁਸਤਕ ਵਿਚ ਵਰਣਨ ਕੀਤਾ ਗਿਆ ਹੈ।

## ਪੰਜਾਬ ਤੋਂ ਇੰਗਲੈਂਡ ਘੁੰਮਣ ਆਏ ਹਰਦੀਪ ਸਿੰਘ ਨੂੰ ਜਿਣਸੀ ਛੇੜਛਾੜ ਮਾਮਲੇ 'ਚ ਇਕ ਸਾਲ ਦੀ ਕੈਦ

***ਜਹਾਜ਼ 'ਚ ਕੁੜੀ ਨਾਲ ਕੀਤੀ ਸੀ ਛੇੜਖਾਨੀ, ਸਜ਼ਾ ਪੂਰੀ ਹੋਣ ਤੋਂ ਬਾਅਦ ਹੋਵੇਗਾ ਦੇਸ਼-ਨਿਕਾਲਾ***

**ਲੰਡਨ /ਮਨਦੀਪ ਖੁਰਮੀ :**
ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਹਰਦੀਪ ਸਿੰਘ (35 ਸਾਲ) ਨੂੰ ਜਿਣਸੀ ਛੇੜਛਾੜ ਦੇ ਮਾਮਲੇ ਵਿਚ ਇੱਕ ਸਾਲ ਦੀ ਸਜ਼ਾ ਸੁਣਾਈ ਗਈ ਹੈ। ਲੰਘੇ ਫਰਵਰੀ ਮਹੀਨੇ ਵਾਪਰੀ ਇਸ ਘਟਨਾ ਦੌਰਾਨ ਉਹ ਸੈਲਾਨੀ ਵੀਜ਼ੇ 'ਤੇ ਇੰਗਲੈਂਡ ਆ ਰਿਹਾ ਸੀ। ਮੁੰਬਈ ਤੋਂ ਮਾਨਚੈਸਟਰ ਲਈ ਜਹਾਜ਼ ਵਿਚ ਬੈਠੇ ਹਰਦੀਪ ਸਿੰਘ ਨੂੰ ਆਪਣੇ ਨਾਲ ਵਾਲੀ ਸੀਟ ਉਤੇ ਬੈਠੀ 20 ਕੁ ਸਾਲਾ ਦੀ ਕੁੜੀ ਨਾਲ ਜਿਣਸੀ ਛੇੜਛਾੜ ਦਾ ਦੋਸ਼ੀ ਪਾਇਆ ਗਿਆ ਹੈ। ਮੁਕੱਦਮੇ ਦੀ ਕਾਰਵਾਈ ਮੁਕੰਮਲ ਹੋਣ ਤੋਂ ਬਾਅਦ ਮਿਨਸ਼ੁਲ ਸਟਰੀਟ ਕਰਾਊਨ ਕੋਰਟ ਵੱਲੋਂ ਉਸ ਨੂੰ ਇੱਕ ਸਾਲ ਦੀ ਸਜ਼ਾ ਸੁਣਾਈ ਹੈ।



ਛੇ ਮਹੀਨੇ ਦੇ ਸੈਲਾਨੀ ਵੀਜ਼ੇ 'ਤੇ ਇੰਗਲੈਂਡ ਆਏ ਹਰਦੀਪ ਸਿੰਘ ਹੁਣ ਇੱਕ ਸਾਲ ਜੇਲ੍ਹ ਦਾ ਦਾਣਾ ਪਾਣੀ ਛਕਣ ਉਪਰੰਤ ਹੀ ਭਾਰਤ ਵਾਪਸ ਭੇਜਿਆ ਜਾਵੇਗਾ। ਪੀੜਤ ਔਰਤ ਨੇ ਸੁਣਵਾਈ ਦੌਰਾਨ ਦੱਸਿਆ ਕਿ ਘਟਨਾ ਸਮੇਂ ਸਿਰੋਂ ਪਾਣੀ ਲੰਘਣ 'ਤੇ ਉਸ ਨੇ ਜਹਾਜ਼ ਦੇ ਪਿਛਲੇ ਪਾਸੇ ਵਾਲੇ ਸਟਾਫ ਨੂੰ ਇਸ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਹਰਦੀਪ ਸਿੰਘ ਨੂੰ ਉਸ ਔਰਤ ਕੋਲੋਂ ਪਾਸੇ ਕਰ ਦਿੱਤਾ ਗਿਆ ਤੇ ਸਟਾਫ ਵੱਲੋਂ ਪੁਲਿਸ ਨੂੰ ਸੂਚਿਤ ਕਰ ਦਿੱਤਾ ਗਿਆ। ਜਿਉਂ ਹੀ ਹਰਦੀਪ ਸਿੰਘ ਮਾਨਚੈਸਟਰ ਹਵਾਈ ਅੱਡੇ 'ਤੇ ਉੱਤਰਿਆ ਤਾਂ ਪੁਲਿਸ ਉਸ ਦੀ ਬੇਸਬਰੀ ਨਾਲ ਉਡੀਕ ਕਰ ਰਹੀ ਸੀ।

## ਗੁਰਪ੍ਰੀਤ ਸਿੰਘ ਦੇ ਹੱਤਿਆਰਿਆਂ ਦਾ ਹਾਲਾਂ ਕੋਈ ਸੁਰਾਗ ਨਹੀਂ ਮਿਲਿਆ

**ਲਾਸ ਏਂਜਲਸ/ਹੁਸਨ ਲੜੋਆ ਬੰਗਾ :**
ਡਾਊਨੀ ਵਿਖੇ ਪੈਰਾਮਾਊਂਟ ਬੁਲੇਵਰਡ ਨੇੜੇ ਆਪਣੇ ਲਿਕੁਰ ਸਟੋਰ ਉਪਰ ਕੰਮ ਕਰ ਰਹੇ 44 ਸਾਲਾ ਗੁਰਪ੍ਰੀਤ ਸਿੰਘ ਦੀ ਕੁਝ ਦਿਨ ਪਹਿਲਾਂ ਕਿਸੇ ਅਣਪਛਾਤੇ ਵਿਅਕਤੀ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇਹ ਕਾਰਾ ਕਰਨ ਵਾਲੇ ਦਾ ਅਜੇ ਤਕ ਕੋਈ ਸੁਰਾਗ ਨਹੀਂ ਮਿਲਿਆ। ਐਨਬੀਸੀ ਲਾਸ ਏਂਜਲਸ ਅਨੁਸਾਰ ਏ.ਐਸ.ਐਲ ਲਿਕੁਰ ਐਂਡ ਮਾਰਕੀਟ ਵਿਖੇ ਗੋਲੀਬਾਰੀ ਦੀ ਇਹ ਘਟਨਾ ਰਾਤ 11 ਵਜੇ ਦੇ ਕਰੀਬ ਵਾਪਰੀ। ਜਿਸ ਸਮੇਂ ਹਮਲਾ ਹੋਇਆ ਉਸ ਸਮੇਂ ਉਹ ਸਟੋਰ ਵਿਚ ਇਕੱਲਾ ਹੀ ਸੀ। ਅਜੇ ਤਕ ਇਹ ਪਤਾ ਨਹੀਂ ਲੱਗ ਸਕਿਆ ਕਿ ਗੁਰਪ੍ਰੀਤ ਸਿੰਘ ਦੀ ਹੱਤਿਆ ਨਸਲੀ ਹਿੰਸਾ ਤੋਂ ਪ੍ਰੇਰਤ ਹੈ ਜਾਂ ਨਿੱਜੀ ਦੁਸ਼ਮਣੀ ਦਾ ਸਿੱਟਾ ਹੈ ਅਤੇ ਜਾਂ ਲੁੱਟਮਾਰ ਦੇ ਮਕਸਦ ਨਾਲ ਕੀਤੀ ਗਈ ਹੈ। ਪੁਲਿਸ ਮਾਮਲੇ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ। ਮਾਰਕੀਟ ਵਿਚ ਲੱਗੇ ਇਕ ਕੈਮਰੇ 'ਚ ਵੇਖਿਆ ਗਿਆ ਕਿ ਇਕ ਵਿਅਕਤੀ ਤੇਜੀ ਨਾਲ ਭੱਜ ਰਿਹਾ ਹੈ ਪਰ ਉਸ ਦੀ ਪਛਾਣ ਕਰਨ 'ਚ ਮੁਸ਼ਕਿਲ ਆ ਰਹੀ ਹੈ। ਕੈਮਰੇ ਵਿਚ ਇਹ ਵੀ ਨਜ਼ਰ ਆ ਰਿਹਾ ਹੈ ਕਿ ਜਦੋਂ ਗੁਰਪ੍ਰੀਤ ਸਿੰਘ ਨੂੰ ਗੋਲੀ ਮਾਰੀ ਗਈ ਤਾਂ ਉਹ ਕਾਊਂਟਰ ਪਿਛੇ ਖੜ੍ਹਾ ਸੀ। ਪੁਲਿਸ ਵੱਖ-ਵੱਖ ਨਜ਼ਰੀਏ ਤੋਂ ਮਾਮਲੇ ਦੀ ਜਾਂਚ ਕਰ ਰਹੀ ਹੈ। ਇਸ ਘਟਨਾ ਤੋਂ ਬਾਅਦ ਸਿੱਖ ਭਾਈਚਾਰੇ ਵਿਚ ਰੋਸ ਪਾਇਆ ਜਾ ਰਿਹਾ ਹੈ।

## ਪਿਤਰੋਦਾ ਤੇ ਰਾਜਾ ਵੜਿੰਗ ਕੰਧ 'ਤੇ ਲਿਖਿਆ ਪੜ੍ਹ ਲੈਣ : ਡੱਲੇਵਾਲ

**ਲੰਡਨ/ਏਟੀ ਨਿਊਜ਼ :** ਯੂਨਾਈਟਿਡ ਖਾਲਸਾ ਦਲ ਯੂਕੇ ਵਲੋਂ ਕਿਹਾ ਗਿਆ ਹੈ ਕਿ ਸਿੱਖ ਤਵਾਰੀਖ ਵਿੱਚ ਵਾਪਰਿਆ ਜੂਨ-1984 ਦਾ ਖੂਨੀ ਘੱਲੂਘਾਰਾ ਅਤੇ ਇਸੇ ਵਰ੍ਹੇ ਨਵੰਬਰ ਮਹੀਨੇ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਯੋਜਨਾਬੱਧ ਤਰੀਕੇ ਨਾਲ ਸਿੱਖਾਂ ਦੇ ਹੋਏ ਵਿਆਪਕ ਕਤਲੇਆਮ ਨੂੰ ਕੋਈ ਵੀ ਸਿੱਖ ਕਦੇ ਵੀ ਨਹੀਂ ਭੁੱਲੇਗਾ। ਉਨ੍ਹਾਂ ਕਿਹਾ ਕਿ ਜੂਨ ਚੌਰਾਸੀ ਨੂੰ ਕਾਂਗਰਸ ਸਰਕਾਰ ਦੇ ਹੁਕਮ, ਭਾਜਪਾ ਦੀ ਸਿਫਾਰਸ਼ ਅਤੇ ਰਵਾਇਤੀ ਅਕਾਲੀਆਂ (ਬਾਦਲ, ਟੌਹੜਾ, ਲੌਂਗੋਵਾਲ, ਬਰਨਾਲਾ, ਰਾਮੂਵਾਲੀਆ) ਦੀ ਹਰੀ ਝੰਡੀ ਨਾਲ ਭਾਰਤੀ ਫੌਜ ਵਲੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਉਤੇ ਟੈਂਕਾਂ ਅਤੇ ਤੋਪਾਂ ਨਾਲ ਲੈਸ ਹੋ ਕੇ ਅੱਤ ਵਹਿਸ਼ੀ ਹਮਲਾ ਕੀਤਾ ਗਿਆ ਸੀ। ਇਹ ਦੁਖਾਂਤ ਸਿੱਖ ਤਵਾਰੀਖ ਵਿੱਚ ਤੀਜੇ ਘੱਲੂਘਾਰੇ ਵਜੋਂ ਜਾਣਿਆਂ ਜਾਂਦਾ ਰਹੇਗਾ ਅਤੇ ਇਸ ਘੱਲੂਘਾਰੇ ਦੌਰਾਨ ਮਹਾਂਪੁਰਸ਼ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਲਾਸਾਨੀ ਸ਼ਹਾਦਤ ਨਾਲ ਜੋ ਖਾਲਿਸਤਾਨ ਦਾ ਕੌਮੀ ਨਿਸ਼ਾਨਾ ਸਿਰਜਿਆ ਗਿਆ ਹੈ, ਉਸ ਦੀ ਪੂਰਤੀ ਲਈ ਸਿੱਖ ਕੌਮ ਲਗਾਤਾਰ ਸੰਘਰਸ਼ ਜਾਰੀ ਰੱਖ ਰਹੀ ਹੈ।

ਇਸ ਬਾਰੇ ਵਿਵਾਦਤ ਬਿਆਨ ਦੇਣ ਵਾਲੇ ਇੰਡੀਅਨ ਉਵਰਸੀਜ਼ ਕਾਂਗਰਸ ਦੇ ਚੇਅਰਮੈਨ ਸੈਮ ਪਿਤਰੋਦਾ ਨੂੰ ਕੰਧ 'ਤੇ ਲਿਖਿਆ ਪੜ੍ਹਨ ਦੀ ਸਲਾਹ ਦਿੰਦਿਆਂ ਯੂਨਾਈਟਿਡ ਖਾਲਸਾ ਦਲ ਯੂਕੇ ਵਲੋਂ ਕਿਹਾ ਗਿਆ ਕਿ ਸਿੱਖ ਕੌਮ ਜੂਨ 84 ਦੇ ਘੱਲੂਘਾਰੇ ਤੋਂ ਬਾਅਦ ਖਾਲਿਸਤਾਨ ਨੂੰ ਕੌਮੀ ਨਿਸ਼ਾਨਾ ਮਿਥ ਕੇ ਸੰਘਰਸ਼ ਲੜਿਆ ਜਾ ਰਿਹਾ ਹੈ ਜੋ ਕਿ ਫਤਿਹ ਤੱਕ ਜਾਰੀ ਰਹੇਗਾ। ਦਲ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਸੈਮ ਪਿਤਰੋਦਾ ਅਤੇ ਰਾਜਾ ਵੜਿੰਗ ਦੀ ਸਖਤ ਨਿਖੇਧੀ ਕਰਦਿਆਂ ਉਨ੍ਹਾਂ ਨੂੰ ਆਪਣੀ ਜ਼ੁਬਾਨ ਨੂੰ ਲਗਾਮ ਦੇਣ ਲਈ ਆਖਿਆ ਹੈ। ਉਨ੍ਹਾਂ ਕਿਹਾ ਕਿ ਇਹੋ ਜਿਹੇ ਸਿਆਸੀ ਲੋਕ ਸਿੱਖਾਂ ਦੀਆਂ ਭਾਵਨਾਵਾਂ ਨਾਲ ਖੇਡਦੇ ਹਨ ਅਤੇ ਸਰਕਾਰਾਂ ਵਲੋਂ ਸਿੱਖ ਕੌਮ ਨੂੰ ਦਿੱਤੇ ਜ਼ਖਮਾਂ 'ਤੇ ਆਏ ਦਿਨ ਲੂਣ ਛਿੜਕਦੇ ਰਹਿੰਦੇ ਹਨ।


DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਭਾਰਤੀ ਅੰਬੈਸੀ ਨੇ ਗੁਰੂ ਨਾਨਕ ਪਾਤਸ਼ਾਹ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸਾਖੀ ਸਮਾਗਮ ਧੂਮਧਾਮ ਨਾਲ ਮਨਾਇਆ





**ਵਾਸ਼ਿੰਗਟਨ ਡੀਸੀ/ਰਾਜ ਗੋਗਨਾ :** ਭਾਰਤੀ ਅੰਬੈਸੀ ਵੱਲੋਂ ਹਰ ਸਾਲ ਵਿਸਾਖੀ ਦਾ ਸਮਾਗਮ ਅੰਬੈਸਡਰ ਦੀ ਰਿਹਾਇਸ਼ 'ਤੇ ਮਨਾਇਆ ਜਾਂਦਾ ਹੈ। ਇਸ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਆਗਮਨ ਪੁਰਬ ਨੂੰ ਸਮਰਪਿਤ ਇਹ ਵਿਸਾਖੀ ਵੱਖਰੀ ਛਾਪ ਛੱਡ ਗਈ। ਭਾਰਤੀ ਅੰਬੈਸੀ ਦੇ ਅਧਿਕਾਰੀਆਂ ਵੱਲੋਂ ਦਿਨ ਰਾਤ ਇੱਕ ਕਰਕੇ ਇਸ ਦਿਹਾੜੇ ਮੌਕੇ ਪੰਜਾਬ ਦੀ ਵਿਰਾਸਤ ਨੂੰ ਦਰਸਾਉਣ ਦੀ ਬਾਖੂਬ ਕੋਸ਼ਿਸ਼ ਕੀਤੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਦਸਤਾਰਬੰਦੀ ਨਾਲ ਕੀਤੀ ਗਈ, ਜਿਸ ਵਿੱਚ ਸਿੱਖਸ ਆਫ ਅਮਰੀਕਾ ਦੀ ਟੀਮ ਨੇ ਦਸਤਾਰਾਂ ਸਜਾਈਆਂ। ਭਾਰਤੀ ਅੰਬੈਸਡਰ ਹਰਸ਼ ਵਰਧਨ ਸ਼ਰਿੰਗਲਾ ਦੇ ਪਹਿਲੀ ਦਸਤਾਰ ਸਜਾਈ ਗਈ ਤੇ ਅੰਬੈਸੀ ਦੇ ਪੂਰੇ ਸਟਾਫ, ਕਮਿਊਨਿਟੀ ਲੀਡਰਾਂ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲਿਆਂ ਨੇ ਦਸਤਾਰਾਂ ਸਜਾ ਵਿਸਾਖੀ ਸਮਾਗਮ ਨੂੰ ਪ੍ਰਣਾਮ ਕੀਤਾ।

ਰੰਗਾਰੰਗ ਪ੍ਰੋਗਰਾਮ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਸ਼ਬਦ ਸਰਵਣ ਕਰਵਾਇਆ ਗਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸੇ ਦੀ ਸਿਰਜਣਾ ਨੂੰ ਯਾਦ ਕੀਤਾ। ਉਪਰੰਤ ਸਿਮਰਨ ਕੌਰ ਨੇ ਖਾਲਸੇ ਦੀ ਮਹੱਤਤਾ ਅਤੇ ਵਿਸਾਖੀ ਦੀ ਅਹਿਮੀਅਤ ਨੂੰ ਆਪਣੇ ਲਫਜ਼ਾਂ ਵਿੱਚ ਬਿਆਨ ਕੀਤਾ।

ਜਿਉਂ ਹੀ ਢੋਲ ਦੇ ਡੱਗੇ ਦੀ ਆਵਾਜ਼ ਆਈ ਤਾਂ ਪੰਜਾਬੀ ਮੁਟਿਆਰਾਂ ਨੇ ਗਿੱਧੇ ਭੰਗੜੇ ਨੂੰ ਸਾਂਝੇ ਤੌਰ 'ਤੇ ਅਜਿਹਾ ਪੇਸ਼ ਕੀਤਾ। ਮਾਰਸ਼ਲ ਆਰਟ ਦੀ ਪੇਸ਼ਕਾਰੀ ਦੌਰਾਨ ਗੱਤਕੇ ਦੇ ਜੌਹਰਾਂ ਨੇ ਆਏ ਸਰੋਤਿਆਂ ਵਿੱਚ ਜੋਸ਼ ਭਰ ਦਿੱਤਾ। ਰੰਗਾ ਰੰਗ ਪ੍ਰੋਗਰਾਮ ਪੂਰਨ ਤੌਰ ਤੇ ਧਾਰਮਿਕ ਰਹੁਰੀਤਾਂ ਅਤੇ ਸੰਸਕ੍ਰਿਤੀ ਨੂੰ ਸਮਰਪਿਤ ਰਿਹਾ।ਭਾਰਤੀ ਅੰਬੈਸਡਰ ਹਰਸ਼ ਵਰਧਨ ਨੇ ਕਿਹਾ ਕਿ ਭਾਰਤੀ ਕਮਿਊਨਿਟੀ ਹਰ ਤਿਉਹਾਰ ਨੂੰ ਰਹੁਰੀਤਾਂ ਨਾਲ ਮਨਾਉਣ ਵਿੱਚ ਯੋਗਦਾਨ ਪਾਉਂਦੀ ਹੈ, ਇਸੇ ਕਰਕੇ ਅਜਿਹੇ ਸਮਾਗਮ ਕਾਮਯਾਬੀ ਅਖਤਿਆਰ ਕਰਦੇ ਹਨ। ਉਨ੍ਹਾਂ ਕਿਹਾ ਜਿੱਥੇ ਤੁਸੀਂ ਸਾਰੇ ਵਧਾਈ ਦੇ ਪਾਤਰ ਹੋ ਉੱਥੇ ਕਮਿਊਨਿਟੀ ਦੀ ਸ਼ਮੂਲੀਅਤ ਅੱਜ ਦੇ ਸਮਾਗਮ ਨੂੰ ਚਾਰ ਚੰਨ ਲਾ ਗਈ ਹੈ। ਵਿਦੇਸ਼ਾਂ ਵਿੱਚ ਬੈਠੇ ਪੰਜਾਬੀ, ਭਾਰਤੀ ਹਰ ਪਾਸੇ ਮੱਲਾਂ ਮਾਰ ਰਹੇ ਹਨ, ਜਿਸ ਕਰਕੇ ਭਾਰਤ ਸੰਸਾਰ ਦੇ ਅਹਿਮ ਮੁਲਕਾਂ ਵਿੱਚ ਆਪਣੀ ਥਾਂ ਬਣਾ ਗਿਆ ਹੈ। ਮੇਰੀ ਕੋਸ਼ਿਸ਼ ਹੈ ਕਿ ਕਮਿਊਨਿਟੀ ਮਿਲਜੁਲ ਕੇ ਅੱਗੇ ਵਧੇ ਅਤੇ ਤਰੱਕੀ ਕਰੇ।

ਸਮਾਗਮ ਵਿੱਚ ਪੰਜਾਬੀਆਂ ਨੇ ਲੱਸੀ, ਮੱਕੀ ਦੀ ਰੋਟੀ, ਸਰੋਂ ਦੇ ਸਾਗ ਸਮੇਤ ਹੋਰ ਪੰਜਾਬੀ ਖਾਣਿਆਂ ਦਾ ਲੁਤਫ ਲਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਆਗਮਨ ਪੁਰਬ ਨੂੰ ਸਮਰਪਿਤ ਪ੍ਰਦਰਸ਼ਨੀ ਵਿੱਚ ਗੁਰੂ ਨਾਨਕ ਜੀ ਦੀ ਜੀਵਨ ਗਾਥਾ ਤੋਂ ਲੈ ਕੇ, ਉਸ ਸਮੇਂ ਦੇ ਸਾਜਾਂ ਦੇ ਪ੍ਰਦਰਸ਼ਨ ਨੇ ਇਸ ਨੂੰ ਖਾਸ ਬਣਾ ਦਿੱਤਾ। ਇਸ ਤਰ੍ਹਾਂ ਇਹ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਯਾਦ ਕਰਵਾ ਗਿਆ।

ਇਸ ਵਿਸਾਖੀ ਸਮਾਗਮ ਵਿੱਚ ਨਿਊਯਾਰਕ, ਕੈਲੀਫੋਰਨੀਆ, ਨਿਊਜਰਸੀ, ਡੈਲਵੇਅਰ ਤੋਂ ਵੀ ਕਮਿਊਨਿਟੀ ਲੀਡਰਾਂ ਨੇ ਸ਼ਮੂਲੀਅਤ ਕੀਤੀ, ਜਿਸ ਵਿੱਚ ਮੁੱਖ ਤੌਰ ਤੇ ਸੁੱਖੀ ਚਹਿਲ, ਜਸਦੀਪ ਸਿੰਘ ਜੱਸੀ, ਬਲਜਿੰਦਰ ਸਿੰਘ, ਚਤਰ ਸਿੰਘ, ਮਨਿੰਦਰ ਸਿੰਘ ਸੇਠੀ, ਗੁਰਿੰਦਰ ਸਿੰਘ ਸੇਠੀ, ਇੰਦਰਜੀਤ ਸਿੰਘ ਗੁਜਰਾਲ, ਦਲਵੀਰ ਸਿੰਘ, ਗੁਰਚਰਨ ਸਿੰਘ, ਗੁਰਭੇਜ ਸਿੰਘ, ਪਵਨ ਬੈਜਵਾੜਾ, ਮੋਨੀ ਗਿੱਲ, ਹਰਜੀਤ ਸਿੰਘ ਹੁੰਦਲ, ਡਾ. ਸੁਖਪਾਲ ਸਿੰਘ ਧਨੋਆ, ਡਾ. ਸੁਰੇਸ਼ ਗੁਪਤਾ, ਡਾ. ਸਕਸੇਰੀਆ ਅਤੇ ਪਰਮਜੀਤ ਸਿੰਘ ਬੇਦੀ ਸ਼ਾਮਲ ਸਨ। ਸੁਰਿੰਦਰ ਸਿੰਘ ਇੰਜੀਨੀਅਰ, ਡਾ. ਸਾਹਨੀ, ਅੰਜਨਾ ਤੇ ਕੀਰਤੀ ਦਾ ਇਸ ਸਮਾਗਮ ਵਿਚ ਖਾਸ ਯੋਗਦਾਨ ਰਿਹਾ।ਭਾਰਤੀ ਅੰਬੈਸੀ ਦਾ ਪੂਰਾ ਸਟਾਫ ਇਸ ਸਮਾਗਮ ਦੀ ਕਾਮਯਾਬੀ ਲਈ ਵਧਾਈ ਦਾ ਪਾਤਰ ਹੈ ਜਿਨ੍ਹਾਂ ਨੇ ਇਸ ਦੇ ਸੁਚੱਜੇ ਪ੍ਰਬੰਧ ਵਿੱਚ ਆਪਣੀ ਪੂਰੀ ਵਾਹ ਲਾਈ।

## ਕਾਲੀ ਸੂਚੀ ਵਿਚਲੇ ਸਿੱਖਾਂ ਨੂੰ ਭਾਰਤੀ ਪਾਸਪੋਰਟ ਤੇ ਵੀਜ਼ਾ ਸੇਵਾਵਾਂ ਦੇਣ ਦੀਆਂ ਹਦਾਇਤਾਂ

**ਸਨਫਰਾਂਸਿਸਕੋ/ਹੁਸਨ ਲੜੋਆ ਬੰਗਾ :** ਭਾਰਤ ਸਰਕਾਰ ਨੇ ਸਥਾਨਕ ਭਾਰਤੀ ਕੌਂਸਲਖਾਨੇ ਨੂੰ ਕਿਹਾ ਕਿ ਅਮਰੀਕਾ ਵਿਚ ਰਾਜਸੀ ਸ਼ਰਨ ਲੈ ਕੇ ਰਹਿ ਰਹੇ ਸਿੱਖਾਂ ਨੂੰ ਕੌਂਸਲਖਾਨੇ ਦੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਜਾਣ। ਨਵੀਂ ਨੀਤੀ ਨਾਲ ਭਾਰਤੀ ਕੌਂਸਲਖਾਨੇ ਦੀ ਕਾਲੀ ਸੂਚੀ ਖਤਮ ਹੋ ਜਾਵੇਗੀ। ਅਮਰੀਕਾ ਵਿਚ ਰਾਜਸੀ ਸ਼ਰਨ ਲੈ ਕੇ ਰਹਿ ਰਹੇ ਜਿਹੜੇ ਅਮਰੀਕੀ ਸਿੱਖਾਂ ਨੂੰ ਇਸ ਕਾਲੀ ਸੂਚੀ ਵਿਚ ਪਾਇਆ ਹੋਇਆ ਹੈ, ਉਹ ਹੁਣ ਭਾਰਤੀ ਪਾਸਪੋਰਟ ਤੇ ਵੀਜ਼ਾ ਲੈ ਸਕਣਗੇ। ਇੰਡੀਅਨ ਅਮਰੀਕਨ ਸਿੱਖ ਕਮਿਊਨਿਟੀ ਨੇ ਭਾਰਤ ਸਰਕਾਰ ਦੇ ਇਸ ਕਦਮ ਦਾ ਸਵਾਗਤ ਕੀਤਾ ਹੈ। ਭਾਰਤੀ ਕੌਂਸਲੇਟ ਜਨਰਲ ਸਨਫਰਾਂਸਿਸਕੋ ਸੰਜੇ ਪਾਂਡਾ ਨੇ ਦੱਸਿਆ ਕਿ ਵਿਸ਼ਵ ਭਰ ਦੇ ਕੌਂਸਲਖਾਨਿਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਨਾਂ ਸਿੱਖ ਰਾਜਸੀ ਸ਼ਰਨਾਰਥੀਆਂ ਨੂੰ ਸੇਵਾਵਾਂ ਮੁਹੱਈਆ ਕਰਵਾਈਆਂ ਜਾਣ ਜੋ ਮੂਲ ਰੂਪ ਵਿਚ ਪੰਜਾਬ ਦੇ ਵਾਸੀ ਹਨ। ਪਾਂਡਾ ਨੇ ਕਿਹਾ ਕਿ ਅਸੀਂ ਨਵੀਂ ਨੀਤੀ ਦਾ ਸਵਾਗਤ ਕਰਦੇ ਹਾਂ, ਇਸ ਨੂੰ ਲਾਗੂ ਕੀਤਾ ਜਾ ਰਿਹਾ ਹੈ।












# ਸਿੱਖ ਨੇਵੀ ਫੌਜੀ ਦੀ ਹੱਤਿਆ ਕਾਰਨ ਭਾਈਚਾਰੇ ’ਚ ਰੋਸ ਦੀ ਲਹਿਰ

## ਮਰਹੂਮ ਇਨਾਹਿਤਦੀਪ ਸਿੰਘ ਸੰਧੂ ਨੂੰ ਸਿਆਟਲ ਵਿਖੇ ਅੰਤਿਮ ਵਿਦਾਇਗੀ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :**

ਅੰਮ੍ਰਿਤਸਰ ਦੇ ਜੰਮਪਲ ਕੈਂਟ-ਸਿਆਟਲ ਦੇ ਵਸਨੀਕ ਯੁਵਰਾਜ ਸਿੰਘ ਸੰਧੂ ਦੇ ਵੱਡੇ ਲੜਕੇ ਅਮਰੀਕਨ ਨੇਵੀ ਦੇ ਫੌਜੀ ਇਨਾਹਿਤਦੀਪ ਸਿੰਘ ਸੰਧੂ (20 ਸਾਲ) ਦੀ ਜੌਰਜੀਆ ਵਿਚ ਗੋਲੀਆਂ ਮਾਰ ਕੇ ਹੱਤਿਆ ਤੋਂ ਬਾਅਦ ਪੰਜਾਬੀ ਭਾਈਚਾਰੇ ਵਿਚ ਰੋਸ ਦੀ ਲਹਿਰ ਹੈ। ਕੈਂਟ ਦੇ ਸ਼ਮਸ਼ਾਨਘਾਟ ਵਿਚ ਪੰਜਾਬੀ ਭਾਈਚਾਰੇ ਦੀ ਭਾਰੀ ਸੰਗਤ ਦੀ ਮੌਜੂਦਗੀ ਵਿਚ ਪਰਿਵਾਰਕ ਮੈਂਬਰਾਂ ਨੇ ਰੋਂਦਿਆਂ ਕੁਰਲਾਉਂਦਿਆਂ ਇਨਾਹਿਤਦੀਪ ਸਿੰਘ ਸੰਧੂ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਅਤੇ ਗੁਰਦੁਆਰਾ ਸੱਚਾ ਮਾਰਗ ਸਹਿਜ ਪਾਠ ਦੇ ਭੋਗ ਪੈਣ ਉਪਰੰਤ ਗਿਆਨੀ ਮੋਹਣ ਸਿੰਘ ਨੇ ਅੰਤਮ ਅਰਦਾਸ ਕੀਤੀ। ਇਸ ਮੌਕੇ ਯੁਵਰਾਜ ਸਿੰਘ ਸੰਧੂ ਦੇ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਨਜ਼ਦੀਕੀ ਦੋਸਤਾਂ ਨੇ ਨੌਸ਼ਹਿਰੇ ਢਾਲਾ ਦੇ ਜੋਗਾ ਸਿੰਘ ਸੰਧੂ ਦੀ ਅਗਵਾਈ ਵਿਚ ਸ਼ਾਮਲ ਹੋ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਬਾਬਾ ਬੁੱਢਾ ਸੰਸਥਾ ਦੇ ਪ੍ਰਧਾਨ ਸਤਵਿੰਦਰ ਸਿੰਘ ਸੰਧੂ, ਅਮਰਪਾਲ ਸਿੰਘ ਕਾਹਲੋਂ ਤੋਂ ਇਲਾਵਾ ਵੱਖ ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ, ਕੈਂਟਵੁੱਡ ਹਾਈ ਸਕੂਲ ਦੇ ਸਟਾਫ਼ ਤੇ ਵਿਦਿਆਰਥੀਆਂ ਨੇ ਵੀ ਅੰਤਿਮ ਵਿਦਾਇਗੀ ਵਿਚ ਸ਼ਾਮਲ ਹੋ ਕੇ ਪਰਿਵਾਰ ਨਾਲ ਦੁਖ ਸਾਂਝਾ ਕੀਤਾ। ਨੌਜਵਾਨ ਤੇ ਹੋਣਹਾਰ ਸੰਧੂ ਇਕ ਸਾਲ ਪਹਿਲਾਂ ਹੀ ਅਮਰੀਕਨ ਨੇਵੀ ਵਿਚ ਭਰਤੀ ਹੋਇਆ ਸੀ ਅਤੇ ਟਰੈਕਿੰਗ ਤੋਂ ਬਾਅਦ ਸਾਊਥ ਕੈਰੋਲੀਨਾ ਵਿਚ ਨਾਲ ਦੇ ਫੌਜੀ ਗੋਰੇ ਨੂੰ ਮਿਲਣ ਗਿਆ ਸੀ। ਇਥੋਂ ਇਹ ਦੋਨੋਂ ਫੌਜੀ ਇਕ ਹੋਰ ਲੜਕੇ ਨੂੰ ਜੌਰਜੀਆ ਵੀਲਾ ਅਪਾਰਟਮੈਂਟ ਵਿਚ



ਮਿਲਣ ਲਈ ਚਲੇ ਗਏ, ਜਿੱਥੇ ਉਸੇ ਅਪਾਰਟਮੈਂਟ ਵਿਚ ਰਹਿੰਦੇ 25 ਸਾਲਾ ਕਾਲਾ ਰਾਊਨਟਰੀ ਨੇ ਲੁੱਟਣ ਦੀ ਭਾਵਨਾ ਨਾਲ ਸੰਧੂ ਦੇ 3 ਗੋਲੀਆਂ ਮਾਰੀਆਂ ਜਿਸ ਕਰਕੇ ਹਸਪਤਾਲ ਐਮਰਜੈਂਸੀ ਵਿਚ ਉਸ ਦੀ ਮੌਤ ਹੋ ਗਈ। ਅਮਰੀਕਨ ਮੈਰੀਨ ਫੌਜ ਦੇ ਜਵਾਨਾਂ ਨੇ ਅੰਤਿਮ ਵਿਦਾਇਗੀ ਸਮੇਂ ਮ੍ਰਿਤਕ ਦੇਹ ਨੂੰ ਸਲਾਮੀ ਦਿੱਤੀ ਅਤੇ ਅਮਰੀਕਨ ਫੌਜ ਵਲੋਂ ਦੁੱਖ ਪ੍ਰਗਟ ਕੀਤਾ।

## ਸੈਨਹੋਜ਼ੇ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ

**ਸੈਨਹੋਜ਼ੇ/ਪ੍ਰਮਿੰਦਰ ਸਿੰਘ ਪ੍ਰਵਾਨਾ :** ਸੈਨਹੋਜ਼ੇ ਨਿਵਾਸੀ ਅਤੇ ਧਾਰਮਿਕ ਕਵੀਆਂ ਦਰਬਾਰਾਂ ਦੇ ਮੋਹਰੀ ਤਰਸੇਮ ਸਿੰਘ ਸੁੰਮਨ ਜੀ ਦੇ ਗ੍ਰਹਿ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕਥਾ ਕੀਰਤਨ ਦੇ ਨਾਲ-ਨਾਲ ਵਿਸ਼ੇਸ਼ ਤੌਰ ’ਤੇ ਅਮਰੀਕੀ ਪੰਜਾਬੀ ਕਵੀਆਂ ਨੂੰ ਵੀ ਸੱਦਾ ਦਿੱਤਾ ਗਿਆ।

ਪ੍ਰਵਾਨਾ ਵਲੋਂ ਮੰਚ ਸੰਭਾਲਦਿਆਂ ਦੱਸਿਆ ਗਿਆ ਕਿ ਅਮਰੀਕੀ ਪੰਜਾਬੀ ਕਵੀਆਂ ਵਲੋਂ ਦੂਰ ਦਰਾਜ ਦੇ ਗੁਰਦੁਆਰਿਆਂ ਵਿਚ ਸਜਦੇ ਦੀਵਾਨਾਂ ਵਿਚ ਧਾਰਮਿਕ ਕਵੀ ਦਰਬਾਰ ਵੀ ਸਜਾਏ ਜਾਂਦੇ ਹਨ, ਜਿਸ ਦਾ ਮਨੋਰਥ ਸਾਹਿਬ ਏ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਧਾਰਮਿਕ ਕਵੀ ਦਰਬਾਰਾਂ ਤੋਂ ਸੇਧ ਲੈ ਕੇ ਪ੍ਰਚਾਰ ਕਰਨਾ ਹੈ। ਇਸ ਕਵੀ ਦਰਬਾਰ ਵਿਚ ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮੌਂਟ, ਤਰਸੇਮ ਸਿੰਘ ਸੁੰਮਨ, ਮਹਿੰਦਰ ਪਾਲ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਗੁਰਇਤਿਹਾਸ ਦੀਆਂ ਕਵਿਤਾਵਾਂ ਸਾਂਝੀਆਂ ਕੀਤੀਆਂ। ਅੰਤ ਵਿਚ ਪ੍ਰਵਾਨਾ ਨੇ ਕਿਹਾ ਕਿ ਸੁੰਮਨ ਪਰਿਵਾਰ ਵਧਾਈ ਦਾ ਪਾਤਰ ਹੈ ਜਿਨ੍ਹਾਂ ਨੇ ਇਸ ਪ੍ਰੋਗਰਾਮ ਵਿਚ ਕਵੀਆਂ ਦਾ ਸਨਮਾਨ ਕਰਨ ਵੀ ਵੀ ਪ੍ਰਿਤ ਪਾਈ ਹੈ। ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਅਜਿਹੇ ਪ੍ਰੋਗਰਾਮ ਸਫ਼ਲ ਹੁੰਦੇ ਹਨ।

# ਮਾਂ ਖੇਡ ਕਬੱਡੀ ਨੂੰ ਉਤਸ਼ਾਹਿਤ ਕਰਨ ਲਈ ਬੇਏਰੀਆ ਸਪੋਰਟਸ ਕਲੱਬ ਦੀ ਸ਼ਲਾਘਾ

## *ਸਪਾਂਸਰਾਂ ਤੇ ਸਹਿਯੋਗੀਆਂ ਨੂੰ ਮਾਣ ਸਨਮਾਨ ਨਾਲ ਦਿੱਤਾ ਗਿਆ ਡਿਨਰ*

**ਯੂਨੀਅਨ ਸਿਟੀ/ਐੱਸ.ਅਸ਼ੋਕ. ਭੌਰਾ :**

ਕਬੱਡੀ ਦੇ ਖੇਤਰ ਵਿਚ ਨਾਮਣਾ ਖੱਟਣ ਅਤੇ ਉੱਤਰੀ ਅਮਰੀਕਾ ਵਿਚ ਲਗਾਤਾਰ ਜਿੱਤਾਂ ਦੀ ਝੰਡੀ ਨਾਲ ਬੇਹੱਦ ਸਤਿਕਾਰ ਹਾਸਲ ਕਰਨ ਵਾਲੇ ਬੇਏਰੀਆ ਸਪੋਰਟਸ ਕਲੱਬ ਵਲੋਂ ਲੰਘੇ ਸ਼ੁੱਕਰਵਾਰ ਨੂੰ ਇੱਥੇ ਰਾਜਾ ਸਵੀਟਸ ਵਿਖੇ ਆਪਣੇ ਸਹਿਯੋਗੀਆਂ ਅਤੇ ਸਪਾਂਸਰਾਂ ਦੇ ਮਾਣ ਸਨਮਾਨ, ਸਤਿਕਾਰ ਅਤੇ ਵਰਤਮਾਨ ਕਬੱਡੀ ਦੀਆਂ ਪ੍ਰਸਥਿਤੀਆਂ ’ਤੇ ਵਿਚਾਰ ਚਰਚਾ ਲਈ ਇਕ ਵਿਸ਼ੇਸ਼ ਡਿਨਰ ਸਮਾਗਮ ਦਾ ਅਯੋਜਨ ਕੀਤਾ ਗਿਆ। ਇਸ ਵਿਚ ਵੱਡੀ ਗਿਣਤੀ ’ਚ ਕਬੱਡੀ ਪ੍ਰੇਮੀ ਤੇ ਹਮਦਰਦ ਸ਼ਾਮਿਲ ਹੋਏ। ਇਸ ਮੌਕੇ ’ਤੇ ਬੋਲਦਿਆਂ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਕਬੱਡੀ ਖਿਡਾਰੀ ਅਤੇ ਬੇਏਰੀਆ ਸਪੋਰਟਸ ਕਲੱਬ ਦੇ ਕੋ-ਫਾਊਂਡਰ ਅਤੇ ਚੋਣਕਾਰ ਤੀਰਥ ਗਾਖਲ ਨੇ



ਬੋਲਦਿਆਂ ਕਿਹਾ ਕਿ ਬੇਏਰੀਆ ਸਪੋਰਟਸ ਕਲੱਬ ਆਪਣੀ ਇਕ ਥਾਂ ਰੱਖਦਾ ਹੈ। ਸਭ ਤੋਂ ਵੱਡੀ ਮਾਣ ਵਾਲੀ ਗੱਲ ਹੈ ਕਿ ਦੁਨੀਆਂ ਭਰ ਦੇ ਧੁਨੰਤਰ ਕਬੱਡੀ ਖਿਡਾਰੀ ਇਸ ਕਲੱਬ ਲਈ ਖੇਡ ਰਹੇ ਹਨ ਅਤੇ ਖੇਡਦੇ ਆਏ ਹਨ। ਉਨ੍ਹਾਂ ਇਸ ਕਲੱਬ ਲਈ ਸ਼ੁੱਭਕਾਮਨਾਵਾਂ ਭੇਟ ਕਰਦਿਆਂ ਕਿਹਾ ਕਿ ਹਾਲੇ ਹੋਰ ਵੀ ਨਵੀਆਂ ਪ੍ਰਾਪਤੀਆਂ ਦਾ ਇਤਿਹਾਸ ਜੁੜੇਗਾ। ਬੇਏਰੀਆ ਸਪੋਰਟਸ ਕਲੱਬ ਦੇ ਰੂਹੇ ਰਵਾਂ ਬਲਜੀਤ ਸਿੰਘ ਸੰਧੂ ਨੇ ਕਲੱਬ ਦੇ ਇਤਿਹਾਸ ਦੀਆਂ ਪ੍ਰਾਪਤੀਆਂ ’ਤੇ ਚਾਨਣਾ ਪਾਉਂਦਿਆਂ ਕਿਹਾ ਕਿ 2006 ਵਿਚ ਇਸ ਕਲੱਬ ਦੀ ਸਥਾਪਨਾ ਕੀਤੀ ਗਈ ਸੀ। ਤਕਰੀਬਨ 12 ਵਰ੍ਹਿਆਂ ਦੇ ਵਕਫੇ ਵਿਚ ਵਿਸ਼ਵ ਭਰ ਦੇ ਕਬੱਡੀ ਖੇਤਰ ਵਿਚ ਬੇਏਰੀਆ ਸਪੋਰਟਸ ਕਲੱਬ ਦਾ ਨਾਮ ਹੈ, ਇਹ ਸਾਰਾ ਕੁਝ ਸਹਿਯੋਗੀਆਂ ਅਤੇ ਸਪਾਂਸਰਾਂ ਕਰਕੇ ਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਵਕਤ ਦੇ ਨਾਲ ਹਾਂ ਅਤੇ ਕਬੱਡੀ ਫੈਡਰੇਸ਼ਨਾਂ ਦਾ ਸਤਿਕਾਰ ਕਰਦੇ ਹਾਂ ਪਰ ਬੁਰੇ ਵਕਤ ’ਚ ਖਿਡਾਰੀਆਂ ਨੂੰ ਵੀ ਗਲ ਨਾਲ ਲਾ ਕੇ ਰੱਖਣ ਦੀ ਜ਼ਰੂਰਤ ਹੈ। ਕਲੱਬ ਦਹਾਕਿਆਂ ਤੱਕ ਕਬੱਡੀ ਨੂੰ ਨਵੀਆਂ ਲੀਹਾਂ ਪ੍ਰਦਾਨ ਕਰਨ ਲਈ ਯਤਨਸ਼ੀਲ ਰਹੇਗਾ। ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਦੇ ਸੰਚਾਲਕ ਰਣਧੀਰ ਸਿੰਘ ਧੀਰਾ ਨਿੱਝਰ ਨੇ ਕਿਹਾ ਕਿ ਸਾਡਾ ਮਾਣ ਸਤਿਕਾਰ ਵੀ ਖਿਡਾਰੀਆਂ ਕਰਕੇ ਹੀ ਹੈ। ਇਹ ਨਹੀਂ ਕਿ ਜੇ ਬੁਰਾ ਵਕਤ ਹੈ ਤਾਂ ਉਨ੍ਹਾਂ ਦਾ ਸਾਥ ਛੱਡਿਆ ਜਾਵੇ। ਅਸੀਂ ਨਸ਼ਾ ਮੁਕਤ ਤੇ ਸਾਫ ਸੁਥਰੀ ਕਬੱਡੀ ਦੇ ਹੱਕ ਵਿਚ ਵੀ ਹਾਂ ਅਤੇ ਖਿਡਾਰੀਆਂ ਦੇ ਨਾਲ ਵੀ ਖੜ੍ਹੇ ਹਾਂ। ਉਨ੍ਹਾਂ ਦੁੱਖ ਜ਼ਾਹਿਰ ਕੀਤਾ ਕਿ ਕਬੱਡੀ ਦੇ ਧੁਨੰਤਰ ਖਿਡਾਰੀਆਂ ‘ਤੇ ਦਾਗੀ ਹੋਣ ਦੇ ਦੋਸ਼ ਲੱਗੇ ਹਨ। ਯੁਨਾਈਟਡ ਸਪੋਰਟਸ ਕਲੱਬ ਦੇ ਪ੍ਰਧਾਨ ਜੁਗਰਾਜ ਸਿੰਘ ਸਹੋਤਾ ਨੇ ਪਿਛਲੇ ਤਿੰਨ ਸਾਲਾਂ ਤੋਂ ਬੇਏਰੀਆ ਸਪੋਰਟਸ ਕਲੱਬ ਵਲੋਂ ਕਬੱਡੀ ਕੱਪ ਜਿੱਤਣ ’ਤੇ ਬੇਏਰੀਆ ਸਪੋਰਟਸ ਕਲੱਬ ਅਤੇ ਸੰਧੂ ਭਰਾਵਾਂ ਨੂੰ ਸ਼ੁੱਭ ਕਾਮਨਾਵਾਂ ਭੇਟ ਕੀਤੀਆਂ ਅਤੇ ਕਲੱਬ ਦੇ ਹਰ ਤਰ੍ਹਾਂ ਦੇ ਸਹਿਯੋਗ ਦਾ ਵਾਅਦਾ ਵੀ ਕੀਤਾ। ਬੇਏਰੀਆ ਸਪੋਰਟਸ ਕਲੱਬ ਦੇ ਚੇਅਰਮੈਨ ਚਰਨਜੀਤ ਸਿੰਘ ਸੰਧੂ, ਮੈਨੇਜਰ ਸੁਖਜੀਤ ਸਿੰਘ ਸੰਧੂ,

ਬਾਕੀ ਸਫ਼ਾ 29 ’ਤੇ


# WHITE HAWK TRUCKING INC

## *Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

*Call for more Info:*

510 774 4191 (Kuljit Singh)

209 242 9569 (Dispatched)

209 564 8899 (Davinder Singh)

209 345 6968 (Ranthir Singh)

**2101 MARTIN LUTHER KING JR WAY STOCKTON, CA 95205**

# ਭਾਰਤੀ ਨੇਤਾਵਾਂ ਦੀ ਬਦਜ਼ੁਬਾਨੀ ਤੇ ਨੌਟੰਕੀ ਸਿਖਰ 'ਤੇ

- ਮੋਦੀ ਤੇ ਭਾਜਪਾ ਗਠਜੋੜ ਘਟੀਆ ਬਿਆਨਬਾਜ਼ੀ ਵਿਚ ਸਭ ਤੋਂ ਅੱਗੇ
- ਕੈਪਟਨ ਅਮਰਿੰਦਰ ਨਸ਼ਾ ਤਸਕਰ : ਹਰਸਿਮਰਤ ਬਾਦਲ
- ਬਾਦਲ ਬੋਲੇ-ਪੀਐੱਮ ਦੇ ਅਹੁਦੇ ਲਈ ਰਾਹੁਲ ਹੈ ਅਨਾੜੀ
- ਸਿੱਧੂ ਬੋਲਿਆ-ਭਾਜਪਾ ਆਗੂ ਕਾਲੇ ਅੰਗਰੇਜ਼



**ਚੋਣ ਵਿਸ਼ੇਸ਼/ਬਲਵਿੰਦਰਪਾਲ ਸਿੰਘ**

ਜਲੰਧਰ : ਭਾਰਤ ਵਿਚ ਲੋਕ ਸਭਾ ਚੋਣਾਂ ਦੌਰਾਨ ਨੇਤਾਵਾਂ ਕੋਲ ਕੋਈ ਸਾਰਥਿਕ ਮੁੱਦਾ ਨਹੀਂ, ਉਹ ਇਕ ਦੂਜੇ ਨੂੰ ਗਾਲ੍ਹਾਂ ਕੱਢਣ ਤੱਕ ਸੀਮਤ ਹਨ। ਇਸ ਤਰ੍ਹਾਂ ਜਾਪਦਾ ਹੈ ਕਿ ਭਾਰਤੀ ਨੇਤਾ ਵੱਡੇ ਨੌਟੰਕੀਬਾਜ਼ ਹਨ। ਉਹ ਇਕ ਦੂਸਰੇ ਨੂੰ ਸਟੂਪਿਡ, ਜਵਾਨਾਂ ਦੇ ਖ਼ੂਨ ਦਾ ਦਲਾਲ, ਗਦਾਫ਼ੀ, ਹਿਟਲਰ, ਮਸੋਲੀਨੀ, ਬਾਂਦਰ, ਚੂਹਾ, ਬਿੱਛੂ, ਗੰਦਾ ਆਦਮੀ, ਜ਼ਹਿਰ ਬੀਜਣ ਵਾਲਾ, ਪਾਗਲ ਕੁੱਤਾ, ਰਾਵਣ, ਭਸਮਾਸੁਰ ਤੇ ਗੰਦੀ ਨਾਲੀ ਦਾ ਕੀੜਾ ਤੱਕ ਕਹਿ ਰਹੇ ਹਨ। ਇਥੋਂ ਤੱਕ ਕਿ ਪ੍ਰਧਾਨ ਮੰਤਰੀ ਮੋਦੀ ਦੀ ਭਾਸ਼ਾ ਉਹੀ ਰਹੀ, ਜਿਹੜੀ ਉਹ ਚੋਣ ਪ੍ਰਚਾਰ ਸਮੇਂ ਭਾਜਪਾ ਆਗੂ ਵਜੋਂ ਬੋਲਦੇ ਰਹੇ ਸਨ। ਉਹ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵਰਗੇ ਸ਼ਰੀਫ਼ ਵਿਅਕਤੀ ਨੂੰ ਕਦੇ ਸੋਨੀਆ ਦਾ ਤੋਤਾ ਤੇ ਕਦੇ ਗੂੰਗਾ ਪ੍ਰਧਾਨ ਮੰਤਰੀ ਵੀ ਕਹਿ ਚੁੱਕੇ ਹਨ। ਉਹ ਰਾਹੁਲ ਗਾਂਧੀ ਨੂੰ ਕਦੇ ਜਰਸੀ ਗਾਂ ਦਾ ਵੱਛਾ ਤੇ ਕਦੇ ਪੱਪੂ ਕਹਿ ਕੇ ਉਸ ਦਾ ਮਜ਼ਾਕ ਉਡਾਉਂਦੇ ਰਹੇ ਹਨ। ਹਾਲੀਆਂ ਚੋਣਾਂ ਨੂੰ ਭਾਜਪਾ ਆਗੂਆਂ ਨੇ ਗਲੀ-ਛਾਪ ਗੁੰਡਿਆਂ ਦੀ ਲੜਾਈ ਬਣਾ ਦਿੱਤਾ ਹੈ। ਅਜਿਹੀ ਹਾਲਤ ਵਿੱਚ ਕਿਹੜਾ ਕੀਹਨੂੰ ਕਿੰਨੀਆਂ ਵੱਧ ਗਾਲ੍ਹਾਂ ਕੱਢਦਾ, ਇਸ ਦਾ ਕੋਈ ਮਤਲਬ ਨਹੀਂ ਰਹਿੰਦਾ। ਹਾਲਤ ਇਹ ਬਣ ਗਈ ਹੈ ਕਿ ਰਾਬੜੀ ਦੇਵੀ ਅਮਿਤ ਸ਼ਾਹ ਨੂੰ ਆਦਮਖੋਰ, ਮੋਦੀ ਨੂੰ ਜਲਾਦ ਕਹਿ ਰਹੀ ਹੈ। ਜੇ ਡੀ ਯੂ ਦਾ ਸੰਜੇ ਸਿੰਘ ਮੀਸਾ ਭਾਰਤੀ ਨੂੰ ਸਰੂਪਨਖਾ ਕਹਿ ਰਿਹਾ ਹੈ। ਪਿਛਲੇ ਪੰਜ ਸਾਲਾਂ ਦੌਰਾਨ ਮੌਜੂਦਾ ਸੱਤਾਧਾਰੀਆਂ ਨੇ ਸਿਆਸਤ ਨੂੰ ਜਿਸ ਪੱਧਰ ਉੱਤੇ ਲਿਆ ਖੜ੍ਹਾ ਕੀਤਾ ਹੈ, ਆਉਣ ਵਾਲੇ ਸਮੇਂ ਦੌਰਾਨ ਇਸ ਦਾ ਖਮਿਆਜ਼ਾ ਸਮੁੱਚੇ ਭਾਰਤ ਨੂੰ ਭੁਗਤਣਾ ਪਵੇਗਾ।

## ਹਰਸਿਮਰਤ ਬਾਦਲ ਨੇ ਕੈਪਟਨ ਨੂੰ ਦੱਸਿਆ ਨਸ਼ਾ ਤਸਕਰ

ਲੋਕ ਸਭਾ ਹਲਕਾ ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਨਸ਼ੇ ਵੇਚਣ ਵਾਲਾ ਤਸਕਰ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਪੰਜਾਬ ਵਿੱਚ ਨਸ਼ਾ ਵਿਕਾਉਂਦਾ ਹੈ। ਉਨ੍ਹਾਂ ਕਿਹਾ ਕਿ ਅੱਜ ਨਸ਼ਿਆਂ ਦੀ ਹੋਮ ਡਿਲੀਵਰੀ ਹੋ ਰਹੀ ਹੈ।

## ਮੋਦੀ ਫਾਹਾ ਲੈਣਗੇ : ਖੜਗੇ

ਕਾਂਗਰਸ ਦੇ ਸੀਨੀਅਰ ਆਗੂ ਮਲਿਕਾਰਜੁਨ ਖੜਗੇ ਨੇ ਵਿਵਾਦਮਈ ਬਿਆਨ ਦਿੰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਵਾਲ ਕੀਤਾ ਹੈ ਕਿ ਜੇ ਉਨ੍ਹਾਂ ਵੱਲੋਂ ਕੀਤੀ ਭਵਿੱਖਬਾਣੀ ਦੇ ਉਲਟ ਕਾਂਗਰਸ ਲੋਕ ਸਭਾ ਚੋਣਾਂ ਵਿੱਚ 40 ਤੋਂ ਵੱਧ ਸੀਟਾਂ ਜਿੱਤ ਜਾਂਦੀ ਹੈ ਤਾਂ ਫਿਰ ਕੀ ਉਹ ਦਿੱਲੀ ਦੇ ਵਿਜੈ ਚੌਕ ਵਿੱਚ ਫਾਹਾ ਲੈ ਲੈਣਗੇ। ਇਸ ਦੌਰਾਨ ਭਾਜਪਾ ਦੀ ਸੰਸਦ ਮੈਂਬਰ ਸ਼ੋਭਾ ਕਰਾਂਡਲਜੇ ਨੇ ਖੜਗੇ ਨੂੰ ਬਿਆਨ ਲਈ ਮੁਆਫ਼ੀ ਮੰਗਣ ਲਈ ਕਿਹਾ ਹੈ।

## ਪ੍ਰਧਾਨ ਮੰਤਰੀ ਅਹੁਦੇ ਲਈ ਰਾਹੁਲ ਅਨਾੜੀ-ਬਾਦਲ

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਜ਼ਹਿਰ ਉਗਲਣ ਵਾਲੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਦੇਸ਼ ਦੇ ਲੋਕ ਕਿਸੇ ਵੀ ਕੀਮਤ 'ਤੇ ਪ੍ਰਧਾਨ ਮੰਤਰੀ ਨਹੀਂ ਦੇਖਣਾ ਚਾਹੁੰਦੇ ਕਿਉਂਕਿ ਦੇਸ਼ ਦੀ ਸੱਤਾ ਲਈ ਉਹ ਪੂਰੀ ਤਰ੍ਹਾਂ ਅਨਾੜੀ ਹਨ। ਸਾਡੇ ਦੇਸ਼ ਨੂੰ ਕਾਬਿਲ ਪ੍ਰਧਾਨ ਮੰਤਰੀ ਦੀ ਜ਼ਰੂਰਤ ਹੈ। ਇਹ ਕਾਬਲੀਅਤ ਸਿਰਫ਼ ਨਰਿੰਦਰ ਮੋਦੀ ਵਿਚ ਹੀ ਹੈ।

## ਸੁਖਪਾਲ ਖਹਿਰਾ ਗੁਰੂਆਂ ਤੇ ਸੰਤਾਂ ਦਾ ਸਰਾਪਿਆ ਹੋਇਐ : ਬੀਬੀ ਜਗੀਰ ਕੌਰ

ਸ਼੍ਰੋਮਣੀ ਅਕਾਲੀ ਦਲ ਇਸਤਰੀ ਵਿੰਗ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਹੈ ਕਿ ਹਲਕਾ ਖਡੂਰ ਸਾਹਿਬ ਤੋਂ ਪੀਡੀਏ ਅਤੇ ਪੰਜਾਬ ਏਕਤਾ ਪਾਰਟੀ ਦੀ ਉਮੀਦਵਾਰ ਬੀਬੀ ਪਰਮਜੀਤ ਕੌਰ ਖਾਲੜਾ ਦੇ ਪਤੀ ਭਾਈ ਜਸਵੰਤ ਸਿੰਘ ਖਾਲੜਾ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਸਨ, ਜਿਨ੍ਹਾਂ ਨੂੰ ਪਾਰਟੀ ਨੇ ਮਨੁੱਖੀ ਅਧਿਕਾਰ ਵਿੰਗ ਦੀ ਡਿਊਟੀ 'ਤੇ ਲਾਇਆ ਸੀ ਤੇ ਇਸ ਡਿਊਟੀ 'ਤੇ ਰਹਿੰਦਿਆਂ ਉਨ੍ਹਾਂ ਸਿੱਖ ਕੌਮ ਲਈ ਆਪਣੀ ਸ਼ਹਾਦਤ ਦਿੱਤੀ। ਲਿਹਾਜਾ ਉਹ ਜਸਵੰਤ ਸਿੰਘ ਖਾਲੜਾ ਨੂੰ ਸਿੱਖ ਕੌਮ ਦਾ ਸ਼ਹੀਦ ਮੰਨਦੇ ਹਨ। ਇਸ ਦੇ ਨਾਲ ਹੀ ਬੀਬੀ ਜਗੀਰ ਕੌਰ ਨੇ ਬੀਬੀ ਪਰਮਜੀਤ ਕੌਰ ਖਾਲੜਾ ਦੀ ਇਹ ਕਹਿ ਕੇ ਨਿੰਦਾ ਵੀ ਕੀਤੀ, ਕਿ ਬੀਬੀ ਖਾਲੜਾ ਉਨ੍ਹਾਂ ਲੋਕਾਂ ਦੇ ਹੱਥਾਂ ਵਿੱਚ ਖੇਡਦਿਆਂ ਹੀ ਸ਼੍ਰੋਮਣੀ ਅਕਾਲੀ ਦਲ ਵਿਰੁੱਧ ਚੋਣ ਲੜ ਰਹੀ ਹੈ, ਜਿਨ੍ਹਾਂ ਲੋਕਾਂ ਨੇ ਜਸਵੰਤ ਸਿੰਘ ਖਾਲੜਾ ਨੂੰ ਮਾਰਿਆ ਤੇ ਮਰਵਾਇਆ ਸੀ। ਇੱਥੇ ਬੋਲਦਿਆ ਬੀਬੀ ਜਗੀਰ ਕੌਰ ਨੇ ਸੁਖਪਾਲ ਖਹਿਰਾ ਨੂੰ ਵੀ ਨਹੀਂ ਬਖ਼ਸ਼ਿਆ ਤੇ ਇੱਥੋਂ ਤੱਕ ਕਹਿ ਦਿੱਤਾ ਕਿ ਸੁਖਪਾਲ ਖਹਿਰਾ ਗੁਰੂਆਂ ਤੇ ਸੰਤਾਂ ਦਾ ਸਰਾਪਿਆ ਹੋਇਐ, ਜੋ ਥਾਂ-ਥਾਂ ਧੱਕੇ ਖਾਂਦਾ ਫਿਰਦਾ ਹੈ। ਬੀਬੀ ਪਰਮਜੀਤ ਕੌਰ ਖਾਲੜਾ 'ਤੇ ਸਿਆਸੀ ਵਾਰ ਕਰਦਿਆਂ ਬੀਬੀ ਜਗੀਰ ਕੌਰ ਨੇ ਕਿਹਾ, ਕਿ ਬੀਬੀ ਖਾਲੜਾ ਨੂੰ ਹਲਕਾ ਖਡੂਰ ਸਾਹਿਬ ਦੇ ਲੋਕ ਵੋਟ ਨਹੀਂ ਪਾਉਣਗੇ, ਕਿਉਂਕਿ 1999 ਵਿੱਚ ਚੋਣ ਹਾਰਨ ਤੋਂ ਬਾਅਦ ਬੀਬੀ ਪਰਮਜੀਤ ਕੌਰ ਖਾਲੜਾ ਪਰਿਵਾਰ ਸਣੇ ਪੰਜਾਬ ਛੱਡ ਅਮਰੀਕਾ ਵਿੱਚ ਜਾ ਵਸੇ ਸਨ, ਇੱਥੋਂ ਤੱਕ ਕਿ ਉਹ ਜਸਵੰਤ ਸਿੰਘ ਖਾਲੜਾ ਦੀ ਬਰਸੀ 'ਤੇ ਵੀ ਇੱਥੇ ਨਹੀਂ ਆਉਂਦੇ। ਖਡੂਰ ਸਾਹਿਬ ਤੋਂ ਅਕਾਲੀ ਦਲ ਦੀ ਉਮੀਦਵਾਰ ਬੀਬੀ ਜਗੀਰ ਕੌਰ ਨੇ ਇਹ ਵੀ ਖੁਲਾਸਾ ਕੀਤਾ ਕਿ ਸਤਨਾਮ ਸਿੰਘ ਨਾਮ ਦੇ ਜਿਸ ਥਾਣੇਦਾਰ ਨੇ ਭਾਈ ਜਸਵੰਤ ਸਿੰਘ ਖਾਲੜਾ ਨੂੰ ਗੋਲੀ ਮਾਰੀ ਸੀ, ਉਸ ਨੂੰ ਬੇਗੋਵਾਲ ਥਾਣੇ ਵਿੱਚ ਥਾਣੇਦਾਰ ਕਾਂਗਰਸ ਸਰਕਾਰ ਦੌਰਾਨ ਸੁਖਪਾਲ ਸਿੰਘ ਖਹਿਰਾ ਨੇ ਲਗਵਾ ਕੇ ਰੱਖਿਆ। ਉਨ੍ਹਾਂ ਕਿਹਾ ਕਿ ਜਿਸ ਬੰਦੇ ਨੇ ਭਾਈ ਖਾਲੜਾ ਨੂੰ ਗੋਲੀ ਮਾਰੀ ਉਹ ਖਹਿਰਾ ਦਾ ਯਾਰ, ਜਿਹੜੀ ਪਾਰਟੀ ਨੇ ਖਾਲੜਾ ਨੂੰ ਮਰਵਾਇਆ ਉਹ ਖਹਿਰੇ ਦੀ ਪਾਰਟੀ, ਜਿਸ ਕੇਪੀਐਸ ਗਿੱਲ ਨੇ ਖਾਲੜਾ ਨੂੰ ਮਰਵਾਇਆ ਉਸ ਗਿੱਲ ਨੂੰ ਕਾਂਗਰਸ ਸਰਕਾਰ ਅਤੇ ਖਹਿਰਾ ਨੇ ਮਰਨ ਤੋਂ ਬਾਅਦ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਬੀਬੀ ਖਾਲੜਾ ਇਸ ਦੇ ਬਾਵਜੂਦ ਵੀ ਇਨ੍ਹਾਂ ਲੋਕਾਂ ਦੇ ਹੱਥਾਂ ਵਿਚ ਖੇਡ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਖਹਿਰਾ ਨੇ ਬੀਬੀ ਖਾਲੜਾ ਨੂੰ ਸਿਰਫ ਪੈਸੇ ਇਕੱਠੇ ਕਰਨ ਲਈ ਅੱਗੇ ਤੋਰਿਆ ਹੋਇਆ ਹੈ, ਹੋਰ ਕੁਝ ਨਹੀਂ।

## ਮੋਦੀ ਨੇ ਲਾਏ ਗੱਬਰ ਸਿੰਘ ਵਾਲੇ ਟੈਕਸ-ਰਾਹੁਲ

ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਤੋਂ ਕਾਂਗਰਸ ਉਮੀਦਵਾਰ ਡਾ. ਅਮਰ ਸਿੰਘ ਦੇ ਪ੍ਰਚਾਰ ਲਈ ਖੰਨਾ ਪਹੁੰਚੇ। ਪੀਐਮ ਮੋਦੀ 'ਤੇ ਨਿਸ਼ਾਨਾ ਲਾਉਂਦਿਆਂ ਰਾਹੁਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਸਿਰਫ ਅਮੀਰਾਂ ਨੂੰ ਫਾਇਦਾ ਪਹੁੰਚਾਇਆ ਹੈ। ਗ਼ਰੀਬਾਂ ਲਈ ਕੁਝ ਨਹੀਂ ਕੀਤਾ। ਮੋਦੀ ਦਾ ਗ਼ਰੀਬਾਂ ਦੇ ਖ਼ਾਤੇ ਵਿੱਚ 15-15 ਲੱਖ ਰੁਪਏ ਭੇਜਣ ਦਾ ਦਾਅਵਾ ਵੀ ਝੂਠਾ ਸਾਬਤ ਹੋਇਆ ਹੈ। ਮੋਦੀ ਸਰਕਾਰ ਨੇ ਨੋਟਬੰਦੀ ਤੇ ਗੱਬਰ ਸਿੰਘ ਟੈਕਸ ਲਾ ਕੇ ਸਭ ਤੋਂ ਵੱਡੀ ਗਲਤੀ ਕੀਤੀ। ਰਾਹੁਲ ਨੇ ਕਿਹਾ ਕਿ ਨੋਟਬੰਦੀ ਜੇ ਕਾਲੇ ਧਨ ਖਿਲਾਫ ਲੜਾਈ ਸੀ ਤਾਂ ਗਰੀਬ ਲੋਕ ਲਾਈਨਾਂ ਵਿੱਚ ਖੜ੍ਹੇ ਕਿਉਂ ਦਿਖਾਈ ਦਿੱਤੇ। ਉਨ੍ਹਾਂ ਕਿਹਾ ਕਿ ਮੋਦੀ ਨੇ ਲੱਖਾਂ ਕਰੋੜ ਰੁਪਏ ਅਡਾਨੀ ਤੇ ਅੰਬਾਨੀ ਵਰਗੇ ਕਾਰੋਬਾਰੀਆਂ ਨੂੰ ਦੇ ਦਿੱਤੇ ਪਰ ਕਾਂਗਰਸ ਸਰਕਾਰ ਗਰੀਬਾਂ ਦੇ ਖ਼ਾਤਿਆਂ ਵਿੱਚ ਪੈਸੇ ਪਾਏਗੀ।

## ਭਾਜਪਾ ਆਗੂ 'ਕਾਲੇ ਅੰਗਰੇਜ਼' - ਸਿੱਧੂ

ਚੋਣ ਕਮਿਸ਼ਨ ਵੱਲੋਂ ਜਾਰੀ ਨੋਟਿਸ ਦੇ ਬਾਵਜੂਦ ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੱਧੂ ਨੇ ਭਾਜਪਾ ਨੂੰ 'ਕਾਲੇ ਅੰਗਰੇਜ਼' ਸੱਦ ਕੇ ਤੇ ਪ੍ਰਧਾਨ ਮੰਤਰੀ ਨਰਿੰਦਰ ਨੂੰ 'ਸੱਜ ਵਿਆਹੀ ਵਹੁਟੀ' ਨਾਲ ਮੇਲ ਕੇ ਨਵਾਂ ਵਿਵਾਦ ਸਹੇੜ ਲਿਆ ਹੈ। ਸਿੱਧੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਸੱਜ ਵਿਆਹੀ ਵਹੁਟੀ ਵਾਂਗ ਹਨ, ਜੋ ਆਪਣੇ ਸਹੁਰੇ ਘਰ ਵਿੱਚ ਰੋਟੀਆਂ ਘੱਟ ਵੇਲਦੀ ਹੈ, ਪਰ ਖੜਾਕ ਜ਼ਿਆਦਾ ਕਰਦੀ ਹੈ। ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਸਿੱਧੂ ਨੇ ਕਿਹਾ ਕਿ ਮੌਲਾਨਾ ਅਬੁਲ ਕਲਾਮ ਆਜ਼ਾਦ ਤੇ ਮਹਾਤਮਾ ਗਾਂਧੀ ਨੇ ਦੇਸ਼ ਨੂੰ ਗੋਰਿਆਂ ਤੋਂ ਆਜ਼ਾਦੀ ਦਿਵਾਈ ਸੀ ਜਦੋਂਕਿ ਇੰਦੌਰ ਦੇ ਲੋਕ ਮੁਲਕ ਨੂੰ 'ਕਾਲੇ ਅੰਗਰੇਜ਼ਾਂ' ਤੋਂ ਮੁਕਤੀ ਦਿਵਾਉਣਗੇ।


CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates


Kuldeep Singh Kang


Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ .ਐਮ . ਵੀ . ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਮੇਰਾ ਤਾਂ ਪਤਾ 'ਨੀ ਪਰ ਤੁਸੀਂ ਮੋਦੀ ਨੂੰ ਵੋਟ ਨਾ ਪਾਇਉ !

ਜ਼ਿਲ੍ਹਾ ਹੁਸ਼ਿਆਰਪੁਰ ਦੇ ਬਲਾਕ ਮਾਹਿਲਪੁਰ ਦੇ ਪ੍ਰਸਿੱਧ ਪਿੰਡ ਬੰਬੇਲੀ ਦੀ ਬ੍ਰਾਹਮਣ ਪਰਿਵਾਰ ਨਾਲ ਸਬੰਧਤ ਅਠਾਸੀ ਸਾਲ ਉਮਰ ਦੀ ਮਾਤਾ ਸ਼ੀਲਾ ਦੇਵੀ ਦੇ ਭਰੇ-ਭਕੁੰਨੇਂ ਟੱਬਰ ਵਿਚ ਚਾਰ ਅਖਬਾਰਾਂ ਪੰਜਾਬੀ-ਹਿੰਦੀ ਦੀਆਂ ਤੇ ਇਕ ਅੰਗਰੇਜ਼ੀ ਦੀ ਰੋਜ਼ ਆਉਂਦੀਆਂ.. ਅੰਗਰੇਜ਼ੀ ਦੀ ਅਖਬਾਰ ਤੋਂ ਛੁੱਟ ਚਾਰੇ ਅਖਬਾਰਾਂ ਬਿਨਾ ਐਨਕਾਂ ਤੋਂ ਮਾਤਾ ਸ਼ੀਲਾ ਦੇਵੀ ਰੋਜ਼ ਪੜ੍ਹਦੀ.. ਪੜ੍ਹ ਕੇ ਟੱਬਰ ਦੇ ਜੀਆਂ ਨੂੰ ਹਦਾਇਤ ਕਰਦੀ ਕਿ ਫਲਾਣੀ ਅਖਬਾਰ ਦਾ ਸੰਪਾਦਕੀ ਜਾਂ ਫਲਾਣੀ ਵਿਚਲਾ ਖਾਸ ਲੇਖ ਜ਼ਰੂਰ ਪੜ੍ਹਿਉ ! ਇਸੇ ਰੁਟੀਨ ਮੁਤਾਬਿਕ ਬੀਤੀ 5 ਮਈ ਨੂੰ ਉਸ ਨੂੰ ਅਖਬਾਰਾਂ 'ਚ ਖੁਭੀ ਦੇਖ ਕੇ ਭਾਈਚਾਰੇ ਦਾ ਇਕ ਸੱਜਣ ਆ ਕੇ ਪੁੱਛਣ ਲੱਗਾ- "ਬੀਬੀ ਕਿਆ ਕਹਿੰਦੀਆਂ ਤੇਰੀਆਂ 'ਖਬਾਰਾਂ ?" ਮਾਤਾ ਕਹਿੰਦੀ ਕਿ ਆਹੀ ਵੋਟਾਂ ਦੀਆਂ ਹੀ ਖਬਰਾਂ, ਵੋਟਾਂ ਬਾਰੇ ਸੰਪਾਦਕੀ ਤੇ ਵੋਟਾਂ ਬਾਬਤ ਹੀ ਲੇਖ ਆ ਬਹੁਤੇ !



ਅੱਛਾ ! ਪੁੱਛਣ ਵਾਲ਼ੇ ਨੇ ਗੱਲ ਅੱਗੇ ਤੋਰੀ-"ਫਿਰ ਤੂੰ ਕਿਹਨੂੰ ਪਾਉਣੀ ਐਂ ਐਤਕੀਂ ਵੋਟ ?"

"ਮੇਰਾ ਤਾਂ ਭਾਈ ਕੋਈ ਪਤਾ ਨਹੀਂ ਪਰ ਤੁਸੀਂ ਮੋਦੀ ਨੂੰ ਵੋਟ ਨਾ ਪਾ ਦਿਉ !"

"ਬੀਬੀ ਉਹ ਨੂੰ ਕਾਹਤੇ ਨਾ ਪਾਈਏ ਵੋਟ ?" ਸੱਜਣ ਨੇ ਹੋਰ ਪੁੱਛ ਲਿਆ।

"ਇਹ ਭਾਈਚਾਰਿਆਂ ਵਿਚ ਪਾਟੋ ਧਾੜੀ ਪਾ ਰਿਹਾ ਐ, ਹੋਰਾਂ ਨੂੰ ਵੀ ਦੱਸੀਂ ਕਿ ਇਹਨੂੰ ਵੋਟ ਨਾ ਪਾਇਉ !"

ਤੀਜਾ ਦਿਨ 7 ਮਈ ਚੜ੍ਹਿਆ.. ਸੁਵਖਤੇ ਹੀ ਮਾਤਾ ਸ਼ੀਲਾ ਦੇਵੀ ਜੀ ਅਕਾਲ ਚਲਾਣਾ ਕਰ ਗਏ ! ਮਾਨੋ ਦੋ ਦਿਨ ਪਹਿਲਾਂ ਉਹ ਮਾਨਵੀ-ਸੋਚ ਵਾਲਾ ਸਿਆਸੀ ਸੁਨੇਹਾ ਆਪਣੇ ਆਂਢ ਗੁਆਂਢ ਨੂੰ ਦੇ ਕੇ ਆਪਣਾ ਫਰਜ਼ ਪੂਰਾ ਕਰ ਗਏ !

**ਫੋਟੋ ਤੇ ਵੇਰਵਾ-ਤਰਲੋਚਨ ਸਿੰਘ ਦੁਪਾਲਪੁਰ** (001-408-915-1268)

## ਇੰਡੀਅਨ ਓਵਰਸੀਜ਼ ਕਾਂਗਰਸ ਯੂਐਸਏ. ਨੇ ਦਿੱਤੀ ਸਫਾਈ

# ਸੈਮ ਪਿਟਰੋਦਾ ਦੇ ਬਿਆਨ ਨੂੰ ਤੋੜ-ਮਰੋੜ ਕੇ ਮੋਦੀ ਨੇ ਨੀਵੇਂ ਪੱਧਰ ਦੀ ਸਿਆਸਤ ਖੇਡੀ

**ਵਾਸ਼ਿੰਗਟਨ/ਏਟੀ ਨਿਊਜ਼ :** ਇੰਡੀਅਨ ਓਵਰਸੀਜ਼ ਕਾਂਗਰਸ ਯੂਐਸਏ. ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜੀਆਂ ਨੇ ਇਕ ਬਿਆਨ ਜਾਰੀ ਕਰਕੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨਿਖੇਧੀ ਕੀਤੀ ਹੈ ਤੇ ਕਿਹਾ ਹੈ ਕਿ ਉਹਨਾਂ ਨੇ ਇੰਡੀਅਨ ਓਵਰਸੀਜ ਕਾਂਗਰਸ ਦੇ ਚੇਅਰਮੈਨ ਸੈਮ ਪਿਟਰੋਦਾ ਦੇ ਬਿਆਨ ਨੂੰ ਤੋੜ-ਮਰੋੜ ਕੇ ਤੇ ਉਸ ਨੂੰ ਵਾਰ-ਵਾਰ ਦੁਹਰਾ ਕੇ ਨੀਵੇਂ ਪੱਧਰ ਦੀ ਸਿਆਸਤ ਹੀ ਨਹੀਂ ਖੇਡੀ, ਬਲਕਿ ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਵੀ ਨੀਵਾਂ ਬਣਾ ਦਿੱਤਾ ਹੈ। ਮਿ. ਗਿਲਜੀਆਂ ਨੇ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ ਸੈਮ ਨੇ ਸੰਨ 1984 ਦੇ ਸੰਤਾਪ ਬਾਰੇ ਪੁੱਛੇ ਇਕ ਸਵਾਲ ਦਾ ਜਵਾਬ ਵਿਚ ਆਪਣੀ ਰਾਇ ਪੇਸ਼ ਕਰਦਿਆਂ ਕਿਹਾ ਸੀ ਕਿ 'ਇਹ ਬੇਹੱਦ ਦੁੱਖਦਾਈ ਤੇ ਮਾੜਾ ਹੋਇਆ ਸੀ , ਪਰ ਜੋ ਹੋ ਗਿਆ, ਸੋ ਹੋ ਗਿਆ, ਹੁਣ ਇਸ ਤੋਂ ਅੱਗੇ ਤੁਰਨ ਦੀ ਲੋੜ ਹੈ। ਦੇਸ਼ ਨੂੰ ਅੱਗੇ ਲਿਜਾਣ ਦੀ ਲੋੜ ਹੈ।' ਮੋਦੀ ਨੇ ਉਨ੍ਹਾਂ ਦੀ ਰਾਇ ਦੀ ਇਕ ਸਤਰ ਪ੍ਰਸੰਗ ਤੋਂ ਅਲੱਗ ਕਰਕੇ, ਕਾਂਗਰਸ ਉਪਰ ਹਮਲਾ ਕਰਨ ਲਈ, ਇਸ ਨੂੰ ਸਮੁੱਚੀ ਕਾਂਗਰਸ ਦੀ ਨੀਤੀ 'ਜੋ ਹੂਆ, ਸੋ ਹੂਆ' ਬਣਾ ਕੇ ਵਾਰ ਵਾਰ ਦੁਹਰਾਉਣਾ ਸ਼ੁਰੂ ਕਰ ਦਿਤਾ ਹੈ। ਸ. ਗਿਲਜੀਆਂ ਨੇ ਕਿਹਾ ਹੈ ਕਿ ਸੈਮ ਪਿਟਰੋਦਾ ਸੱਚੇ ਸੁੱਚੇ ਭਾਰਤੀ ਹਨ ਤੇ ਵਿਗਿਆਨੀ ਹਨ। ਉਨ੍ਹਾਂ ਨੇ ਅਮਰੀਕਾ ਦੀ ਸੁਖ ਅਰਾਮ ਵਾਲੀ ਜ਼ਿੰਦਗੀ ਦਾ ਤਿਆਗ ਕਰਕੇ, ਭਾਰਤ ਦੀ ਸਮਾਂ ਵਿਹਾਅ ਚੁੱਕੀ ਸੰਚਾਰ ਪ੍ਰਣਾਲੀ ਦਾ ਆਧੁਨਿਕੀਕਰਣ ਕੀਤਾ ਅਤੇ ਭਾਰਤ ਨੂੰ ਆਈਟੀ ਦੇ ਖੇਤਰ ਵਿਚ ਪਾਵਰ ਬਣਾ ਦਿੱਤਾ ਸੀ। ਇਸ ਤਰ੍ਹਾਂ ਉਨ੍ਹਾਂ ਦੇ ਬਿਆਨ ਨੂੰ ਗਲਤ ਢੰਗ ਨਾਲ ਵਰਤ ਕੇ ਪ੍ਰਧਾਨ ਮੰਤਰੀ ਨੇ ਸੈਮ ਪਿਟਰੋਦਾ ਦੀ ਵਿਗਿਆਨਕ ਦੇਣ ਦਾ ਵੀ ਮਜ਼ਾਕ ਉਡਾਇਆ ਹੈ ਅਤੇ ਵਿਗਿਆਨ ਦੇ ਖੇਤਰ ਵਿਚ ਆਪਣੀ ਅਗਿਆਨਤਾ ਦਾ ਪ੍ਰਗਟਾਵਾ ਵੀ ਕੀਤਾ ਹੈ।



ਉਨ੍ਹਾਂ ਹੋਰ ਕਿਹਾ ਕਿ ਇਸ ਵਾਰ ਦੀਆਂ ਦੀਆਂ ਲੋਕ ਸਭਾ ਚੋਣਾਂ ਵਿਚ ਭਾਰਤ ਦੀ ਜਨਤਾ ਨੇ ਨਰਿੰਦਰ ਮੋਦੀ ਦੀ ਪੰਜ ਸਾਲ ਦੀ ਕਾਰਗੁਜ਼ਾਰੀ ਬਾਰੇ ਫੈਸਲਾ ਦੇਣਾ ਹੈ। ਜਨਤਾ ਉਹਨਾਂ ਦੀ ਕਾਰਵਾਈ ਬਾਰੇ ਸਵਾਲ ਪੁੱਛ ਰਹੀ ਹੈ ਪਰ ਮੋਦੀ ਹਰ ਹਰਬਾ ਵਰਤ ਕੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਲਾਂਭੇ ਲਿਜਾਣਾ ਚਾਹੁੰਦੇ ਹਨ। ਉਹ ਆਪਣੀਆਂ ਨਾਕਾਮੀਆਂ ਨੂੰ ਪਿਛਲੇ 70 ਸਾਲਾਂ ਦੇ ਇਤਿਹਾਸ ਪਿਛੇ ਲੁਕਾਉਣਾ ਚਾਹੁੰਦੇ ਹਨ। ਅਜਿਹਾ ਕਰਦਿਆਂ ਉਹ ਭੁੱਲ ਜਾਂਦੇ ਹਨ ਕਿ ਪਿਛਲੇ 70 ਸਾਲ ਵਿਚ ਬੀਜੇਪੀ. ਦਾ ਰਾਜ ਵੀ ਰਿਹਾ ਹੈ। ਇਸ ਤੋਂ ਉਨ੍ਹਾਂ ਦੀ ਇਤਿਹਾਸ ਬਾਰੇ ਅਗਿਆਨਤਾ ਵੀ ਨੰਗੀ ਹੋ ਜਾਂਦੀ ਹੈ। ਜੇ ਮਿ. ਮੋਦੀ ਨੇ ਇਤਿਹਾਸ ਦਾ ਹੀ ਸਹਾਰਾ ਲੈਣਾ ਹੈ ਤਾਂ ਉਹ ਆਪਣੇ ਮੁੱਖ ਮੰਤਰੀ ਕਾਲ ਵਿਚ ਗੁਜਰਾਤ ਵਿਚ ਹੋਏ ਮੁਸਲਮਾਨਾਂ ਦੇ ਕਤਲੇਆਮ ਬਾਰੇ ਵੀ ਗੱਲ ਕਰਨ ਤੇ ਦੱਸਣ ਕਿ ਕਿਉਂ ਉਨ੍ਹਾਂ ਨੇ ਅੱਜ ਤੱਕ ਇਸ ਬਾਰੇ ਭਾਰਤ ਵਾਸੀਆਂ ਤੋਂ ਮੁਆਫੀ ਨਹੀਂ ਮੰਗੀ ?

ਮਹਿੰਦਰ ਸਿੰਘ ਗਿਲਜੀਆਂ ਨੇ ਕਿਹਾ ਹੈ ਕਿ ਇਤਿਹਾਸ ਕਿਸੇ ਨੂੰ ਮੁਆਫ ਨਹੀਂ ਕਰਦਾ। ਨਰਿੰਦਰ ਮੋਦੀ ਜੋ ਪੰਜ ਸਾਲ ਸਮੁੱਚੇ ਭਾਰਤ ਵਾਸੀਆਂ ਦੇ ਪ੍ਰਧਾਨ ਮੰਤਰੀ ਬਣੇ ਰਹਿਣ ਦੀ ਥਾਂ, ਕੁਝ ਇਕ ਅਮੀਰਾਂ ਦੀ ਕਠਪੁਤਲੀ ਬਣੇ ਰਹੇ ਹਨ, ਉਸ ਦੀ ਬਦੌਲਤ, 23 ਮਈ ਤੋਂ ਬਾਅਦ, ਉਹਨਾਂ ਨੇ ਵੀ ਇਤਿਹਾਸ ਦਾ ਇਕ ਪੰਨਾ ਬਣ ਕੇ ਰਹਿ ਜਾਣਾ ਹੈ।

# ਸੈਕਰਾਮੈਂਟੋ ਪੀਸੀਐਸ ਵਲੋਂ 30ਵੇਂ ਸੱਭਿਆਚਾਰਕ ਮੇਲੇ ਦੀਆਂ ਤਿਆਰੀਆਂ ਮੁਕੰਮਲ

**ਸੈਕਰਾਮੈਂਟੋ/ਏਟੀ ਨਿਊਜ਼ :** ਮਾਊਂਟਨ ਮਾਈਕ ਵੀਜ਼ੇ ਤੇ ਅਮਰੀਕ ਸਿੰਘ ਪਰਹਾਰ ਦੀ ਪ੍ਰਧਾਨਗੀ ਹੇਠ ਪੀਸੀਐਸ. ਸੈਕਰਾਮੈਂਟੋ ਦੇ ਸਮੂਹ ਮੈਂਬਰਾਂ ਦੀ ਇਕੱਤਰਤਾ ਵਿਚ 18 ਮਈ ਦਿਨ ਸ਼ਨੀਵਾਰ ਨੂੰ ਸੈਲਡਨ ਹਾਈ ਸਕੂਲ ਦੇ ਹਾਲ ਵਿਚ ਹੋਣ ਵਾਲੇ ਸੱਭਿਆਚਾਰਕ ਮੇਲੇ ਦੇ ਪ੍ਰਬੰਧਾਂ ਦੀ ਤਿਆਰੀ ਦੀ ਰੂਪਰੇਖਾ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਸੰਸਥਾ ਵਲੋਂ ਕੀਤੇ ਜਾ ਰਹੇ ਸੱਭਿਆਚਾਰਕ ਮੇਲੇ ਦਾ ਮੁੱਖ ਮਕਸਦ ਆਉਣ ਵਾਲੀਆਂ ਪੀੜ੍ਹੀਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜੀ ਰੱਖਣ ਤੋਂ ਇਲਾਵਾ ਇਸ ਦੀ ਮਹੱਤਤਾ ਤੋਂ ਵੀ ਜਾਣੂ ਕਰਵਾਉਣਾ ਹੈ ਤਾਂ ਕਿ ਇਨ੍ਹਾਂ ਮੁਲਕਾਂ ਵਿਚ ਅਸੀਂ ਆਪਣੀ ਪਛਾਣ ਨੂੰ ਕਾਇਮ ਰੱਖ ਸਕੀਏ। ਪਿਛਲੇ ਸਾਲਾਂ ਵਾਂਗ ਇਸ ਮੇਲੇ ਵਿਚ ਵੱਖ ਵੱਖ ਟੀਮਾਂ ਵਲੋਂ ਗਿੱਧਾ, ਭੰਗੜਾ, ਸਕਿੱਟ ਅਤੇ ਗੀਤ ਸੰਗੀਤ ਆਇਟਮਾਂ ਪੇਸ਼ ਕੀਤੀਆਂ ਜਾਣਗੀਆਂ। ਮੇਲੇ ਦੀ ਕੋਈ ਫੀਸ ਨਹੀਂ ਹੈ। ਇਹ ਮੇਲਾ 3 ਵਜੇ ਸ਼ੁਰੂ ਕੀਤਾ ਜਾਵੇਗਾ, ਸਮੂਹ ਪਰਿਵਾਰਾਂ ਨੂੰ ਬੇਨਤੀ ਹੈ ਕੀਤੀ ਜਾਂਦੀ ਹੈ ਕਿ ਹੁੰਮ ਹੁੰਮਾ ਕੇ ਪਹੁੰਚਦਿਆਂ ਇਸ ਮੇਲੇ ਦੀ ਰੌਣਕ ਨੂੰ ਵਧਾਓ। ਮੀਟਿੰਗ ਵਿਚ ਆਏ ਸਾਰੇ ਮੈਂਬਰਾਂ ਦਾ ਸ. ਰਸ਼ਪਾਲ ਸਿੰਘ ਫਰਵਾਲਾ ਵਲੋਂ ਧੰਨਵਾਦ ਕੀਤਾ ਗਿਆ। ਮੀਟਿੰਗ ਵਿਚ ਭਾਗ ਲੈਣ ਵਾਲਿਆਂ ਵਿਚ ਅਜੈਬ ਸਿੰਘ, ਤੀਰਥ ਸਹੋਤਾ, ਜਸਵੰਤ ਸਿੰਘ ਸ਼ਾਦ, ਅਮਰੀਕ ਪਰਹਾਰ, ਮਾਧੋ ਚਾਹਲ, ਮੱਖਣ ਸਿੰਘ ਹੈਡਮਾਸਟਰ, ਕਮਲ ਬੰਗਾ, ਜਿੰਮੀ ਪਰਹਾਰ, ਜਰਨੈਲ ਮੰਡੇਰ, ਜਤਿੰਦਰ ਬੀਸਲਾ, ਪ੍ਰੇਮ ਚੁੰਬਰ, ਅਵਤਾਰ ਡੋਡ, ਸਿੰਗਾਰਾ ਸਿੰਘ, ਜਗਤਾਰ ਸਿੰਘ ਜੱਗੀ ਤੇ ਰਛਪਾਲ ਸਿੰਘ ਫਰਵਾਲਾ ਸ਼ਾਮਿਲ ਸਨ।










Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਪੰਜਾਬ ਦੇ 14 ਫੀਸਦੀ ਉਮੀਦਵਾਰਾਂ ਉੱਪਰ ਅਪਰਾਧਿਕ ਮਾਮਲੇ

- **ਕਈਆਂ 'ਤੇ ਦਰਜ ਹਨ ਵੱਡੇ ਅਪਰਾਧਾਂ ਦੇ ਮਾਮਲੇ**
- **6 ਫੀਸਦੀ ਪੜ੍ਹਾਈ ਦੇ ਪੱਖ ਤੋਂ ਕੋਰੇ**

**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਦੀਆਂ ਸੰਸਦੀ ਸੀਟਾਂ ਲਈ ਚੋਣ ਮੈਦਾਨ ਵਿੱਚ ਨਿੱਤਰੇ 278 ਉਮੀਦਵਾਰਾਂ ਵਿੱਚੋਂ 14 ਫੀਸਦੀ 'ਤੇ ਅਪਰਾਧਿਕ ਮਾਮਲੇ ਦਰਜ ਹਨ ਤੇ 6 ਫੀਸਦੀ ਪੜ੍ਹਾਈ ਦੇ ਪੱਖ ਤੋਂ ਕੋਰੇ ਹਨ। ਸੂਬੇ ਦੇ ਸਿਆਸਤਦਾਨਾਂ ਦੇ ਅਸਾਸਿਆਂ ਵਿੱਚ ਹੋ ਰਹੇ ਵਾਧੇ ਦੌਰਾਨ 24 ਫੀਸਦੀ ਅਜਿਹੇ ਨਾਮ ਵੀ ਸਾਹਮਣੇ ਆਏ ਹਨ ਜਿਨ੍ਹਾਂ ਨੂੰ ਕਰੋੜਪਤੀ ਮੰਨਿਆ ਗਿਆ ਹੈ। ਤਿੰਨ ਪ੍ਰਮੁੱਖ ਪਾਰਟੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਸਾਰੇ ਉਮੀਦਵਾਰ ਹੀ ਕਰੋੜਪਤੀਆਂ ਵਿੱਚ ਸ਼ੁਮਾਰ ਹਨ।

ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ ਅਤੇ ਪੰਜਾਬ ਇਲੈਕਸ਼ਨ ਵਾਚ ਨੇ ਪੰਜਾਬ ਤੋਂ ਲੋਕ ਸਭਾ ਚੋਣਾਂ ਲੜ ਰਹੇ ਉਮੀਦਵਾਰਾਂ ਵੱਲੋਂ ਚੋਣ ਕਮਿਸ਼ਨ ਨੂੰ ਦਿੱਤੇ ਹਲਫੀਆ ਬਿਆਨਾਂ ਦਾ ਅਧਿਐਨ ਕਰਕੇ ਇਹ ਤੱਥ ਜਾਰੀ ਕੀਤੇ ਗਏ ਹਨ। ਜਥੇਬੰਦੀ ਨੇ ਦੱਸਿਆ ਕਿ 39 (14 ਫੀਸਦੀ) ਉਮੀਦਵਾਰਾਂ ਨੇ ਮੰਨਿਆ ਕਿ ਉਨ੍ਹਾਂ 'ਤੇ ਅਪਰਾਧਿਕ ਮਾਮਲੇ ਦਰਜ ਹਨ। ਇਨ੍ਹਾਂ ਵਿਚੋਂ 29 (10 ਫੀਸਦੀ) 'ਤੇ ਬਹੁਤ ਹੀ ਗੰਭੀਰ ਦੋਸ਼ਾਂ ਵਾਲੇ ਕੇਸ ਦਰਜ ਹਨ। ਪਾਰਟੀ ਦੇ ਆਧਾਰ 'ਤੇ ਦੇਖਿਆ ਜਾਵੇ ਤਾਂ ਬਾਦਲ ਦਲ ਦੇ 10 ਵਿਚੋਂ 7, 'ਆਪ' ਪਾਰਟੀ ਦੇ 13 ਵਿਚੋਂ 4, ਕਾਂਗਰਸ ਦੇ 13 ਵਿਚੋਂ 1 ਉਮੀਦਵਾਰਾਂ ਖਿਲਾਫ਼ ਅਪਰਾਧਿਕ ਮਾਮਲੇ ਦਰਜ ਹਨ। ਭਾਜਪਾ ਦੇ ਤਿੰਨ ਉਮੀਦਵਾਰਾਂ ਵਿਚੋਂ ਕਿਸੇ 'ਤੇ ਕੋਈ ਵੀ ਮਾਮਲਾ ਦਰਜ ਨਹੀਂ ਹੈ। ਪੰਜਾਬ ਏਕਤਾ ਪਾਰਟੀ ਤੇ ਲੋਕ ਇਨਸਾਫ ਪਾਰਟੀ ਦੇ 3-3 ਉਮੀਦਵਾਰਾਂ ਵਿਚੋਂ 1-1 'ਤੇ ਅਪਰਾਧਿਕ ਮਾਮਲੇ ਦਰਜ ਹਨ। ਭਾਰਤੀ ਕਮਿਊਨਿਸਟ ਪਾਰਟੀ ਦੇ 2 ਵਿਚੋਂ 1 ਉਮੀਦਵਾਰ 'ਤੇ ਅਪਰਾਧਿਕ ਮਾਮਲੇ ਦਰਜ ਹਨ। ਅਮੀਰੀ ਦੇ ਪੱਖ ਤੋਂ ਦੇਖਿਆ ਜਾਵੇ ਤਾਂ 67 (24 ਫੀਸਦੀ) ਦੀ ਜਾਇਦਾਦ ਕਰੋੜਾਂ ਵਿਚ ਹੈ। ਕਾਂਗਰਸ, ਬਾਦਲ ਦਲ ਅਤੇ ਭਾਜਪਾ ਦੇ ਸਾਰੇ ਉਮੀਦਵਾਰ ਕਰੋੜਪਤੀ ਹਨ। 'ਆਪ' ਦੇ 13 ਵਿਚੋਂ 8 (62 ਫੀਸਦੀ), ਬਸਪਾ, ਪੰਜਾਬ ਏਕਤਾ ਪਾਰਟੀ ਅਤੇ ਲੋਕ ਇਨਸਾਫ ਪਾਰਟੀ



ਦੇ ਤਿੰਨ-ਤਿੰਨ ਉਮੀਦਵਾਰਾਂ ਵਿਚੋਂ ਦੋ-ਦੋ (67 ਫੀਸਦੀ) ਉਮੀਦਵਾਰ ਕਰੋੜਪਤੀ ਹਨ। ਦੇਣਦਾਰੀਆਂ ਦੇ ਮਾਮਲੇ ਵਿਚ ਸਭ ਤੋਂ ਉਪਰ ਸੁਖਬੀਰ ਸਿੰਘ ਬਾਦਲ, ਹਰਸਿਮਰਤ ਕੌਰ ਬਾਦਲ (95 ਕਰੋੜ) ਅਤੇ ਸਨੀ ਦਿਓਲ (53 ਕਰੋੜ) ਆਉਂਦੇ ਹਨ। ਆਮਦਨ ਦਿਖਾਉਣ ਵਿਚ ਕਾਂਗਰਸ ਦੇ ਸੰਗਰੂਰ ਤੋਂ ਉਮੀਦਵਾਰ ਕੇਵਲ ਸਿੰਘ ਢਿੱਲੋਂ ਸਭ ਤੋਂ ਉਪਰ ਹਨ।

ਕਾਂਗਰਸ ਦੇ ਇਸ ਉਮੀਦਵਾਰ ਨੇ ਤਾਜ਼ਾ ਇਨਕਮ ਟੈਕਸ ਰਿਟਰਨ ਵਿਚ ਆਪਣੀ ਆਮਦਨ 2 ਕਰੋੜ 82 ਲੱਖ ਦਿਖਾਈ ਹੈ। ਹਾਲਾਂਕਿ ਉਨ੍ਹਾਂ ਦੀ ਆਪਣੀ ਆਮਦਨ 65 ਲੱਖ ਸਾਲਾਨਾ ਹੈ। ਸੁਖਬੀਰ ਸਿੰਘ ਬਾਦਲ ਤੇ ਹਰਸਿਮਰਤ ਕੌਰ ਬਾਦਲ ਨੇ ਆਪਣੀ ਇਨਕਮ ਟੈਕਸ ਰਿਟਰਨ 2 ਕਰੋੜ 62 ਲੱਖ ਭਰੀ ਹੈ। ਹਾਲਾਂਕਿ ਸੁਖਬੀਰ ਨੇ ਆਪਣੀ ਆਮਦਨ 2 ਕਰੋੜ 42 ਲੱਖ ਰੁਪਏ ਅਤੇ ਹਰਸਿਮਰਤ ਕੌਰ ਬਾਦਲ ਨੇ ਆਪਣੀ ਆਮਦਨ 18 ਲੱਖ 86 ਹਜ਼ਾਰ ਰੁਪਏ ਸਾਲਾਨਾ ਦਿਖਾਈ ਹੈ।

ਸਭ ਤੋਂ ਵੱਧ ਜਾਇਦਾਦ ਦਿਖਾਉਣ ਵਾਲੇ ਤਿੰਨ ਉਮੀਦਵਾਰਾਂ ਵਿਚ ਫਿਰੋਜ਼ਪੁਰ ਤੋਂ ਸੁਖਬੀਰ ਬਾਦਲ, ਬਠਿੰਡਾ ਤੋਂ ਹਰਸਿਮਰਤ ਕੌਰ (218 ਕਰੋੜ) ਤੇ ਆਨੰਦਪੁਰ ਸਾਹਿਬ ਤੋਂ ਸੋਢੀ ਵਿਕਰਮ ਸਿੰਘ (140 ਕਰੋੜ) ਆਉਂਦੇ ਹਨ। ਬਾਦਲ ਦਲ ਦੇ ਉਮੀਦਵਾਰਾਂ ਦੀ ਔਸਤਨ ਜਾਇਦਾਦ 51 ਕਰੋੜ ਰੁਪਏ, ਬਸਪਾ ਦੇ ਉਮੀਦਵਾਰਾਂ ਦੀ 47 ਕਰੋੜ, ਭਾਜਪਾ ਉਮੀਦਵਾਰਾਂ ਦੀ 41 ਕਰੋੜ, ਕਾਂਗਰਸ ਦੇ ਉਮੀਦਵਾਰਾਂ ਦੀ 23 ਕਰੋੜ, ਪੰਜਾਬ ਏਕਤਾ ਪਾਰਟੀ ਦੇ ਉਮੀਦਵਾਰਾਂ ਦੀ 20 ਕਰੋੜ ਤੇ 'ਆਪ' ਦੇ ਉਮੀਦਵਾਰਾਂ ਦੀ 3 ਕਰੋੜ ਰੁਪਏ ਬਣਦੀ ਹੈ। ਉਮਰ ਦੇ ਆਧਾਰ 'ਤੇ ਉਮੀਦਵਾਰਾਂ ਨੂੰ ਦੇਖਿਆ ਜਾਵੇ ਤਾਂ 25 ਤੋਂ 30 ਸਾਲ ਤੱਕ ਦੇ 24 ਉਮੀਦਵਾਰ ਹਨ। ਇਸੇ ਤਰ੍ਹਾਂ 31 ਤੋਂ 40 ਤੱਕ ਦੇ 75, 41 ਤੋਂ 50 ਤੱਕ ਦੇ 71, 51 ਤੋਂ 60 ਤੱਕ ਦੇ 49, 61 ਤੋਂ 70 ਤੱਕ ਦੇ 44 ਤੇ 71 ਤੋਂ 80 ਉਮਰ ਵਰਗ ਦੇ 10 ਉਮੀਦਵਾਰ ਮੈਦਾਨ ਵਿਚ ਹਨ। ਇਕ ਵਿਅਕਤੀ 81 ਸਾਲ ਤੋਂ ਵੀ ਉਪਰ ਦਾ ਹੈ।

### ਵਿਦਿਅਕ ਯੋਗਤਾ ਪੱਖੋਂ 18 ਉਮੀਦਵਾਰ ਕੋਰੇ

ਵਿਦਿਅਕ ਯੋਗਤਾ ਪੱਖੋਂ 149 (54 ਫੀਸਦੀ) ਉਮੀਦਵਾਰ ਪੰਜਵੀਂ ਤੋਂ ਬਾਰ੍ਹਵੀਂ ਤੱਕ ਪੜ੍ਹੇ ਹੋਏ ਹਨ ਤੇ 95 (34 ਫੀਸਦੀ) ਉਮੀਦਵਾਰ ਗ੍ਰੈਜੂਏਸ਼ਨ ਜਾਂ ਇਸ ਤੋਂ ਉਪਰ ਗ੍ਰੈਜੂਏਟ ਪ੍ਰੋਫੈਸ਼ਨਲ, ਪੋਸਟ ਗ੍ਰੈਜੂਏਟ ਤੇ ਡਾਕਟਰ ਹਨ। ਇਸੇ ਤਰ੍ਹਾਂ 18 ਉਮੀਦਵਾਰਾਂ ਨੇ ਆਪਣੇ ਆਪ ਨੂੰ ਅਨਪੜ੍ਹ ਵੀ ਦੱਸਿਆ ਹੈ।

## ਸਿੱਖਾਂ ਦੀ ਕਾਲੀ ਸੂਚੀ ਦਾ ਭੇਦ : ਚੋਣਾਂ ਸਮੇਂ ਹੀ ਹੁੰਦੀ ਹੈ ਖਤਮ

### *ਕਿਵੇਂ ਤੇ ਕਿਉਂ ਬਣਦੀ ਹੈ ਕਾਲੀ ਸੂਚੀ, ਨਹੀਂ ਦੱਸਦੀ ਸਰਕਾਰ*

**ਜਲੰਧਰ/ਬਿਊਰੋ ਨਿਊਜ਼ :** ਭਾਰਤੀ ਗ੍ਰਹਿ ਮੰਤਰਾਲੇ ਨੇ ਸਿੱਖਾਂ ਸਮੇਤ ਭਾਰਤੀਆਂ ਦੀ ਕਾਲੀ ਸੂਚੀ ਨੂੰ ਖ਼ਤਮ ਕਰ ਦੇਣ ਦਾ ਦਾਅਵਾ ਕੀਤਾ ਹੈ। ਇਸ ਸੂਚੀ ਵਿਚ ਉਹ ਸਿੱਖ ਸ਼ਾਮਿਲ ਹਨ, ਜਿਨ੍ਹਾਂ ਨੇ ਭਾਰਤ ਵਿਚ ਕਥਿਤ ਤੌਰ 'ਤੇ ਤੰਗ-ਪ੍ਰੇਸ਼ਾਨ ਕੀਤੇ ਜਾਣ ਦਾ ਹਵਾਲਾ ਦੇ ਕੇ ਵਿਦੇਸ਼ ਵਿਚ ਸਿਆਸੀ ਪਨਾਹ ਲਈ ਸੀ। ਇਨ੍ਹਾਂ ਵਿਚ ਬਹੁਤੀ ਗਿਣਤੀ ਸਿੱਖਾਂ ਦੀ ਹੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਅਜਿਹੇ ਲੋਕਾਂ ਨੂੰ ਹੁਣ ਰੈਗੂਲਰ ਵੀਜ਼ਾ ਅਤੇ ਭਾਰਤ ਦੇ ਪ੍ਰਵਾਸੀ ਨਾਗਰਿਕ ਕਾਰਡ ਦੇ ਦਿਤੇ ਜਾਣਗੇ। ਪਹਿਲਾਂ ਇਨ੍ਹਾਂ ਲੋਕਾਂ ਨੂੰ ਭਾਰਤੀ ਸਫ਼ਾਰਤਖ਼ਾਨਿਆਂ ਵੱਲੋ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਸੀ। ਪੰਜਾਬ ਦੇ ਕਈ ਚੋਣ ਵਿਸ਼ਲੇਸ਼ਕ ਇਸ ਗੱਲੋਂ ਹੈਰਾਨ ਹਨ ਕਿ ਕਾਲੀ ਸੂਚੀ ਖ਼ਤਮ ਕਰਨ ਦਾ ਐਲਾਨ ਪੰਜਾਬ ਵਿਚ 19 ਮਈ ਨੂੰ ਪੈਣ ਵਾਲੀਆਂ ਲੋਕ ਸਭਾ ਚੋਣਾਂ ਦੀਆਂ ਵੋਟਾਂ ਤੋਂ ਐਨ ਪਹਿਲਾਂ ਹੀ ਕਿਉਂ ਕੀਤਾ ਗਿਆ ਹੈ ? ਸਰਕਾਰ ਨੇ ਪੂਰੇ ਪੰਜ ਸਾਲ ਕੱਢ ਦਿੱਤੇ, ਉਦੋਂ ਅਜਿਹਾ ਅਹਿਮ ਐਲਾਨ ਕਿਉਂ ਨਹੀਂ ਕੀਤਾ ਗਿਆ ? ਗ੍ਰਹਿ ਮੰਤਰਾਲੇ ਦੇ ਇਕ ਅਧਿਕਾਰੀ ਨੇ ਕਿਹਾ ਕਿ ਮੰਤਰਾਲੇ ਨੇ ਹੁਣ ਅਜਿਹੀ ਕਿਸੇ ਵੀ ਸਥਾਨਕ ਸੂਚੀ ਨੂੰ ਰੱਖਣਾ ਹੀ ਬੰਦ ਕਰ ਦਿੱਤਾ ਹੈ। ਹੁਣ ਅਜਿਹੇ ਸ਼ਰਨਾਰਥੀ ਅਤੇ ਉਨ੍ਹਾਂ ਦੇ ਪਰਿਵਾਰਕ ਜੀਅ ਜਿਹੜੇ ਭਾਰਤ ਸਰਕਾਰ ਦੀ ਮੁੱਖ ਅਨੁਕੂਲ ਸੂਚੀ ਵਿਚ ਨਹੀਂ ਹਨ, ਨੂੰ ਉਸ ਦੇਸ਼ ਦੇ ਨਿਯਮਾਂ ਅਨੁਸਾਰ ਵੀਜ਼ਾ ਅਤੇ ਹੋਰ ਸੇਵਾਵਾਂ ਦਿਤੀਆਂ ਜਾਣਗੀਆਂ ਜਿਥੇ ਵੀ ਉਹ ਰਹਿੰਦੇ ਹਨ। ਅਜਿਹੇ ਭਾਰਤੀ ਲੋਕਾਂ ਵਿਚ ਜ਼ਿਆਦਾਤਰ ਸਿੱਖ ਹਨ। ਅਧਿਕਾਰੀਆਂ ਨੇ ਕਿਹਾ ਕਿ ਉਹ ਜੇ ਘੱਟ ਤੋਂ ਘੱਟ ਦੋ ਸਾਲ ਤਕ ਆਮ ਭਾਰਤੀ ਵੀਜ਼ਾ ਰੱਖਦੇ ਹਨ ਤਾਂ ਉਹ ਭਾਰਤ ਦੇ ਪ੍ਰਵਾਸੀ ਨਾਗਰਿਕ ਦਾ ਕਾਰਡ ਵੀ ਹਾਸਲ ਕਰ ਸਕਦੇ ਹਨ। ਕਾਲੀ ਸੂਚੀ ਦਾ ਰੌਲਾ ਅਕਸਰ ਚੋਣਾਂ ਸਮੇਂ ਹੀ ਪੈਂਦਾ ਹੈ। ਸੰਨ 2016 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੀ ਕਾਲੀ ਸੂਚੀ ਖ਼ਤਮ ਕੀਤੇ ਜਾਣ ਦੀ ਗੱਲ ਉਠੀ ਸੀ। ਉਦੋਂ ਬਿਆਨ ਆਇਆ ਸੀ ਕਿ ਪ੍ਰਧਾਨ ਮੰਤਰੀ ਦਫ਼ਤਰ ਨੇ 32 ਸਾਲ ਪੁਰਾਣੀ ਸਿੱਖਾਂ ਦੀ ਕਾਲੀ ਸੂਚੀ ਖ਼ਤਮ ਕਰ ਦਿੱਤੀ ਹੈ। ਸਵਾਲ ਹੈ ਕਿ ਜੇ ਉਦੋਂ ਸੂਚੀ ਖ਼ਤਮ ਕਰ ਦਿੱਤੀ ਗਈ ਸੀ ਤਾਂ ਹੁਣ ਉਹ ਸੂਚੀ ਖ਼ਤਮ ਕਰਨ ਦੀ ਕੀ ਲੋੜ ਸੀ ? ਭਾਰਤੀਆਂ ਖ਼ਾਸਕਰ ਸਿੱਖਾਂ ਦੀ ਕਾਲੀ ਸੂਚੀ ਲੰਮੇ ਸਮੇਂ ਤੋਂ ਚਰਚਾ ਦਾ ਵਿਸ਼ਾ ਬਣਦੀ ਰਹੀ ਹੈ। ਸਮੇਂ ਦੀਆਂ ਸਰਕਾਰਾਂ ਨੇ ਇਸ ਸੂਚੀ ਨੂੰ ਖ਼ਤਮ ਕਰਨ ਦੇ ਕਈ ਵਾਰ ਜਨਤਕ ਬਿਆਨ ਦਿੱਤੇ ਹਨ। ਅਕਤੂਬਰ 2017 ਵਿਚ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਸੀ ਕਿ ਸਰਕਾਰ ਨੇ ਕਾਲੀ ਸੂਚੀ ਵਿਚੋਂ 225 ਸਿੱਖਾਂ ਦੇ ਨਾਮ ਹਟਾ ਦਿਤੇ ਹਨ ਪਰ ਉਹ ਸਿੱਖ ਕਿਹੜੇ ਸਨ, ਇਸ ਬਾਬਤ ਅੱਜ ਤਕ ਪਤਾ ਨਹੀਂ ਲੱਗਾ। ਕੋਈ ਨਹੀਂ ਜਾਣਦਾ ਕਿ ਇਸ ਸੂਚੀ ਵਿਚ ਕਿਹੜੇ ਸਿੱਖਾਂ ਦੇ ਨਾਮ ਹਨ। ਯੂਪੀਏ ਸਰਕਾਰ ਸਮੇਂ ਵਿੱਤ ਮੰਤਰੀ ਪੀ ਚਿੰਦਬਰਮ ਨੇ ਕਿਹਾ ਸੀ ਕਿ ਸਰਕਾਰ ਕੋਲ ਅਜਿਹੀ ਕੋਈ ਕਾਲੀ ਸੂਚੀ ਹੈ ਹੀ ਨਹੀਂ।




**ਬਾਕੀ ਸਫ਼ਾ 29 'ਤੇ**






# ਪੰਜਾਬ ਦੀ ਸਿਆਸੀ ਆਪਾ-ਧਾਪੀ ਦੇ ਨਿਕਲਣਗੇ ਖ਼ਤਰਨਾਕ ਸਿੱਟੇ

**ਬਾਦਲਾਂ ਦੇ ਪਿਛਲੇ ਦਸ ਸਾਲਾਂ ਦੇ ਰਾਜ ਵਿਚ ਰੇਤ-ਬਜਰੀ ਮਾਫ਼ੀਆ, ਨਸ਼ਾ ਤਸਕਰੀ, ਗੈਂਗਸਟਰ ਰਾਜ, ਟ੍ਰਾਂਸਪੋਰਟ ਮਾਫ਼ੀਆ ਪ੍ਰਮੁੱਖ ਰਹੇ ਹਨ ਜਿਸ ਦੇ ਸਿੱਟੇ ਵਜੋਂ ਦਸਾਂ ਨਹੁੰਆਂ ਦੀ ਕਮਾਈ ਕਰਕੇ ਦੋ ਡੰਗ ਦੀ ਰੋਟੀ ਖਾਣ ਵਾਲੇ ਕਿਸਾਨ ਅਤੇ ਮਜ਼ਦੂਰ ਖੁਦਕੁਸ਼ੀਆਂ ਦੇ ਰਾਹ ਪਏ ਅਤੇ ਪੰਜਾਬ ਦੀ ਨੌਜਵਾਨੀ ਵਿਦੇਸ਼ਾਂ ਵੱਲ ਮੂੰਹ ਕਰ ਚੁੱਕੀ ਹੈ। ਆਰਥਿਕ ਤੰਗੀ ਅਤੇ ਨਸ਼ਿਆਂ ਦੀ ਓਵਰਡੋਜ਼ ਕਾਰਨ ਨਿੱਤ ਦਿਹਾੜੇ ਪੰਜਾਬ ਵਿਚ ਸਿਵੇ ਬਲ਼ਦੇ ਹਨ। ਜੇਕਰ ਸਿਆਸੀ ਆਪਾ-ਧਾਪੀ ਇਸੇ ਤਰ੍ਹਾਂ ਰਹੀ ਤਾਂ ਵਿਕਾਸ ਪੱਖੋਂ ਪੰਜਾਬ ਦੇ ਹੋਰ ਨਿਵਾਣਾਂ ਵੱਲ ਜਾਣ ਦੇ ਦਿਨ ਵੇਖਣੇ ਸਾਡੇ ਨਸੀਬਾਂ ਵਿਚ ਹੋਣਗੇ। ਅਸੀਂ ਹੋਰ ਵੱਡੇ ਦੁਖਾਂਤ ਹੰਢਾਉਣ ਨੂੰ ਤਿਆਰ ਰਹੀਏ।**




**ਗੁਰਦੀਪ ਸਿੰਘ ਢੁੱਡੀ**

ਇਤਿਹਾਸ ਦੇ ਥੋੜ੍ਹੇ ਜਿਹੇ ਜਾਣਕਾਰ ਵੀ ਇਸ ਗੱਲ ਦੇ ਜਾਣੂੰ ਹਨ ਕਿ ਸਿਆਸਤ ਵਿੱਚ ਕੁਰਸੀ ਦੀ ਖਾਤਰ ਪਿਓ, ਪੁੱਤਰ, ਭਰਾ ਜਾਂ ਹੋਰ ਕਿਸੇ ਰਿਸ਼ਤੇ ਦਾ ਆਪਸ ਵਿੱਚ ਨਾਤਾ ਉਨਾ ਚਿਰ ਹੀ ਬਣਿਆ ਰਹਿੰਦਾ ਹੈ ਜਿੰਨਾ ਚਿਰ ਕੁਰਸੀ ਅੱਖ ਤਿਣ ਨਾ ਦਿਸਣ ਲੱਗ ਪਵੇ। ਕੁਰਸੀ ਨੂੰ ਖ਼ਤਰਾ ਜਾਂ ਫਿਰ ਇਸ ਨੂੰ ਪ੍ਰਾਪਤ ਕਰਨ ਦੀ ਲਾਲਸਾ ਪਿਓ-ਪੁੱਤਰ, ਭਰਾ-ਭਰਾ ਜਾਂ ਫਿਰ ਮਾਲਕ ਨੌਕਰ ਵਿੱਚ ਖਾਨਾ-ਜੰਗੀ ਛੇੜ ਦਿੰਦੀ ਹੈ। ਇਹ ਵੱਖਰੀ ਗੱਲ ਹੈ ਕਿ ਇਸ ਖਾਨਾ-ਜੰਗੀ ਵਿੱਚ ਕਈ ਵਾਰੀ ਕੋਈ ਤੀਸਰੀ ਧਿਰ ਆ ਕੇ ਫਾਇਦਾ ਲੈ ਜਾਇਆ ਕਰਦੀ ਹੈ। ਵਰਤਮਾਨ ਸਮੇਂ ਵਿਸ਼ਵ ਦੇ ਬਹੁਤੇ ਮੁਲਕਾਂ ਵਿੱਚ ਲੋਕਤੰਤਰੀ ਰਾਜ ਪ੍ਰਣਾਲੀ ਪ੍ਰਚੱਲਤ ਹੋ ਚੁੱਕੀ ਹੈ ਅਤੇ ਕੁਝ ਇੱਕ ਦੇਸ਼ਾਂ ਨੂੰ ਛੱਡ ਕੇ ਇਹ ਮਜ਼ਬੂਤੀ ਨਾਲ ਚੱਲ ਵੀ ਰਹੀ ਹੈ। ਇਸ ਲੋਕਤੰਤਰੀ ਰਾਜ ਪ੍ਰਣਾਲੀ ਨੇ ਸ਼ੁਰੂ-ਸ਼ੁਰੂ ਵਿੱਚ (ਹਰ ਥਾਂ) ਜਨ-ਸਧਾਰਨ ਨੂੰ ਵੀ ਸਿਆਸਤ ਵੱਲ ਖਿੱਚ ਲਿਆ ਅਤੇ ਕਿਧਰੇ ਕਿਧਰੇ ਜਨ-ਸਧਾਰਨ ਉੱਚੀ ਕੁਰਸੀ ਤਕ ਪਹੁੰਚ ਵੀ ਗਿਆ ਸੀ। ਅਸਲ ਵਿਚ ਅਜਿਹੇ ਸਮੇਂ ਵਿਚ ਸਿਆਸਤ ਦਾ ਧੁਰਾ ਕੋਈ ਨਾ ਕੋਈ ਵਿਚਾਰਧਾਰਾ ਹੋਇਆ ਕਰਦੀ ਸੀ। ਪ੍ਰੰਤੂ ਸਮੇਂ ਦੀ ਤੋਰ ਨਾਲ ਲੋਕਤੰਤਰੀ ਪ੍ਰਣਾਲੀ ਵਿਚ ਤਾਕਤ ਦਾ ਧੁਰਾ ਉੱਚੀਆਂ ਕੁਰਸੀਆਂ ਉੱਤੇ ਬਿਰਾਜਮਾਨ ਹੋਣ ਵਾਲੇ ਸਿਆਸੀ ਲੋਕਾਂ ਦੁਆਲੇ ਘੁੰਮਣ ਲੱਗ ਪਿਆ। ਤਾਕਤ ਦੇ ਇਸ ਧੁਰੇ ਨੇ ਲੋਕਤੰਤਰੀ ਪ੍ਰਣਾਲੀ ਵਿਚ ਫਿਰ ਰਾਜ ਘਰਾਣਿਆਂ/ਧਨਾਢਾਂ/ਸਰਮਾਏਦਾਰਾਂ ਦਾ ਕੁਰਸੀ 'ਤੇ ਅੱਖ ਵਾਲਾ ਮੁਹਾਵਰਾ ਪੈਦਾ ਕਰ ਦਿੱਤਾ। ਫਲਸਰੂਪ ਬਹੁਤੇ ਥਾਂਵਾਂ ਉੱਤੇ ਸਿਆਸਤ ਨਾਲ ਜੁੜੇ ਲੋਕਾਂ ਵਿਚ ਆਪਾ-ਧਾਪੀ ਵਾਲਾ ਮਾਹੌਲ ਪੈਦਾ ਕਰ ਦਿੱਤਾ। ਇਨ੍ਹਾਂ ਥਾਂਵਾਂ ਵਿੱਚੋਂ ਭਾਰਤ ਦਾ (ਹੁਣ) ਇੱਕ ਛੋਟਾ ਜਿਹਾ ਸੂਬਾ ਪੰਜਾਬ ਇਸ ਦੀ ਪੁਖ਼ਤਾ ਮਿਸਾਲ ਬਣ ਗਿਆ ਹੈ।

ਦੇਸ਼ ਦੇ ਅਜ਼ਾਦੀ ਸੰਗਰਾਮ ਵਿਚ ਕਾਂਗਰਸ ਪਾਰਟੀ ਨੇ ਪਹਿਲੀਆਂ ਵਿਚ ਜਨਤਾ ਦੀ ਅਗਵਾਈ ਕੀਤੀ। ਜਿਵੇਂ ਹੀ ਅਜ਼ਾਦੀ ਪ੍ਰਾਪਤੀ ਦੀ ਇਸ ਲੜਾਈ ਵਿਚ ਹੋਰ ਵਿਚਾਰਧਾਰਾਵਾਂ ਦਾ ਪ੍ਰਵੇਸ਼ ਹੋਇਆ, ਕਾਂਗਰਸ ਪਾਰਟੀ ਨੇ ਇਨ੍ਹਾਂ ਧਿਰਾਂ ਨੂੰ ਪਰਦੇ ਤੋਂ ਧਕੇਲਣ ਲਈ ਸਿਆਸੀ ਚਾਲਾਂ ਦਾ ਵੀ ਸਹਾਰਾ ਲਿਆ। ਇਸੇ ਕਰਕੇ ਸੰਨ 1947 ਵਿਚ ਜਦੋਂ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ ਮਿਲਿਆ ਤਾਂ ਦੇਸ਼ ਦੀ ਵੰਡ ਵਾਲਾ ਇਕ ਬਹੁਤ ਵੱਡਾ ਦੁਖਾਂਤ ਵੀ ਵਾਪਰ ਗਿਆ। ਖੈਰ! ਭਾਰਤ ਵਿੱਚ ਕੇਂਦਰ ਸਮੇਤ ਦੇਸ਼ ਦੇ ਸੂਬਿਆਂ ਵਿੱਚ ਕਾਂਗਰਸ ਪਾਰਟੀ ਨੂੰ ਰਾਜ ਭਾਗ ਨਸੀਬ ਹੋ ਗਿਆ। ਦੇਸ਼ ਲੋਕਤੰਤਰੀ ਸਿਆਸੀ ਢਾਂਚੇ ਵਿਚ ਪਰਿਵਰਤਿਤ ਹੋ ਗਿਆ ਅਤੇ ਸੰਨ 1952 ਵਿਚ ਅਜ਼ਾਦ ਭਾਰਤ ਦੀਆਂ ਪਹਿਲੀਆਂ ਆਮ ਚੋਣਾਂ ਹੋਈਆਂ। ਅੱਗੇ ਚੱਲ ਕੇ ਬਹੁਤਾ ਸਮਾਂ ਰਾਜ ਭਾਗ ਉੱਤੇ ਕਾਂਗਰਸ ਪਾਰਟੀ ਹੀ ਕਾਬਜ਼ ਰਹੀ। ਕਾਂਗਰਸ ਪਾਰਟੀ ਇੱਕ ਵਿਚਾਰਧਾਰਾ ਦਾ ਨਾਮ ਸੀ ਜਿਸ ਦੀ ਤਾਰ ਅਜ਼ਾਦੀ ਸੰਗਰਾਮ ਨਾਲ ਜੁੜਦੀ ਸੀ ਅਤੇ ਰਾਜਕੀ ਵਿਵਸਥਾ ਅੰਗਰੇਜ਼ੀ ਸ਼ਾਸਨ ਵਾਲੀ ਹੀ ਸੀ। ਜਮਹੂਰੀ ਤਰਜ਼ ਦੀ ਰਾਜਕੀ ਵਿਵਸਥਾ ਵਿਚ ਕਾਂਗਰਸ ਪਾਰਟੀ ਦੇ ਅੰਦਰੋਂ ਅਤੇ ਬਾਹਰੋਂ ਬਾਗੀ ਸੁਰਾਂ ਉੱਠੀਆਂ ਅਤੇ ਕਾਂਗਰਸ ਪਾਰਟੀ ਦੀ ਬਾਰਬਰੀ ਦੂਸਰੀਆਂ ਵਿਚਾਰਾਧਾਰਾਵਾਂ ਨੇ ਵੀ ਕਰਨੀ ਸ਼ੁਰੂ ਕੀਤੀ। ਸਮਾਂ ਪਾ ਕੇ ਕੇਂਦਰ ਸਮੇਤ ਕੁਝ ਸੂਬਿਆਂ ਵਿਚ ਕਾਂਗਰਸ ਪਾਰਟੀ ਦੇ ਇਲਾਵਾ ਹੋਰਨਾਂ ਪਾਰਟੀਆਂ ਨੂੰ ਰਾਜ ਭਾਗ ਮਿਲਣ ਲੱਗਾ। ਇਸ ਵਿਚ ਸਿਆਸੀ ਚਾਲਾਂ ਵੀ ਸ਼ੁਰੂ ਹੋ ਗਈਆਂ।

ਪੰਜਾਬ ਵਿਚ ਗੁਰਦੁਆਰਾ ਸੁਧਾਰ ਲਹਿਰ ਵਿੱਚੋਂ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆ ਗਿਆ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੋਰਚਿਆਂ ਵਿਚੋਂ ਪੰਜਾਬ ਦੀ ਫਿਰ ਵੰਡ ਹੋਈ ਅਤੇ ਹੌਲੀ ਹੌਲੀ ਸ਼੍ਰੋਮਣੀ ਅਕਾਲੀ ਦਲ ਨੂੰ ਰਾਜ ਕਰਨ ਦਾ ਮੌਕਾ ਮਿਲ ਗਿਆ। ਭਾਵੇਂ ਰਾਖਵੇਂਕਰਨ ਦੀ ਨੀਤੀ ਕਾਰਨ ਕਥਿਤ ਛੋਟੀਆਂ ਜਾਤਾਂ ਨੂੰ ਵੀ ਸਿਆਸੀ ਤਾਕਤ ਵਿੱਚੋਂ ਹਿੱਸਾ ਨਸੀਬ ਹੋਣ ਲੱਗ ਪਿਆ ਸੀ ਪ੍ਰੰਤੂ ਸ਼੍ਰੋਮਣੀ ਅਕਾਲੀ ਦਲ ਉੱਤੇ ਅਸਲ ਕਬਜ਼ਾ ਵੱਡੇ ਜੱਟ ਸਿੱਖ ਘਰਾਣਿਆਂ ਦਾ ਹੀ ਰਿਹਾ ਅਤੇ ਛੋਟੀਆਂ ਛੋਟੀਆਂ ਬਗਾਵਤਾਂ ਨਾਲ ਇਸ ਦੀ ਵੰਡ ਵੀ ਹੁੰਦੀ ਗਈ ਪ੍ਰੰਤੂ ਅਸਲ ਤਾਕਤ ਸ਼੍ਰੋਮਣੀ ਅਕਾਲੀ ਦਲ ਦੇ ਦੁਆਲੇ ਹੀ ਘੁੰਮਦੀ ਰਹੀ।

ਸਮੇਂ ਦੀ ਤੋਰ ਨਾਲ ਖੱਬੀਆਂ ਧਿਰਾਂ ਦਾ ਉਭਾਰ ਤਾਂ ਹੋਇਆ ਪ੍ਰੰਤੂ ਪੰਜਾਬ ਵਿਚ ਉਹ ਸਿਆਸੀ ਤੌਰ 'ਤੇ ਹਾਸ਼ੀਏ ਉਤੇ ਜਾਣ ਵਾਲੀ ਸਥਿਤੀ ਵਿੱਚ ਪਹੁੰਚ ਗਈਆਂ। ਵਿੱਚ ਜਿਹੇ ਬਹੁਜਨ ਸਮਾਜ ਪਾਰਟੀ ਨੂੰ ਵੀ ਵਿਗਸਣ ਦਾ ਮੌਕਾ ਮਿਲਿਆ ਪ੍ਰੰਤੂ ਇਹ ਵੀ ਛੇਤੀ ਹੀ ਪੰਜਾਬ ਦੇ ਸਿਆਸੀ ਪਰਦੇ ਤੋਂ ਲੁਪਤ ਹੋਣ ਵਾਲੀ ਸਥਿਤੀ ਵਿੱਚ ਪਹੁੰਚ ਗਈ। ਖਾੜਕੂਵਾਦ ਦੇ ਸਮੇਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਮਾਨ ਧੜੇ ਨੂੰ ਵੀ ਉੱਭਰਨ ਦਾ ਮੌਕਾ ਦਿੱਤਾ ਪ੍ਰੰਤੂ ਛੇਤੀ ਹੀ ਇਹ ਵੀ ਪਿੱਛੇ ਪਹੁੰਚ ਗਿਆ। ਬਾਦਲ ਘਰਾਣੇ ਵਿੱਚੋਂ ਘਰੇਲੂ ਖਾਨਾਜੰਗੀ ਵਿੱਚੋਂ ਮਨਪ੍ਰੀਤ ਸਿੰਘ ਬਾਦਲ ਨੇ ਭਗਤ ਸਿੰਘ ਦੀ ਸੋਚ ਦਾ ਸਹਾਰਾ ਲੈ ਕੇ ਉੱਭਰਨ ਦਾ ਯਤਨ ਕੀਤਾ ਪ੍ਰੰਤੂ ਉਹ ਵੀ ਕੁਝ ਸਿਆਸੀ ਪ੍ਰਾਪਤੀ ਨਾ ਕਰ ਸਕਿਆ ਅਤੇ ਫਿਰ ਕਾਂਗਰਸ ਪਾਰਟੀ ਦੇ ਲੜ ਲੱਗ ਗਿਆ। ਅਸਲ ਵਿੱਚ ਕਾਂਗਰਸ ਪਾਰਟੀ ਕੇਂਦਰੀ ਪਾਰਟੀ ਹੋਣ ਕਰਕੇ ਹੇਠਾਂ ਉੱਤੇ ਤਾਂ ਹੁੰਦੀ ਰਹੀ ਪ੍ਰੰਤੂ ਨਵੇਂ ਹੋਂਦ ਵਿੱਚ ਆਏ ਪੰਜਾਬ ਵਿੱਚ ਉਹ ਬਾਦਲ ਧੜੇ ਨੂੰ ਟੱਕਰ ਦਿੰਦੀ ਆ ਰਹੀ ਹੈ। ਬਾਦਲ ਧੜੇ ਨੇ ਪਹਿਲਾਂ ਜਨਤਾ ਪਾਰਟੀ ਅਤੇ ਫਿਰ ਭਾਰਤੀ ਜਨਤਾ ਪਾਰਟੀ ਨਾਲ ਆਪਣਾ ਸਿਆਸੀ ਗਠਜੋੜ ਬਣਾਈ ਰੱਖਿਆ। ਹਾਲਾਂਕਿ ਪ੍ਰਕਾਸ਼ ਸਿੰਘ ਬਾਦਲ ਨੇ ਕਈ ਵਾਰੀ ਸਿਆਸੀ ਕਲਾਬਾਜ਼ੀਆਂ ਵਾਲੇ ਸਮਝੌਤੇ ਵੀ ਕੀਤੇ।

ਅੰਨਾ ਹਜ਼ਾਰੇ ਦੇ ਅੰਦੋਲਨ ਵਿੱਚੋਂ ਸਿਆਸੀ ਲਾਹਾ ਲੈਂਦਿਆਂ ਅਰਵਿੰਦ ਕੇਜਰੀਵਾਲ ਨੇ ਦਿੱਲੀ ਵਿੱਚ ਆਮ ਆਦਮੀ ਪਾਰਟੀ ਦਾ ਗਠਨ ਕਰ ਲਿਆ ਅਤੇ ਦਿੱਲੀ ਦੇ ਲੋਕਾਂ ਸਾਹਮਣੇ ਪਹਿਲਾਂ ਅੰਨਾ ਹਜ਼ਾਰੇ ਦੇ ਵਿਚਾਰ ਅਤੇ ਫਿਰ ਅਰਵਿੰਦ ਕੇਜਰੀਵਾਲ ਹੋਣ ਕਰਕੇ ਪੂਰੀ ਦੀ ਪੂਰੀ ਦਿੱਲੀ ਇੱਕ-ਦਮ ਆਮ ਆਦਮੀ ਪਾਰਟੀ ਦੀ ਝੋਲੀ ਵਿੱਚ ਆਣ ਪਈ। ਕੇਜਰੀਵਾਲ ਵੱਡੇ ਸੁਫ਼ਨੇ ਲੈਣ ਲੱਗ ਪਿਆ। ਬੇਸ਼ੱਕ ਹੋਰਨਾਂ ਸੂਬਿਆਂ ਵਿੱਚ ਵੀ ਇਸ ਨੂੰ ਕੁਝ ਸਹਾਰਾ ਮਿਲਿਆ ਪ੍ਰੰਤੂ ਅਸਲ ਵਿੱਚ ਪੰਜਾਬ ਵਿੱਚੋਂ ਇਸ ਨੂੰ ਵੱਡਾ ਹੁੰਗਾਰਾ ਮਿਲ ਗਿਆ। ਲੋਕ ਸਭਾ ਵਿੱਚ ਚਾਰ ਸੀਟਾਂ ਮਿਲਣ ਸਦਕਾ ਕੇਜਰੀਵਾਲ ਬੜੇ ਵੱਡੇ ਭਰਮ ਭੁਲੇਖਿਆਂ ਦਾ ਸ਼ਿਕਾਰ ਹੋ ਗਿਆ। ਪੰਜਾਬੀ ਮਾਨਸਿਕਤਾ ਨੂੰ ਸਮਝਣ ਵਿੱਚ ਉੱਕਣ ਕਰਕੇ ਉਹ ਆਪਣੇ ਆਪ ਨੂੰ ਕੇਂਦਰੀ ਤਾਕਤ ਸਮਝਦਿਆਂ ਗਲਤੀਆਂ ਕਰਦਾ ਗਿਆ ਅਤੇ ਪੰਜਾਬ ਵਿੱਚ 'ਆਪ' ਦੇ ਪੱਖ ਵਿੱਚ ਝੁੱਲ ਰਹੀ ਹਨੇਰੀ ਦਾ ਫਾਇਦਾ ਲੈਣ ਤੋਂ ਚੁੱਕ ਗਿਆ। ਆਪ ਦੇ ਹੱਕ ਵਿੱਚ ਝੁੱਲੀ ਹਨੇਰੀ ਨੇ ਫਿਰ ਵੀ ਵਿਧਾਨ ਸਭਾ ਵਿੱਚ ਆਪ ਨੂੰ 22 ਸੀਟਾਂ ਦਿਵਾ ਕੇ ਲੋਕਾਂ ਨੇ ਕੇਜਰੀਵਾਲ ਨੂੰ ਦੂਹਰਾ ਸੰਕੇਤ ਦਿੱਤਾ। ਪੰਜਾਬ ਦੇ ਲੋਕ ਦੂਸਰੇ ਵਿਅਕਤੀ ਦੀ ਅਗਵਾਈ ਤਾਂ ਮੰਨ ਲੈਂਦੇ ਹਨ ਪ੍ਰੰਤੂ ਇਹ ਪੂਰੀ ਤਰ੍ਹਾਂ ਈਨ ਨਹੀਂ ਮੰਨਦੇ। ਆਮ ਆਦਮੀ ਪਾਰਟੀ ਦੀ ਕੇਂਦਰੀ ਹਾਈ ਕਮਾਨ ਨੇ ਪੰਜਾਬ ਦੇ ਲੋਕਾਂ ਨੂੰ ਤਾਕਤ ਵਿੱਚੋਂ ਬਣਦਾ ਹਿੱਸਾ ਦੇਣ ਦੀ ਥਾਂ ਕੇਂਦਰੀ ਹਕੂਮਤ ਚਲਾਉਣ ਦੀ ਵੱਡੀ

ਬਾਕੀ ਸਫ਼ਾ 29 'ਤੇ

# ਪੰਜਾਬ ਵਿਚ ਵੋਟਾਂ ਪੈਣ ਵਾਲਾ ਇਕ ਦਿਨ

**ਬਲਰਾਜ ਸਿੰਘ ਸਿੱਧੂ**
ਸੀਨੀਅਰ ਪੁਲੀਸ ਅਫਸਰ
(91 9501100062)



ਪੰਜਾਬ ਵਿਚ ਸਭ ਤੋਂ ਵੱਧ ਜ਼ੋਰ ਅਜ਼ਮਾਈ ਸਰਪੰਚੀ ਦੀ ਚੋਣ ਵਿੱਚ ਹੁੰਦੀ ਹੈ। ਇਕੱਲੇ ਇਕੱਲੇ ਘਰ ਦੀਆਂ ਵੋਟਾਂ ਗਿਣੀਆਂ ਜਾਂਦੀਆਂ ਹਨ ਤੇ ਹਰ ਪਰਿਵਾਰ ਨੂੰ ਵੋਟਾਂ ਪਾਉਣ ਵਾਸਤੇ ਬੇਨਤੀਆਂ ਕੀਤੀਆਂ ਜਾਂਦੀਆਂ ਹਨ। ਨਵੀਆਂ ਵਿਆਹੀਆਂ ਲੜਕੀਆਂ ਨੂੰ ਵੀ ਵੋਟਾਂ ਭੁਗਤਾਉਣ ਲਈ ਪੇਕੇ ਤੋਂ ਬੁਲਾਇਆ ਜਾਂਦਾ ਹੈ। ਖਰਚਾ ਵੀ ਸਭ ਤੋਂ ਵੱਧ ਸਰਪੰਚੀ ਚੋਣ 'ਤੇ ਹੀ ਆਉਂਦਾ ਹੈ। ਦੂਸਰੇ ਨੰਬਰ 'ਤੇ ਵਿਧਾਨ ਸਭਾ ਚੋਣਾਂ ਵਿੱਚ ਜ਼ੋਰ ਲਗਦਾ ਹੈ ਤੇ ਸਭ ਤੋਂ ਘੱਟ ਪਾਰਲੀਮੈਂਟ ਚੋਣਾਂ ਵਿੱਚ। ਪਾਰਲੀਮੈਂਟ ਚੋਣਾਂ ਵੱਲ ਤਾਂ ਲੋਕ ਬਹੁਤਾ ਧਿਆਨ ਹੀ ਨਹੀਂ ਦਿੰਦੇ। ਕਈ ਸਾਲ ਪਹਿਲਾਂ ਮੈਂ ਇੱਕ ਥਾਣੇ ਦਾ ਐੱਸਐੱਚਓ. ਲੱਗਾ ਹੋਇਆ ਸੀ ਤੇ ਸਰਪੰਚੀ ਦੀਆਂ ਚੋਣਾਂ ਹੋ ਰਹੀਆਂ ਸਨ। ਇੱਕ ਪਿੰਡ ਧੜੇਬੰਦੀ ਅਤੇ ਲੜਾਈ ਝਗੜੇ ਲਈ ਖਾਸ ਹੀ ਬਦਨਾਮ ਸੀ। ਹਰੇਕ ਚੋਣ ਵਿੱਚ ਉੱਥੇ ਸਿਰ ਪਾਟਦੇ ਸਨ। ਇਸ ਲਈ ਮੈਂ ਬਾਕੀ ਪਿੰਡਾਂ ਵਿੱਚ ਘੁੰਮ ਘੁੰਮਾ ਕੇ ਬਾਰ ਬਾਰ ਉਸ ਪਿੰਡ ਪਹੁੰਚ ਜਾਂਦਾ ਸੀ। ਰੱਬ ਦੀ ਕ੍ਰਿਪਾ ਨਾਲ ਸਾਰਾ ਦਿਨ ਸੁੱਖੀ ਸਾਂਦੀ ਲੰਘ ਗਿਆ। ਚਾਰ ਕੁ ਵੱਜ ਗਏ ਸਨ ਤੇ ਤਕਰੀਬਨ ਸਾਰੀਆਂ ਵੋਟਾਂ ਭੁਗਤ ਚੁੱਕੀਆਂ ਸਨ। ਅਸੀਂ ਵੀ ਖੁਸ਼ ਸੀ ਕਿ ਚਲੋ ਕੋਈ ਲੜਾਈ ਝਗੜਾ ਨਹੀਂ ਹੋਇਆ, ਹੁਣ ਤਾਂ ਪੰਜ ਵਜੇ ਕੰਮ ਮੁੱਕ ਹੀ ਜਾਣਾ ਹੈ। ਸਮਾਂ ਖਤਮ ਹੁੰਦਾ ਵੇਖ ਕੇ ਦੋਵੇਂ ਪਾਰਟੀਆਂ ਆਪੋ ਆਪਣੇ ਟੈਂਟ ਵਿੱਚ ਬੈਠੀਆਂ ਵੋਟਾਂ ਦਾ ਹਿਸਾਬ ਕਿਤਾਬ ਕਰ ਰਹੀਆਂ ਸਨ ਕਿ ਕਿਹੜੀ ਵੋਟ ਭੁਗਤ ਗਈ ਤੇ ਕਿਹੜੀ ਰਹਿ ਗਈ?

ਅਚਾਨਕ ਰਾਮ ਸਿੰਘ ਪਾਰਟੀ (ਕਲਪਿਤ ਨਾਮ) ਨੂੰ ਖਿਆਲ ਆਇਆ ਕਿ ਫਲਾਣੇ ਦਾ ਲੱਤਾਂ ਤੋਂ ਆਹਰੀ ਬਜ਼ੁਰਗ ਬਾਪ ਤਾਂ ਵੋਟ ਪਾਉਣ ਤੋਂ ਰਹਿ ਹੀ ਗਿਆ। ਉਸ ਬਜ਼ੁਰਗ ਦਾ ਸਾਰਾ ਪਰਿਵਾਰ ਵੋਟਾਂ ਪਾ ਗਿਆ ਸੀ ਪਰ ਉਸ ਨੂੰ ਚੁੱਕ ਕੇ ਲਿਆਉਣ ਦੇ ਦੁੱਖੋਂ ਨਾਲ ਲੈ ਕੇ ਨਹੀਂ ਸੀ ਆਏ। ਪੰਚਾਇਤੀ ਇਲੈਕਸ਼ਨ ਵਿੱਚ ਇੱਕ ਇੱਕ ਵੋਟ ਕੀਮਤੀ ਹੁੰਦੀ ਹੈ, ਉਸ ਨੂੰ ਲੈ ਕੇ ਆਉਣ ਲਈ ਫੌਰਨ ਕਾਰ ਦੇ ਕੇ ਦੋ ਤਿੰਨ ਬੰਦੇ ਭਜਾਏ ਗਏ। ਉਹ ਬੰਦੇ ਦਸ-ਪੰਦਰਾਂ ਮਿੰਟਾਂ ਵਿਚ ਹੀ ਬਜ਼ੁਰਗ ਨੂੰ ਕਾਰ ਵਿਚ ਲੱਦ ਕੇ ਲੈ ਆਏ ਤੇ ਬਹੁਤ ਇੱਜ਼ਤ ਸਤਿਕਾਰ ਨਾਲ ਚੁੱਕ ਕੇ ਪੋਲਿੰਗ ਸਟੇਸ਼ਨ ਦੇ ਅੰਦਰ ਲੈ ਗਏ। ਪਰ ਉਸ ਬਜ਼ੁਰਗ ਦੇ ਵੋਟ ਪਾਉਂਦੇ ਸਾਰ ਉਨ੍ਹਾਂ ਬੰਦਿਆਂ ਦਾ ਵਿਹਾਰ ਇਕਦਮ ਬਦਲ ਗਿਆ। ਜਿਹੜੇ ਬੰਦੇ ਕੁਝ ਮਿੰਟ ਪਹਿਲਾਂ ਸਰਵਣ ਪੁੱਤ ਬਣ ਕੇ ਬਜ਼ੁਰਗ ਨੂੰ ਹਿੱਕ ਨਾਲ ਲਾਈ ਫਿਰਦੇ ਸਨ, ਉਹ ਉਸ ਨੂੰ ਇਸ ਤਰ੍ਹਾਂ ਬਾਹਰ ਲੈ ਕੇ ਆਏ ਜਿਵੇਂ ਬਹੁਤ ਵੱਡਾ ਬੋਝ ਚੁੱਕਿਆ ਹੋਇਆ ਹੋਵੇ। ਜਦੋਂ ਆਸੇ ਪਾਸੇ ਨਿਗਾਹ ਮਾਰੀ ਤਾਂ ਕਾਰ ਗਾਇਬ ਹੋ ਚੁੱਕੀ ਸੀ। ਵਿਚਾਰੇ ਬਜ਼ੁਰਗ ਨੂੰ ਇੱਕ ਦਰਖਤ ਦੇ ਮੁੱਢ ਦਾ ਸਹਾਰਾ ਦੇ ਕੇ ਭੁੰਜੇ ਹੀ ਬਿਠਾ ਦਿੱਤਾ ਗਿਆ। ਕਿਸੇ ਹੋਰ ਸਵਾਰੀ ਦਾ ਪ੍ਰਬੰਧ ਕਰਨ ਦਾ ਕਹਿ ਕੇ ਉਹ ਦੋਵੇਂ ਵਿਅਕਤੀ ਵੀ ਖਿਸਕ ਗਏ।



ਜਦੋਂ ਅੱਧਾ ਘੰਟਾ ਬੀਤ ਗਿਆ ਤਾਂ ਮੈਂ ਰਾਮ ਸਿੰਘ ਨੂੰ ਕਿਹਾ ਕੇ ਇਸ ਵਿਚਾਰੇ ਨੂੰ ਘਰ ਤਾਂ ਛੱਡ ਆਉ। ਕੁਝ ਸਮਾਂ ਟਾਲ ਮਟੋਲ ਕਰਨ ਤੋਂ ਬਾਅਦ ਹੌਲੀ ਜਿਹੀ ਉਹ ਵੀ ਆਸੇ ਪਾਸੇ ਹੋ ਗਿਆ। ਜਦੋਂ ਵਿਰੋਧੀ ਪਾਰਟੀ ਨੂੰ ਗੱਡੀ ਦੇਣ ਲਈ ਕਿਹਾ ਤਾਂ ਉਹਨਾਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਵੋਟ ਤਾਂ ਇਸ ਨੇ ਰਾਮ ਸਿੰਘ ਨੂੰ ਪਾਈ ਹੈ, ਅਸੀਂ ਇਸ ਦਾ ਠੇਕਾ ਲਿਆ ਐ? ਜਦੋਂ ਕਿਸੇ ਨੇ ਪੱਲਾ ਨਾ ਫੜਾਇਆ ਤਾਂ ਮਜਬੂਰਨ ਸਾਨੂੰ ਹੀ ਆਪਣੀ ਸਰਕਾਰੀ ਗੱਡੀ ਵਿੱਚ ਉਸ ਨੂੰ ਘਰ ਪਹੁੰਚਾਉਣਾ ਪਿਆ। ਅੱਗੋਂ ਉਸ ਦਾ ਪੁੱਤਰ ਵੀ ਸਿਰੇ ਦਾ ਵੈਲੀ ਸੀ। ਉਹ ਪਹਿਲਾਂ ਹੀ ਵੋਟਾਂ ਦੇ ਇਵਜ਼ ਵਿਚ ਮਿਲੀ ਮੁਫਤ ਦੀ ਸ਼ਰਾਬ ਪੀ ਕੇ ਵਿਹੜੇ ਵਿਚ ਸੂਰ ਵਾਂਗ ਲੇਟ ਰਿਹਾ ਸੀ। ਅਸੀਂ ਚੁੱਕ ਚੁਕਾ ਕੇ ਵਿਚਾਰੇ ਬਜ਼ੁਰਗ ਨੂੰ ਉਸ ਦੇ ਮੰਜੇ ਤੱਕ ਪਹੁੰਚਾਇਆ।

ਆਪਣਾ ਮਤਲਬ ਹੱਲ ਹੋਣ ਤੋਂ ਬਾਅਦ ਵਿਖਾਈ ਗਈ ਅਜਿਹੀ ਅਕ੍ਰਿਤਘਣਤਾ ਮੈਂ ਆਪਣੀ ਨੌਕਰੀ ਦੌਰਾਨ ਬਹੁਤ ਘੱਟ ਹੀ ਵੇਖੀ ਹੈ।




# ਲੋਕ ਸਭਾ ਚੋਣਾਂ ਦੇ ਮੌਜੂਦਾ ਦ੍ਰਿਸ਼ ਤੋਂ ਨਿਰਾਸ਼ ਹਨ ਪੰਜਾਬੀ

**ਰਜਿੰਦਰ ਸਿੰਘ**

ਇਸ ਸਮੇਂ ਪੰਜਾਬ ਵਿਚ ਲੋਕ ਸਭਾ ਚੋਣਾਂ ਦਾ ਜੋ ਦ੍ਰਿਸ਼ ਹੈ, ਉਸ ਤੋਂ ਪੰਜਾਬੀ ਨਿਰਾਸ਼ ਹਨ, ਕਿਉਂਕਿ ਪੰਜਾਬ ਦੀਆਂ ਸਮੁੱਚੀਆਂ ਪਾਰਟੀਆਂ ਦੇ ਲੀਡਰ ਸਿਰਫ਼ ਇਕ ਦੂਸਰੇ ਨੂੰ ਗਾਲ੍ਹਾਂ ਕੱਢਣ ਤੇ ਆਲੋਚਨਾ ਕਰਨ ਤੱਕ ਸੀਮਤ ਹਨ, ਪਰ ਕਿਸੇ ਕੋਲ ਪੰਜਾਬ ਦੇ ਹਿੱਤ ਦਾ ਏਜੰਡਾ ਨਹੀਂ ਹੈ। ਹਾਲੇ ਤੱਕ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੇ ਅਸਲ ਦੋਸ਼ੀ ਨਹੀਂ ਫੜੇ ਜਾ ਸਕੇ। ਇਸ ਬਾਰੇ ਹਾਲੇ ਤੱਕ ਸਿਆਸਤ ਖੇਡੀ ਜਾ ਰਹੀ ਹੈ। ਪੰਥਕ ਜਥੇਬੰਦੀਆਂ ਵਾਲੇ ਮੋਰਚੇ ਵੀ ਲਗਾ ਰਹੇ ਹਨ, ਮੋਰਚੇ ਚੁੱਕ ਵੀ ਰਹੇ ਹਨ। ਇਸ ਕਾਰਨ ਸੰਗਤਾਂ ਵਿਚ ਆਪਣੀ ਲੀਡਰਸ਼ਿਪ ਬਾਰੇ ਵੀ ਨਿਰਾਸ਼ਾ ਫੈਲੀ ਹੋਈ ਹੈ।

ਪਿਛਲੀਆਂ ਸੰਨ 2014 ਵਾਲੀਆਂ ਆਮ ਚੋਣਾਂ ਦੌਰਾਨ ਜੋ ਨਾਅਰੇ, ਵਾਅਦੇ ਤੇ ਲਾਰੇ ਭਾਜਪਾ ਨੇ ਵੋਟਰਾਂ ਨੂੰ ਦਿਖਾਏ ਸਨ, ਇਕੱਲੇ ਤੌਰ ’ਤੇ ਸਪੱਸ਼ਟ ਬਹੁਮਤ ਵਿੱਚ ਹੋਣ ਦੇ ਬਾਵਜੂਦ ਇਹ ਸਰਕਾਰ ਆਪਣੇ ਵਾਅਦੇ ਪੂਰੇ ਕਰਨ ਤੋਂ ਬਹੁਤ ਦੂਰ ਰਹੀ ਹੈ। ਕਾਲਾ ਧਨ ਇਸ ਪਾਰਟੀ ਦਾ ਮੁੱਖ ਮੁੱਦਾ ਸੀ ਜੋ ਲਿਆ ਕੇ ਇਸ ਨੇ ਹਰੇਕ ਨਾਗਰਿਕ ਦੇ ਖਾਤੇ ਵਿੱਚ 15 ਲੱਖ ਰੁਪਏ ਜਮ੍ਹਾਂ ਕਰਨ ਦਾ ਲਾਰਾ ਲਾਇਆ ਸੀ। ਉਹ ਵੀ ਹੁਣ ਫਲਾਪ ਹੋ ਗਿਆ ਹੈ। ਲੋਕ ਮਖੌਲ ਨਾਲ ਕਹਿੰਦੇ ਹਨ ਕਿ ਇਹ ਵਾਅਦੇ ਤਾਂ ਸ਼ਰਾਬੀਆਂ ਦੀ ਗੱਪ ਵਰਗੇ ਹਨ। ਪੰਜਾਬ ਦੇ ਸੱਤਾਧਾਰੀ ਲੋਕ ਵੀ ਇੰਝ ਦੇ ਹੀ ਸ਼ਰਾਬੀਆਂ ਦੀ ਗੱਪ ਵਰਗੇ ਵਾਅਦੇ ਕਰਦੇ ਹਨ। ਹੁਣੇ ਜਿਹੇ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਪੁਰਾਣੇ ਵਾਅਦੇ ਤੋਂ ਮੁੱਕਰਦਿਆਂ ਕਿਹਾ ਕਿ ਉਹਨਾਂ ਨੇ ਕਦੇ ਵੀ ਇਹ ਸਹੁੰ ਨਹੀਂ ਸੀ ਚੁੱਕੀ ਕਿ ਉਹ ਕੁਝ ਚਿਰਾਂ ਵਿਚ ਹੀ ਨਸ਼ੇ ਖਤਮ ਕਰ ਦੇਣਗੇ, ਉਹਨਾਂ ਸਿਰਫ ਕਿਹਾ ਸੀ ਕਿ ਉਹ ਪੰਜਾਬ ਵਿਚ ਨਸ਼ੇ ਦਾ ਲੱਕ ਤੋੜ ਦੇਣਗੇ। ਉਹਨਾਂ ਅਜਿਹਾ ਕਰ ਦਿੱਤਾ ਹੈ। ਇਹ ਵਾਅਦੇ ਸਿਆਸਤਦਾਨਾਂ ਦੇ ਜੁਮਲੇ ਇਸ ਲਈ ਹਨ ਕਿ ਇਹਨਾਂ ਦੀ ਜਵਾਬਦੇਹੀ ਲੋਕ ਨਹੀਂ ਕਰ ਰਹੇ। ਜੇਕਰ ਲੋਕ ਪੈਸੇ ਤੇ ਨਿੱਜੀ ਹਿੱਤਾਂ ਲਈ ਨਾ ਵਿਕਣ ਤਾਂ ਪੰਜਾਬ ਤੇ ਭਾਰਤ ਦਾ ਸਿਸਟਮ ਠੀਕ ਹੋ ਸਕਦਾ ਹੈ। ਬੇਰੁਜ਼ਗਾਰੀ ਇਸ ਸਮੇਂ ਭਾਰਤ ਲਈ ਸਭ ਤੋਂ ਵੱਡਾ ਦੁਖਾਂਤ ਬਣਿਆ ਹੋਇਆ ਹੈ। ਭਾਰਤ ਤੇ ਪੰਜਾਬ ਦੇ ਲੋਕ ਇਸੇ ਕਾਰਨ ਪ੍ਰਵਾਸ ਕਰ ਰਹੇ ਹਨ। ਪੰਜਾਬ ਵਿਚ ਤਾਂ ਯੂਥ ਦੇ ਪ੍ਰਵਾਸ ਦੀ ਹਨੇਰੀ ਵਗੀ ਹੋਈ ਹੈ। ਮੋਦੀ ਸਰਕਾਰ ਤਾਂ ਕਹਿੰਦੀ ਸੀ ਕਿ ਦੋ ਕਰੋੜ ਪ੍ਰਤੀ ਸਾਲ ਦੇ ਹਿਸਾਬ 10 ਕਰੋੜ ਨੌਕਰੀਆਂ ਦੇਣੀਆਂ ਸਨ। ਪਰ ਇਹ ਨੌਕਰੀਆਂ ਕਿੱਥੇ ਹਨ? ਯੂਥ ਤੇ ਕਿਸਾਨੀ ਆਤਮ-ਹੱਤਿਆਂ ਦੇ ਰਾਹੇ ਪਈ ਹੋਈ ਹੈ ਜਾਂ ਅੰਦੋਲਨ ਕਰਕੇ ਸਟੇਟ ਦੀਆਂ ਡਾਂਗਾਂ ਖਾ ਰਹੀ ਹੈ। ਇਹ ਪਾਰਟੀਆਂ ਦੇ ਲੀਡਰ ਇੰਝ ਵਾਅਦੇ ਕਰਦੇ ਹਨ, ਜਿਵੇਂ ਭਾਰਤ ਤੇ ਪੰਜਾਬ ਦੇ ਲੋਕ ਭਿਖਾਰੀ ਹੋਣ। ਕੋਈ ਪਾਰਟੀ ਉੱਠਦੀ ਹੈ ਤੇ ਕਹਿੰਦੀ ਹੈ ਕਿ ਅਸੀਂ ਕਿਸਾਨਾਂ ਦੇ ਖਾਤਿਆਂ ਵਿੱਚ ਦੋ ਹਜ਼ਾਰ ਰੁਪਏ ਜਮ੍ਹਾਂ ਕਰਵਾਵਾਂਗੇ। ਕੋਈ ਕਹਿੰਦੀ ਹੈ ਕਿ ਅਸੀਂ ਸਾਲ ਦੇ 72 ਹਜ਼ਾਰ ਰੁਪਏ ਜਮ੍ਹਾਂ ਕਰਵਾਵਾਂਗੇ। ਕੋਈ ਆਟਾ ਦਾਲ ਮੁਫਤ ਦਾ ਨਾਅਰਾ ਲਾਉਂਦਾ ਹੈ ਤੇ ਕੋਈ ਨਾਲ ਚਾਹ ਪੱਤੀ ਵੀ ਦੇਣ ਲੱਗ ਜਾਂਦਾ ਹੈ। ਸਾਈਕਲ, ਸਮਾਰਟ ਫੋਨ, ਤੀਰਥ ਯਾਤਰਾ ਤੇ ਮੁਫਤ ਬਿਜਲੀ-ਪਾਣੀ ਵਰਗੇ ਵਾਅਦੇ ਕਰਕੇ ਇਹਨਾਂ ਨੇਤਾਵਾਂ ਨੇ ਵੋਟਰਾਂ ਨੂੰ ਭਿਖਾਰੀ ਸਮਝ ਲਿਆ ਹੈ ਤੇ ਵੋਟਰ ਵੀ ਲਾਲਚੀ ਬਣ ਗਏ ਹਨ ਤੇ ਆਪਣੀ ਧਰਤੀ ਤੇ ਜ਼ਿੰਦਗੀ ਦੇ ਏਜੰਡੇ ਨੂੰ ਭੁੱਲ ਗਏ ਹਨ। ਸਿਹਤ ਸਹੂਲਤਾਂ, ਵਿਦਿਆ, ਵਾਤਾਵਰਨ ਤੇ ਇਮਾਨਦਾਰੀ ਕੋਈ ਏਜੰਡਾ ਨਹੀਂ ਹੈ। ਇਹੀ ਕਾਰਨ ਹੈ ਕਿ ਭਾਰਤ ਬੁਰੀ ਤਰ੍ਹਾਂ ਪੱਛੜ ਰਿਹਾ ਹੈ। ਇਸ ਪੱਛੜੇਪਨ ਵਿਚੋਂ ਹੀ ਨਸ਼ੇ ਪੈਦਾ ਹੋ ਰਹੇ ਹਨ। ਦੂਜੇ ਪਾਸੇ ਭਾਰਤ ਦੀ ਲੀਡਰਸ਼ਿਪ ਕੋਲ ਅਣਗਿਣਤ ਸਹੂਲਤਾਂ ਅਤੇ ਪੈਨਸ਼ਨਾਂ ਦੇ ਗੱਫੇ ਹਨ ਪਰ ਆਮ ਲੋਕਾਂ ਲਈ ਬੁਢਾਪਾ ਪੈਨਸ਼ਨ ਦਾ ਛਲਾਵਾ ਤੇ ਲਾਰਾ ਹੈ, ਨੌਕਰੀਆਂ ਗਾਇਬ ਹਨ ਤੇ ਸਵੈ ਰੁਜ਼ਗਾਰ ਵੀ ਕੋਈ ਏਜੰਡਾ ਨਹੀਂ।

ਭਾਰਤ ਦੀਆਂ ਅਜੋਕੀਆਂ ਚੋਣਾਂ ਭ੍ਰਿਸ਼ਟਾਚਾਰ ਦਾ ਹੀ ਆਧਾਰ ਹਨ। ਪਿੰਡ ਪੱਧਰ ਤੋਂ ਲੈ ਕੇ ਸੰਸਦ ਤੱਕ ਚੋਣ ਪ੍ਰਕਿਰਿਆ ਬਹੁਤ ਮਹਿੰਗੀ ਹੋ ਗਈ ਹੈ, ਜੋ ਕਿ ਭ੍ਰਿਸ਼ਟਾਚਾਰ ਦੇ ਪਸਾਰਨ ਦਾ ਕਾਰਨ ਬਣ ਰਹੀ ਹੈ। ਜੋ ਇਸ ’ਤੇ ਪੈਸਾ ਖਰਚੇਗਾ, ਜਿੱਤਣ ਤੇ ਉਹ ਭ੍ਰਿਸ਼ਟਾਚਾਰੀ ਢੰਗ ਨਾਲ ਕਈ ਗੁਣਾਂ ਵਧ ਪ੍ਰਾਪਤ ਕਰੇਗਾ। ਲੋਕ ਸਭਾ ਦੀ ਚੋਣ ਲਈ ਨਿਰਧਾਰਤ 74 ਲੱਖ ਰੁਪਏ ਤੋਂ ਕਿਤੇ ਵੱਧ ਖਰਚਾ ਪ੍ਰਤੀ ਉਮੀਦਵਾਰ ਹੋ ਜਾਂਦਾ ਹੈ। 4 ਹਜ਼ਾਰ ਕਰੋੜ ਦੇ ਕਰੀਬ ਤਾਂ ਚੋਣ ਕਮਿਸ਼ਨ ਦਾ ਖਰਚ ਹੋ ਜਾਂਦਾ ਹੈ। ਰੈਲੀਆਂ ਤੇ ਮਹਾਂਰੈਲੀਆਂ ਤਾਂ ਅਰਬਾਂ ਰੁਪਏ ਖਰਚ ਹੋ ਜਾਂਦੇ ਹਨ। ਲੋਕਾਂ ਨੂੰ ਕੁਝ ਨਹੀਂ ਪ੍ਰਾਪਤ ਹੁੰਦਾ। ਜੇਕਰ ਪੰਜਾਬ ਦੇ ਲੋਕ ਇਹਨਾਂ ਚੋਣਾਂ ਵਿਚ ਇਹ ਨੀਤੀ ਧਾਰਨ ਕਰ ਲੈਣ ਕਿ ਜੇਕਰ ਇਹਨਾਂ ਲੋਕਾਂ ਨੇ ਵਾਅਦੇ ਪੂਰੇ ਨਹੀਂ ਕੀਤੇ ਤਾਂ ਸੇਵਾ ਦਾ ਮੌਕਾ ਨਵੇਂ ਉਮੀਦਵਾਰਾਂ ਨੂੰ ਦਿੱਤਾ ਜਾਵੇ ਤੇ ਪੁਰਾਣੇ ਉਮੀਦਵਾਰਾਂ ਨੂੰ ਹਰਾ ਕੇ ਉਹਨਾਂ ਨੂੰ ਰੱਦ ਕੀਤਾ ਜਾਵੇ। ਇਸ ਤੋਂ ਹੀ ਇਹਨਾਂ ਲੋਕਾਂ ਨੂੰ ਸਬਕ ਮਿਲ ਸਕਦਾ ਹੈ। ਇਸ ਸੰਬੰਧ ਵਿਚ ਲੋਕਾਂ ਨੂੰ ਪਾਰਟੀ ਪੱਧਰ ਤੋਂ ਉੱਠ ਕੇ ਚੰਗੇ ਉਮੀਦਵਾਰਾਂ ਦੀ ਭਾਲ ਕਰਨੀ ਚਾਹੀਦੀ ਹੈ ਤੇ ਜਿਤਾਉਣਾ ਚਾਹੀਦਾ ਹੈ।

# ਸੁਖਬੀਰ ਬਾਦਲ ਨੂੰ ਫਿਰੋਜ਼ਪੁਰ ’ਚ ਸਖਤ ਚੈਲੰਜ

- **ਚੋਣ ਪਰਚਾਰ ਦੀ ਕਮਾਂਡ ਸੁਖਬੀਰ ਨੇ ਲੋਕਲ ਆਗੂਆਂ ਨੂੰ ਸੌਂਪੀ**
- **ਰਾਏ ਸਿੱਖ ਬਰਾਦਰੀ ਦੀ ਵੋਟ ਹਾਸਲ ਕਰਨੀ ਬਣੀ ਚੁਣੌਤੀ**



**ਫਿਰੋਜ਼ਪੁਰ/ਏਟੀ ਨਿਊਜ਼ :**
ਸੁਖਬੀਰ ਸਿੰਘ ਬਾਦਲ ਜੋ ਫਿਰੋਜ਼ਪੁਰ ਤੋਂ ਚੋਣ ਲੜ ਰਹੇ ਹਨ, ਲਈ ਸਭ ਤੋਂ ਵੱਡੀ ਚੁਣੌਤੀ ਕਾਂਗਰਸ ਹੈ, ਕਿਉਂਕਿ ਸੂਬੇ ਵਿੱਚ ਕਾਂਗਰਸ ਦੀ ਸਰਕਾਰ ਹੈ। ਲੋਕ ਸਭਾ ਹਲਕਾ ਫਿਰੋਜ਼ਪੁਰ ਅਧੀਨ ਪੈਂਦੇ 9 ਵਿਧਾਨ ਸਭਾ ਹਲਕਿਆਂ ਵਿੱਚੋਂ 6 ਹਲਕਿਆਂ ਮਲੋਟ, ਗੁਰੂ ਹਰਸਹਾਏ, ਬੱਲੂਆਣਾ, ਫਿਰੋਜ਼ਪੁਰ ਸ਼ਹਿਰੀ, ਫਿਰੋਜ਼ਪੁਰ ਦਿਹਾਤੀ ਤੇ ਫਾਜ਼ਿਲਕਾ ਵਿੱਚ ਕਾਂਗਰਸ ਪਾਰਟੀ ਦੇ ਵਿਧਾਇਕ ਹਨ। ਕਿਆਸਅਰਾਈਆਂ ਦੇ ਉਲਟ 2017 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਅਕਾਲੀ ਦਲ ਦਾ ਗੜ੍ਹ ਸਮਝੇ ਜਾਂਦੇ ਫਿਰੋਜ਼ਪੁਰ ਦਿਹਾਤੀ ਤੇ ਫਿਰੋਜ਼ਪੁਰ ਸ਼ਹਿਰੀ ਹਲਕਿਆਂ ’ਤੇ ਅਕਾਲੀ-ਭਾਜਪਾ ਗਠਜੋੜ ਦੇ ਉਮੀਦਵਾਰ ਹਾਰ ਗਏ ਸਨ। ਅਕਾਲੀ-ਭਾਜਪਾ ਗਠਜੋੜ ਦੇ ਹਿੱਸੇ ਵਿੱਚ ਸ੍ਰੀ ਮੁਕਤਸਰ ਸਾਹਿਬ, ਜਲਾਲਾਬਾਦ ਅਤੇ ਅਬੋਹਰ ਦੀਆਂ ਸੀਟਾਂ ਹਨ। ਸੂਬੇ ਵਿੱਚ ਕਾਂਗਰਸ ਦੀ ਸਰਕਾਰ ਹੋਣ ਕਾਰਨ 6 ਵਿਧਾਨ ਸਭਾ ਹਲਕਿਆਂ ਵਿੱਚ ਸੁਖਬੀਰ ਸਿੰਘ ਬਾਦਲ ਨੂੰ ਸਖ਼ਤ ਮੁਸ਼ੱਕਤ ਕਰਨ ਦੀ ਇੱਕ ਚੁਣੌਤੀ ਹੈ।

ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ ’ਤੇ ਖੜ੍ਹੇ ਅਕਾਲੀ-ਭਾਜਪਾ ਗਠਜੋੜ ਦੇ ਉਮੀਦਵਾਰਾਂ ਦੇ ਚੋਣ ਪ੍ਰਚਾਰ ਦੀ ਕਮਾਂਡ ਇਸ ਵਾਰ ਸਿੱਧੇ ਤੌਰ ’ਤੇ ਸੁਖਬੀਰ ਬਾਦਲ ਦੇ ਹੱਥ ਵਿੱਚ ਹੈ। ਸਭ ਤੋਂ ਅਹਿਮ ਗੱਲ ਇਹ ਹੈ ਕਿ ਉਨ੍ਹਾਂ ਦੀ ਪਤਨੀ ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਲੋਕ ਸਭਾ ਹਲਕਾ ਬਠਿੰਡਾ ਤੋਂ ਪਾਰਟੀ ਦੇ ਉਮੀਦਵਾਰ ਹਨ। ਵੱਡੇ ਬਾਦਲ ਬਜ਼ੁਰਗ ਹੋਣ ਕਾਰਨ ਇਹ ਕਮਾਂਡ ਸੰਭਾਲਣ ਤੋਂ ਅਸਮਰੱਥ ਹਨ। ਉਹਨਾਂ ਨੇ ਆਪਣੀ ਨੂੰਹ ਹਰਸਿਮਰਤ ਦੀ ਕਮਾਂਡ ਬਠਿੰਡਾ ਹਲਕੇ ਤੋਂ ਸੰਭਾਲੀ ਹੋਈ ਹੈ।

ਪੰਜਾਬ ਦੇ 13 ਲੋਕ ਸਭਾ ਹਲਕਿਆਂ ਵਿੱਚੋਂ 10 ਵਿੱਚ ਅਕਾਲੀ ਦਲ ਅਤੇ 3 ਹਲਕਿਆਂ ਵਿੱਚ ਭਾਜਪਾ ਦੇ ਉਮੀਦਵਾਰ ਚੋਣ ਲੜ ਰਹੇ ਹਨ।

ਜਿਹੜੇ ਹਲਕਿਆਂ ਵਿੱਚ ਅਕਾਲੀ ਦਲ ਦੇ ਉਮੀਦਵਾਰ ਚੋਣ ਲੜ ਰਹੇ ਹਨ, ਉਨ੍ਹਾਂ ਹਲਕਿਆਂ ਵਿੱਚ ਸੁਖਬੀਰ ਨੂੰ ਆਪਣਾ ਲੋਕ ਸਭਾ ਖੇਤਰ ਛੱਡ ਕੇ ਚੋਣ ਪ੍ਰਚਾਰ ਲਈ ਜਾਣਾ ਪੈ ਰਿਹਾ ਹੈ। ਇਥੋਂ ਤੱਕ ਬਠਿੰਡਾ ਹਲਕਾ ਵਿਚ ਵੀ ਸੁਖਬੀਰ ਨੂੰ ਆਪਣੀ ਪਤਨੀ ਦੇ ਲਈ ਮਿਹਨਤ ਕਰਨੀ ਪੈ ਰਹੀ ਹੈ। ਇਸ ਹਾਲਾਤ ਵਿੱਚ ਫਿਰੋਜ਼ਪੁਰ ਲੋਕ ਸਭਾ ਹਲਕੇ ਦੇ ਹਰ ਖਿੱਤੇ ਵਿੱਚ ਸੁਖਬੀਰ ਸਿੰਘ ਬਾਦਲ ਦਾ ਚੋਣ ਪ੍ਰਚਾਰ ਸਥਾਨਕ ਆਗੂਆਂ ਦੇ ਹੱਥ ਵਿੱਚ ਹੀ ਹੈ। ਅਜਿਹੇ ਵਿੱਚ ਆਪਣੇ ਹਲਕੇ ਵਿਚ ਪ੍ਰਚਾਰ ਲਈ ਘੱਟ ਸਮਾਂ ਦੇਣਾ ਸੁਖਬੀਰ ਸਿੰਘ ਬਾਦਲ ਸਾਹਮਣੇ ਇਹ ਗੰਭੀਰ ਚੁਣੌਤੀ ਵਜੋਂ ਦੇਖਿਆ ਜਾ ਰਿਹਾ ਹੈ।

ਲੋਕ ਸਭਾ ਹਲਕਾ ਫਿਰੋਜ਼ਪੁਰ ਵਿੱਚ ਰਾਏ ਸਿੱਖ ਬਿਰਾਦਰੀ ਦੀ ਵਧੇਰੇ ਵਸੋਂ ਹੋਣ ਕਾਰਨ ਹਰ ਸਿਆਸੀ ਧਿਰ ਉਨ੍ਹਾਂ ਦੀਆਂ ਵੋਟਾਂ ਹਾਸਲ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਦੀ ਰਹੀ ਹੈ। ਕਾਂਗਰਸੀ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਦਾਅਵਾ ਕਰਦੇ ਹਨ, “ਰਾਏ ਸਿੱਖ ਬਿਰਾਦਰੀ ਦੀ ਵੋਟ ਹਮੇਸ਼ਾ ਹੀ ਰਾਏ ਸਿੱਖ ਬਿਰਾਦਰੀ ਨਾਲ ਜੁੜੇ ਉਮੀਦਵਾਰ ਨੂੰ ਹੀ ਭੁਗਤਦੀ ਰਹੀ ਹੈ।” ਸੁਖਬੀਰ ਦੇ ਵਿਰੁੱਧ ਚੋਣ ਲੜ ਰਹੇ ਕਾਂਗਰਸ ਪਾਰਟੀ ਦੇ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਖ਼ੁਦ ਰਾਏ ਸਿੱਖ ਬਿਰਾਦਰੀ ਨਾਲ ਸਬੰਧਿਤ ਹਨ। ਅਜਿਹੇ ਵਿੱਚ ਰਾਏ ਸਿੱਖ ਵੋਟ ਨੂੰ ਆਪਣੇ ਹੱਕ ਵਿੱਚ ਤਬਦੀਲ ਕਰਨਾ ਸੁਖਬੀਰ ਲਈ ਇੱਕ ਚੁਣੌਤੀ ਹੈ। 2015 ਵਿੱਚ ਬਰਗਾੜੀ ਵਿੱਚ ਵਾਪਰੀ ਬੇਅਦਬੀ ਦੀ ਘਟਨਾ ਤੇ ਬਹਿਬਲ ਕਲਾਂ ਤੇ ਕੋਟਕਪੂਰਾ ਦੀਆਂ ਘਟਨਾਵਾਂ ਦਾ ਹੋ ਰਿਹਾ ਵਿਰੋਧ ਵੀ ਅਕਾਲੀ ਦਲ ਦੇ ਉਮੀਦਵਾਰ ਲਈ ਇੱਕ ਵੱਡੀ ਸਿਰਦਰਦੀ ਬਣਿਆ ਹੋਇਆ ਹੈ। ਪੰਥਕ ਧਿਰਾਂ ਨੇ 10 ਮਈ ਨੂੰ ਅਕਾਲੀ ਦਲ ਦੇ ਵਿਰੋਧ ਵਿੱਚ ਫਿਰੋਜ਼ਪੁਰ ਤੋਂ ਲੈ ਕੇ ਜਲਾਲਾਬਾਦ ਤੱਕ ਰੋਸ ਮਾਰਚ ਕਰਨ ਦਾ ਐਲਾਨ ਕੀਤਾ ਹੈ। ਇਸੇ ਤਰ੍ਹਾਂ ਕਾਂਗਰਸੀ ਪਾਰਟੀ ਵੀ ਆਪਣੀ ਚੋਣ ਮੁਹਿੰਮ ਵਿੱਚ ਬੇਅਦਬੀ ਦਾ ਮੁੱਦਾ ਚੁੱਕ ਕੇ ਅਕਾਲੀ ਦਲ ਲਈ ਸਿਰਦਰਦੀ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਪੰਜਾਬ ਦੀ ਸਿਆਸਤ ਦਾ ਕੱਦਾਵਰ ਚਿਹਰਾ ਹੋਣ ਕਾਰਨ ਅਕਾਲੀ ਦਲ ਨੇ ਸੁਖਬੀਰ ਸਿੰਘ ਬਾਦਲ ਨੂੰ ਇਸ ਹਲਕੇ ਵਿੱਚ ਉਤਾਰਿਆ ਹੈ। ਫਿਰੋਜ਼ਪੁਰ ਲੋਕ ਸਭਾ ਹਲਕੇ ’ਤੇ 1998 ਤੋਂ ਲੈ ਕੇ ਹੁਣ ਤੱਕ ਅਕਾਲੀ ਦਲ ਜਿੱਤਦਾ ਰਿਹਾ ਹੈ।

ਪਹਿਲਾਂ 1998, 1999 ਤੇ ਫਿਰ 2004 ਵਿੱਚ ਇਸ ਹਲਕੇ ਤੋਂ ਅਕਾਲੀ ਦਲ ਦੇ ਜ਼ੋਰਾ ਸਿੰਘ ਮਾਨ ਸੰਸਦ ਮੈਂਬਰ ਬਣੇ। ਇਸ ਤੋਂ ਬਾਅਦ ਸ਼ੇਰ ਸਿੰਘ ਘੁਬਾਇਆ (ਜਿਹੜੇ ਕਿ ਹੁਣ ਕਾਂਗਰਸ ਵਿੱਚ ਸ਼ਾਮਲ ਹੋ ਚੁੱਕੇ ਹਨ) ਪਹਿਲਾਂ 2009 ਤੇ ਫਿਰ 2014 ਵਿੱਚ ਇੱਥੋਂ ਅਕਾਲੀ ਦਲ ਦੀ ਟਿਕਟ ’ਤੇ ਚੁਣੇ ਗਏ। 2014 ਦੀਆਂ ਲੋਕ ਸਭਾ ਚੋਣਾਂ ਮੌਕੇ ਸ਼ੇਰ ਸਿੰਘ ਘੁਬਾਇਆ ਨੇ ਬਲਰਾਮ ਜਾਖੜ ਦੇ ਪੁੱਤਰ ਤੇ ਪੰਜਾਬ ਕਾਂਗਰਸ ਦੇ ਕੱਦਾਵਰ ਆਗੂ ਸੁਨੀਲ ਜਾਖੜ ਨੂੰ 31 ਹਜ਼ਾਰ 420 ਵੋਟਾਂ ਦੇ ਫ਼ਰਕ ਨਾਲ ਹਰਾਇਆ ਸੀ।

ਸੁਖਬੀਰ ਸਿੰਘ ਬਾਦਲ ਫਿਰੋਜ਼ਪੁਰ ਹਲਕੇ ਅਧੀਨ ਪੈਂਦੇ ਵਿਧਾਨ ਸਭਾ ਹਲਕਾ ਜਲਾਲਾਬਾਦ ਤੋਂ ਖ਼ੁਦ ਵਿਧਾਇਕ ਹਨ। ਉਹ ਇਸ ਹਲਕੇ ਤੋਂ ਤੀਜੀ ਵਾਰ ਵਿਧਾਇਕ ਬਣੇ ਹਨ। ਸੁਖਬੀਰ ਸਿੰਘ ਬਾਦਲ ਦਾਅਵਾ ਕਰਦੇ ਹਨ, “ਅਕਾਲੀ-ਭਾਜਪਾ ਸਰਕਾਰ ਦੇ 10 ਸਾਲਾਂ ਦੇ ਰਾਜ ਦੌਰਾਨ ਜਲਾਲਾਬਾਦ ਸਮੇਤ ਸਮੁੱਚੇ ਹਲਕੇ ਦਾ ਰਿਕਾਰਡ ਤੋੜ ਵਿਕਾਸ ਹੋਇਆ ਹੈ। ਸਰਹੱਦ ਨਾਲ ਲੱਗਦੇ ਇਸ ਹਲਕੇ ਨੂੰ ਕਿਸੇ ਵੇਲੇ ਪਛੜਿਆ ਖੇਤਰ ਮੰਨਿਆਂ ਜਾਂਦਾ ਸੀ ਤੇ ਅਕਾਲੀ ਦਲ ਨੇ ਇਸ ਦੀ ਕਾਇਆ-ਕਲਪ ਕਰ ਦਿੱਤੀ ਹੈ।”

ਸੁਖਬੀਰ ਸਿੰਘ ਬਾਦਲ ਦਾ ਜੱਦੀ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਲੋਕ ਸਭਾ ਹਲਕਾ ਫਿਰੋਜ਼ਪੁਰ ਅਧੀਨ ਹੀ ਪੈਂਦਾ ਹੈ। ਇਸ ਦਾ ਲਾਹਾ ਲੈਣ ਦੀ ਕੋਸ਼ਿਸ ਅਕਾਲੀ ਦਲ ਕਰ ਰਿਹਾ ਹੈ। ਮੁਕਤਸਰ ਸਾਹਿਬ ਹਲਕੇ ਵਿੱਚ ਅਕਾਲੀ ਦਲ ਆਪਣਾ ਖਾਸ ਪ੍ਰਭਾਵ ਮੰਨਦਾ ਹੈ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਸੁਖਬੀਰ ਪਾਰਟੀ ਦੇ ਪ੍ਰਧਾਨ ਹੋਣ ਕਾਰਨ ਉਨ੍ਹਾਂ ਦਾ ਪਾਰਟੀ ਅੰਦਰੋਂ ਖੁੱਲ੍ਹ ਕੇ ਵਿਰੋਧ ਨਹੀਂ ਹੁੰਦਾ। ਵਿਧਾਨ ਸਭਾ ਹਲਕਿਆਂ ਸ੍ਰੀ ਮੁਕਤਸਰ ਸਾਹਿਬ, ਜਲਾਲਾਬਾਦ ਤੇ ਅਬੋਹਰ ਵਿੱਚ ਅਕਾਲੀ-ਭਾਜਪਾ ਗਠਜੋੜ ਦੇ ਵਿਧਾਇਕ ਹਨ। 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੌਜੂਦਾ ਪ੍ਰਧਾਨ ਸੁਨੀਲ ਜਾਖੜ ਅਬੋਹਰ ਵਿਧਾਨ ਸਭਾ ਹਲਕੇ ਤੋਂ ਹਾਰ ਗਏ ਸਨ, ਜਿਸ ਨੂੰ ਅਕਾਲੀ ਦਲ ਆਪਣੇ ਲਈ ‘ਸ਼ੁੱਭ’ ਮੰਨ ਕੇ ਸੁਖਬੀਰ ਸਿੰਘ ਬਾਦਲ ਦੀ ਵੱਡੀ ਜਿੱਤ ਦਾ ਦਾਅਵਾ ਕਰਦਾ ਹੈ। ਵਿਧਾਨ ਸਭਾ ਹਲਕਿਆਂ ਜਲਾਲਾਬਾਦ, ਗੁਰੂ ਹਰਸਹਾਏ, ਫਿਰੋਜ਼ਪੁਰ ਦਿਹਾਤੀ ਤੇ ਫਿਰੋਜ਼ਪੁਰ ਸ਼ਹਿਰੀ ਵਿੱਚ ਰਾਏ ਸਿੱਖ ਬਰਾਦਰੀ ਦੀ ਵੋਟ ਵਧੇਰੇ ਹੋਣ ਕਾਰਨ ਸ਼੍ਰੋਮਣੀ ਅਕਾਲੀ ਦਲ ਸਾਰਾ ਜ਼ੋਰ ਰਾਏ ਸਿੱਖ ਬਰਾਦਰੀ ਨੂੰ ਆਪਣੇ ਵੱਲ ਖਿੱਚਣ ’ਤੇ ਲਾ ਰਿਹਾ ਹੈ। ਅਕਾਲੀ ਦਲ ਨੂੰ ਭਰੋਸਾ ਹੈ ਕਿ ਇਹ ਵੋਟ ਹਰ ਹਾਲਤ ਵਿੱਚ ਸੁਖਬੀਰ ਸਿੰਘ ਬਾਦਲ ਦੇ ਹੱਕ ਵਿੱਚ ਹੀ ਭੁਗਤੇਗੀ।

# ਬਾਦਲ ਦਾ ‘ਮਹਿਲ’ ਘੇਰਨ ਕਾਰਨ ਲੱਖਾ ਸਿਧਾਣਾ ਕਾਨੂੰਨ ਦੇ ਸ਼ਿਕੰਜ਼ੇ ’ਚ !

## ਮਾਨ, ਖਹਿਰਾ ਤੇ ਕਈ ਪੰਥਕ ਆਗੂ ਲੱਖੇ ਦੇ ਹੱਕ ’ਚ ਡਟੇ

**ਚੰਡੀਗੜ੍ਹ/ਏਟੀ ਨਿਊਜ਼ :** ਮੁਕਤਸਰ ਦੇ ਪਿੰਡ ਬਾਦਲ ਵਿੱਚ 25 ਸਿੱਖ ਜਥੇਬੰਦੀਆਂ ਦੇ 200 ਮੈਂਬਰਾਂ ਨੇ 70 ਗੱਡੀਆਂ ਵਿੱਚ 70 ਕਿਲੋਮੀਟਰ ਦੂਰ ਆ ਕੇ ਪਹਿਲੀ ਵਾਰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਕੋਠੀ ਘੇਰੀ। ਪੁਲਿਸ ਨੇ ਰੋਕਣ ਦੀ ਬਥੇਰੀ ਕੋਸ਼ਿਸ਼ ਕੀਤੀ ਪਰ ਸੰਗਤਾਂ ਨੇ ਬੈਰੀਕੇਡ ਭੰਨ੍ਹ ਦਿੱਤੇ। ਇਹ ਬੈਰੀਕੇਡ ਇਕ ਵਹੀਕਲ ਰਾਹੀਂ ਭੰਨਿਆ ਗਿਆ। ਵਹੀਕਲ ਕੋਈ ਹੋਰ ਚਲਾ ਰਿਹਾ ਸੀ, ਜਦ ਕਿ ਲੱਖਾ ਸਿਧਾਣਾ ਪੁਲੀਸ ਅਫ਼ਸਰਾਂ ਨਾਲ ਬਹਿਸ ਕਰ ਰਿਹਾ ਸੀ। ਇਹ ਵੀਡੀਓ ਰਿਪੋਰਟ ਰਾਹੀਂ ਸਾਹਮਣੇ ਆ ਚੁੱਕਾ ਹੈ। ਪੰਥਕ ਜਥੇਬੰਦੀਆਂ ਤੇ ਪੰਜਾਬ ਦੇ ਆਗੂਆਂ ਨੇ ਇਸ ਸੰਬੰਧ ਵਿਚ



ਸੁਆਲ ਉਠਾਏ ਹਨ ਤੇ ਲੱਖਾ ਸਿਧਾਣਾ ਨੂੰ ਬੇਗੁਨਾਹ ਕਰਾਰ ਦਿੱਤਾ ਹੈ। ਐਮਪੀ ਗਾਂਧੀ, ਸੁਖਪਾਲ ਸਿੰਘ ਖਹਿਰਾ, ਸਿਮਰਨਜੀਤ ਸਿੰਘ ਮਾਨ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਲੱਖਾ ਸਿਧਾਣਾ ’ਤੇ ਕੀਤੇ ਝੂਠੇ ਕੇਸ ਵਾਪਸ ਲਏ ਜਾਣ ਤੇ ਬਾਦਲ ਦਲ ਨਾਲ ਫਰੈਂਡਲੀ ਮੈਚ ਖੇਡ ਕੇ ਜਮਹੂਰੀਅਤ ਦਾ ਮਜ਼ਾਕ ਨਾ ਉਡਾਇਆ ਜਾਵੇ।

## ਕੀ ਹੈ ਪੁਲੀਸ ਦੀ ਥਿਊਰੀ

ਐਸਐਸਪੀ ਮਨਜੀਤ ਸਿੰਘ ਮੁਤਾਬਕ ਪੁਲਿਸ ਨੇ ਡਿਊਟੀ ਵਿੱਚ ਵਿਘਨ ਪਾਉਣ ਕਰਕੇ ਲੱਖਾ ਸਿਧਾਣਾ ਸਮੇਤ 10 ਅਣਪਛਾਤਿਆਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਮੁਲਾਜ਼ਮਾਂ ਨੇ ਲੱਖਾ ਸਿਧਾਣਾ ਨੂੰ ਬੈਰੀਗੇਟ ਲਗਾ ਕੇ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਲੱਖਾ ਸਿਧਾਣਾ ਨੇ ਗੱਡੀ ਪਿੱਛੇ ਕਰਕੇ ਪੁਲਿਸ ਮੁਲਾਜ਼ਮਾਂ ਨੂੰ ਮਾਰਨ ਦੀ ਨੀਯਤ ਨਾਲ ਸਕਾਰਪੀਓ ਗੱਡੀ ਨਾਕੇ ਵਿਚ ਮਾਰੀ, ਜਿਸ ਨਾਲ ਡਿਊਟੀ ਵਿਚ ਵਿਘਨ ਪਿਆ ਤੇ ਪੁਲਿਸ ਮੁਲਾਜ਼ਮਾਂ ਦੇ ਸੱਟਾਂ ਵੀ ਲੱਗੀਆਂ। ਇਨ੍ਹਾਂ ਖਿਲਾਫ ਲਾਈਆਂ ਧਾਰਾਵਾਂ ਵਿੱਚ ਇਰਾਦਾ ਕਤਲ ਦੀ ਧਾਰਾ 307 ਵੀ ਜੋੜੀ ਗਈ ਹੈ। ਥਾਣਾ ਪੁਲਿਸ ਲੰਬੀ ਨੇ ਕਿਸੇ ਵੇਲੇ ਨਾਮੀ ਗੈਂਗਸਟਰ ਰਹੇ ਲੱਖਾ ਸਿਧਾਣਾ ’ਤੇ 8-10 ਅਣਪਛਾਤੇ ਮੁਲਜ਼ਮਾਂ ਖਿਲਾਫ ਕਾਨੂੰਨ ਤੇ ਵਿਵਸਥਾ ਬਾਰੇ ਪੁਲਿਸ ਡਿਊਟੀ ਵਿੱਚ ਵਿਘਨ ਪਾਉਣ ਕਰਕੇ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਿਸ ਦਾ ਇਲਜ਼ਾਮ ਹੈ ਕਿ ਇਨ੍ਹਾਂ ਨੇ ਪਿੰਡ ਬਾਦਲ ਵਿੱਚ ਨਾਕੇਬੰਦੀ ਦੌਰਾਨ ਪੁਲਿਸ ਦੀ

ਬਾਕੀ ਸਫ਼ਾ 29 ’ਤੇ

ਅੰਮ੍ਰਿਤਸਰ ਟਾਈਮਜ਼ AMRITSAR TIMES
15 ਮਈ 2019 ਤੋਂ 21 ਮਈ 2019

# ਪੰਥ-ਪੰਜਾਬ ਦੇ ਹਿੱਤਾਂ ਨੂੰ ਪ੍ਰਨਾਈ ਲੀਡਰਸ਼ਿਪ ਹੋਵੇ

**ਮਨਜੀਤ ਸਿੰਘ ਟਿਵਾਣਾ**

ਦੇਸ-ਪੰਜਾਬ ਦੇ ਮੱਥੇ 'ਤੇ ਇਤਿਹਾਸ ਨੇ "ਨਿੱਤ-ਮੁਹਿੰਮਾਂ" ਦੀ ਇਬਾਰਤ ਲਿਖ ਕੇ ਚਿਰੋਕਣੀ ਟੰਗੀ ਹੋਈ ਹੈ। ਨਾਲ ਹੀ ਇਸ ਧਰਤੀ ਦੇ ਜਾਇਆਂ ਨੂੰ ਸਿੱਖ ਗੁਰੂਆਂ ਦੀ ਲਾਸਾਨੀ ਤੇ ਰੂਹਾਨੀ ਬਰਕਤ ਵਿਚੋਂ ਮਿਲੀ ਚੜ੍ਹਦੀਕਲਾ ਦੀ ਗੁੜ੍ਹਤੀ ਨੇ ਸਮੇਂ ਦੇ ਵੱਡੇ-ਵੱਡੇ ਤੂਫਾਨਾਂ ਨੂੰ ਡੱਕਣ ਦਾ ਜਿਗਰਾ ਵੀ ਬਖਸ਼ਿਆ ਹੋਇਆ ਹੈ। ਇਸ ਦੇ ਨਾਲ ਹੀ ਪੰਜਾਬ ਦੀ ਹੋਣੀ ਨੂੰ "ਫੌਜਾਂ ਜਿੱਤ ਕੇ ਹਾਰ ਜਾਣ" ਦਾ ਸਰਾਪ ਵੀ ਲੱਗਿਆ ਹੈ ਜੋ ਮਗਰੋਂ ਲਹਿਣ ਦਾ ਨਾਂ ਨਹੀਂ ਲੈ ਰਿਹਾ। ਇਸ ਸਰਾਪ ਦੀ ਨਿਸ਼ਾਨਦੇਹੀ ਕਦੇ ਪੰਜਾਬ ਦੇ ਦਰਦ ਨੂੰ ਧੁਰ ਅੰਦਰ ਤਕ ਮਹਿਸੂਸ ਕਰਨ ਵਾਲੇ ਸ਼ਾਇਰ ਸ਼ਾਹ ਮੁਹੰਮਦ ਨੇ 'ਜੰਗਨਾਮਾ ਹਿੰਦ-ਪੰਜਾਬ' ਵਿਚ ਕੀਤੀ ਸੀ। ਮਾਹਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਆਗੂ ਰਹਿਤ ਹੋਈ ਜਾਂਬਾਜ਼ ਖਾਲਸਾ ਫੌਜ ਵੱਲੋਂ ਯੁੱਧ ਵਿਚ ਅੰਗਰੇਜ਼ਾਂ ਦੀ ਫੌਜ ਨੂੰ ਹਰਾ ਦੇਣ ਦੇ ਬਾਵਜੂਦ ਪੱਲੇ ਪਈ ਗੁਲਾਮੀ ਨੂੰ ਕਵੀ ਨੇ "ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ" ਦੇ ਅਜਿਹੇ ਬੋਲ ਦਿੱਤੇ ਕਿ ਉਸ ਵੇਲੇ ਦੇ ਜਿੱਤ ਕੇ ਹਾਰ ਜਾਣ ਵਾਲੇ ਪੰਜਾਬ ਦਾ ਦਰਦ ਇਨ੍ਹਾਂ ਚੰਦ ਬੋਲਾਂ ਵਿਚ ਸਿਮਟ ਗਿਆ। ਅੱਜ ਵੀ ਹਾਲਾਤ ਕੋਈ ਬਹੁਤੇ ਵੱਖਰੇ ਨਹੀਂ ਹਨ। ਗੋਰਿਆਂ ਦੀ ਗੁਲਾਮੀ ਨੂੰ ਫਾਂਸੀਆਂ ਉਤੇ ਝੂਲ ਕੇ, ਕਾਲੇ ਪਾਣੀਆਂ ਦੀਆਂ ਜੇਲ੍ਹਾਂ ਵਿਚ ਤਸੀਹੇ ਝੱਲ ਕੇ ਤੇ ਗੋਲੀਆਂ ਖਾ ਕੇ ਗਲੋਂ ਲਾਹ ਦੇਣ ਵਾਲੀ ਕੌਮ ਦੇ ਪੱਲੇ ਸੰਨ ਸੰਤਾਲੀ ਵਿਚ ਕਾਲਿਆਂ ਦੀ ਗੁਲਾਮੀ ਪੈ ਗਈ। ਫੌਜਾਂ ਇਕ ਵਾਰ ਮੁੜ ਜਿੱਤ ਕੇ ਹਾਰ ਗਈਆਂ।

ਜੂਨ ਤੇ ਨਵੰਬਰ ਚੌਰਾਸੀ ਦੇ ਘੱਲੂਘਾਰਿਆਂ ਨੇ ਪੰਜਾਬ ਨੂੰ ਅਧਮੋਇਆ ਕਰ ਛੱਡਿਆ। ਉਪਰੋਂ ਦੁਸ਼ਮਣ ਡਾਢਾ ਉਹ ਟੱਕਰਿਆ ਜਿਸ ਦੀ ਫਿਤਰਤ ਹੀ ਹਮੇਸ਼ਾ ਬੁੱਕਲ ਵਿਚ ਵੜ ਕੇ ਮਾਰਨ ਦੀ ਰਹੀ ਹੈ। ਸਾਹਮਣਿਓਂ ਵਾਰ ਕਰਨ ਵਾਲੇ ਨੂੰ ਦੂਣਾ ਹੋ ਕੇ ਟੱਕਰਨ ਵਾਲਾ ਪੰਥ-ਪੰਜਾਬ ਛੁਪ ਕੇ ਮਾਰਨ ਵਾਲਿਆਂ ਮੂਹਰੇ ਬੇਵੱਸ ਹੋ ਕੇ ਰਹਿ ਗਿਆ ਪ੍ਰਤੀਤ ਹੁੰਦਾ ਹੈ। ਜਮਹੂਰੀਅਤ ਦਾ ਨਕਾਬ ਪਾ ਕੇ ਪੰਜਾਬ ਨੂੰ ਲੁੱਟਣ-ਕੁੱਟਣ ਤੇ ਜੜ੍ਹੋਂ ਪੁੱਟਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।

ਅੱਜ ਹਾਲਾਤ ਇਥੇ ਆਣ ਖੜ੍ਹੇ ਹਨ ਕਿ ਸਾਨੂੰ ਗਲਾਂ ਵਿਚ ਬਲਦੇ ਟਾਇਰ ਪਾ ਕੇ ਮਾਰਨ ਵਾਲੇ ਕਹਿ ਰਹੇ ਹਨ ਕਿ "ਹੂਆ ਤੋ ਹੂਆ"। ਪੰਜਾਬ ਦੇ ਕੁਦਰਤੀ ਸਰਮਾਏ ਪਾਣੀਆਂ ਨੂੰ ਲੁੱਟਣ ਵਾਲੇ ਕਹਿ ਰਹੇ ਹਨ ਕਿ ਅਸੀਂ ਅੱਗੇ ਨੂੰ ਵੀ ਇਹੋ ਕਰਾਂਗੇ ਤੇ ਸ਼ਰੇਆਮ ਆਪਣੇ ਚੋਣ ਮੈਨੀਫੈਸਟੋ ਵਿਚ ਲਿਖ ਕੇ ਐਲਾਨ ਕਰਦੇ ਹਨ। ਪੰਜਾਬ ਦੇ ਨੌਜਵਾਨਾਂ ਦੇ ਖੂਨ ਦੀ ਹੋਲੀ ਖੇਡਣ ਵਾਲਿਆਂ ਨੂੰ ਕਟਹਿਰੇ ਵਿਚ ਖੜ੍ਹਾ ਕਰਨਾ ਤਾਂ ਇਕ ਪਾਸੇ ਉਨ੍ਹਾਂ ਨੂੰ ਚਿੱਟੇ ਦਿਨ ਵਜ਼ੀਰੀਆਂ ਮਿਲੀਆਂ ਹਨ। ਗੁਰੂ ਗ੍ਰੰਥ ਸਾਹਿਬ ਦੇ ਪੰਨੇ ਫਾੜ ਕੇ ਗਲੀਆਂ ਵਿਚ ਖਿਲਾਰੇ ਗਏ ਪਰ ਦੋਸ਼ੀਆਂ ਦਾ ਕੋਈ ਕੁਝ ਨਾ ਵਿਗਾੜ ਸਕਿਆ।

ਸਿਆਸੀ ਆਗੂਆਂ 'ਤੇ ਆਮ ਲੋਕਾਂ ਦਾ ਭਰੋਸਾ ਟੁੱਟ ਚੁੱਕਾ ਹੈ ਪਰ ਵੋਟਾਂ ਦੇ ਦਿਨਾਂ 'ਚ ਇਹ ਜਿਸ ਤਰ੍ਹਾਂ ਦੀ ਖੇਡ ਖੇਡਦੇ ਹਨ, ਆਮ ਜਨਤਾ ਮੁੜ ਇਨ੍ਹਾਂ ਦੇ ਜਾਲ ਵਿਚ ਜਾ ਫਸਦੀ ਹੈ। ਰਾਜਨੀਤੀ ਕਿਸੇ ਸੇਵਾ ਜਾਂ ਮਿਸ਼ਨ ਦੀ ਥਾਂ ਸਵਾਰਥ ਤੇ ਸਿਰਫ ਸੱਤਾ ਹਾਸਲ ਕਰਨ ਦੀ ਖੇਡ ਬਣ ਕੇ ਰਹਿ ਗਈ ਹੈ। ਪੰਥ ਤੇ ਪੰਜਾਬ ਕੋਲ ਉਚੇ ਕਿਰਦਾਰ ਵਾਲੇ ਆਗੂਆਂ ਦਾ ਕਾਲ ਪਿਆ ਹੋਇਆ ਨਜ਼ਰ ਆ ਰਿਹਾ ਹੈ। ਸਿਰਫ਼ ਵੋਟਾਂ ਦੀ ਸਿਆਸਤ ਅਤੇ ਬਿਪਰਵਾਦੀ ਰਾਜ ਪ੍ਰਬੰਧ ਵਿਚ ਸੱਤਾ ਦੀ ਹਿੱਸੇਦਾਰੀ ਲੈਣ ਦੀ ਭਾਵਨਾ ਆਪਣਾ ਨਿੱਜੀ ਤੇ ਸਕੇ-ਸੋਧਰਿਆਂ ਦਾ ਤੋਰੀ-ਫੁਲਕਾ ਚਲਦਾ ਰੱਖਣ ਦੀ ਕਸਰਤ ਤਾਂ ਹੋ ਸਕਦੀ ਹੈ ਪਰ ਕੌਮ ਨੂੰ ਬਿਪਰਵਾਦ ਦੇ ਜੱਫੇ ਵਿਚੋਂ ਨਹੀਂ ਕੱਢ ਸਕਦੀ।

ਜਿਸ ਤਰ੍ਹਾਂ ਲੋਕ ਸਭਾ ਚੋਣਾਂ ਵੇਲੇ ਲੋਕ ਆਗੂਆਂ ਨੂੰ ਸਵਾਲ ਕਰਨ ਲੱਗੇ ਹਨ, ਪੰਥ-ਪੰਜਾਬ ਦੇ ਦੁਸ਼ਮਣਾਂ ਨੂੰ ਕਾਲੀਆਂ ਝੰਡੀਆਂ ਦਿਖਾ ਰਹੇ ਹਨ, ਉਸ ਤੋਂ ਸਮਾਂ ਅੰਗੜਾਈ ਲੈਂਦਾ ਵਿਖਾਈ ਦੇ ਰਿਹਾ ਹੈ। ਪੰਜਾਬ ਵਿਚ ਪਹਿਲੀ ਵਾਰ ਲੋਕ ਸਭਾ ਚੋਣਾਂ ਵਿਚ ਨਵਾਂ ਰੁਝਾਨ ਦਿਖ ਰਿਹਾ ਹੈ। ਵੋਟਰ ਖੁੱਲ੍ਹੇਆਮ ਨਰਾਜ਼ਗੀ ਜ਼ਾਹਿਰ ਕਰਨ ਲੱਗੇ ਹਨ। ਆਗੂਆਂ ਤੋਂ ਜਵਾਬ ਮੰਗੇ ਜਾ ਰਹੇ ਹਨ। ਇਸ ਸਭ ਦੇ ਵਿਚ ਹੀ ਭਾਰਤ ਦੇ ਮੌਜੂਦਾ ਬਹੁਗਿਣਤੀ ਪੱਖੀ ਲੋਕਤੰਤਰ ਦੀ ਕਿਸਮ ਉਤੇ ਵੀ ਸਵਾਲ ਉਠਣੇ ਸ਼ੁਰੂ ਹੋਏ ਹਨ। ਸਭ ਜਾਣਦੇ ਹਨ ਕਿ ਇਥੇ ਲੋਕਤੰਤਰ ਦੇ ਨਾਮ ਉਤੇ ਇਕ ਢੌਂਗ ਹੀ ਚਲਿਆ ਆ ਰਿਹਾ ਹੈ। ਦੇਸ਼ ਵਿਚ ਆਜ਼ਾਦੀ ਤੋਂ ਬਾਅਦ ਹੀ ਧਾਰਮਿਕ, ਭਾਸ਼ਾਈ ਘੱਟ ਗਿਣਤੀਆਂ, ਦਲਿਤਾਂ ਅਤੇ ਹੋਰ ਪੱਛੜੀਆਂ ਜਾਤਾਂ ਨੂੰ ਦਬਾ ਕੇ ਰੱਖਣ ਵਾਸਤੇ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਵਿਵਹਾਰ ਕੀਤਾ ਜਾਂਦਾ ਹੈ। ਚੋਣ ਮਨੋਰਥ ਪੱਤਰ ਨੂੰ ਵੀ ਕਾਨੂੰਨੀ ਦਾਇਰੇ ਵਿਚ ਲਿਆਉਣ ਦੀ ਮੰਗ ਉਠ ਰਹੀ ਹੈ।

ਇਸ ਵਰਤਾਰੇ ਤੋਂ ਸਾਡੇ ਆਗੂ ਬਹੁਤ ਪ੍ਰੇਸ਼ਾਨ ਹਨ। ਸਵਾਲ ਪੁੱਛਣ ਵਾਲਿਆਂ ਦੀ ਕੁੱਟਮਾਰ ਹੋਣ ਲੱਗੀ ਹੈ। ਅਸਲ ਜਮਹੂਰੀ ਪ੍ਰਬੰਧ ਵਿਚ ਹਰ ਇਕ ਨੂੰ ਵੋਟ ਦੇਣ, ਵੋਟਾਂ ਵਿਚ ਖੜ੍ਹੇ ਹੋਣ, ਆਗੂਆਂ ਤੋਂ ਸਵਾਲ ਪੁੱਛਣ, ਜਵਾਬ ਨਾ ਦੇਣ ਉੱਤੇ ਕਾਲੀਆਂ ਝੰਡੀਆਂ ਦਿਖਾਉਣ ਅਤੇ ਨਾਅਰੇ ਲਾਉਣ ਸਮੇਤ ਸ਼ਾਂਤਮਈ ਤਰੀਕੇ ਨਾਲ ਹਰ ਸੰਘਰਸ਼ ਕਰਨ ਦੇ ਸਾਰੇ ਹੱਕ ਹੁੰਦੇ ਹਨ। ਇਸ ਸਭ ਕੁਝ ਤੋਂ ਕੌਮ ਜਾਗ ਰਹੀ ਪ੍ਰਤੀਤ ਹੋ ਰਹੀ ਹੈ ਪਰ ਨਾਲ ਹੀ ਪੰਥ-ਪੰਜਾਬ ਦੇ ਹਿੱਤਾਂ ਨੂੰ ਪ੍ਰਨਾਈ ਕੋਈ ਵੀ ਲੀਡਰਸ਼ਿਪ ਦੂਰ-ਦੂਰ ਤਕ ਦਿਖਾਈ ਨਹੀਂ ਦੇ ਰਹੀ ਹੈ। ਇਹ ਉਦਾਸ ਕਰ ਦੇਣ ਵਾਲੀ ਹਾਲਤ ਜ਼ਰੂਰ ਹੈ ਪਰ ਨਿਰਾਸ਼ ਕਰਨ ਵਾਲੀ ਵੀ ਨਹੀਂ ਹੈ। ਜਦੋਂ ਤਕ ਸਾਨੂੰ ਪੰਥਕ ਏਕਤਾ ਦਾ ਅਹਿਸਾਸ ਨਹੀਂ ਹੁੰਦਾ, ਉਦੋਂ ਤਕ ਸਾਡਾ ਇਕੱਲਾ ਜੋਸ਼ ਵੀ ਕਿਸੇ ਕੰਮ ਨਹੀਂ ਆਉਣਾ। ਜਦੋਂ ਤਕ ਸਾਨੂੰ ਆਪਣੇ ਏਕੇ ਦੀ ਤਾਕਤ ਅਤੇ ਵੋਟ ਦੀ ਕੀਮਤ ਦਾ ਅਹਿਸਾਸ ਨਹੀਂ ਹੁੰਦਾ, ਉਦੋਂ ਤਕ ਲਾਲਚੀ ਤੇ ਮੌਕਾਪ੍ਰਸਤ ਆਗੂ ਅੰਦਰਖਾਤੇ ਕੌਮ ਨਾਲ ਗਦਾਰੀਆਂ ਕਰ ਕੇ ਸਾਡੀਆਂ ਜੜ੍ਹਾਂ ਵੱਢਦੇ ਰਹਿਣਗੇ। ਜਦੋਂ ਤਕ ਸਾਡੇ ਰਾਜਸੀ ਆਗੂਆਂ ਦੇ ਚਰਿੱਤਰ, ਪਾਕ-ਸਾਫ਼ ਨਹੀਂ ਹੁੰਦੇ, ਉਨ੍ਹਾਂ ਨੂੰ "ਮਨ ਨੀਵਾਂ ਤੇ ਮੱਤ ਉਚੀ" ਦੀ ਬਖਸ਼ਿਸ਼ ਨਹੀਂ ਮਿਲਣੀ। ਜਦੋਂ ਤਕ ਕੌਮ ਨੂੰ ਦੂਰਅੰਦੇਸ਼ ਤੇ ਚਾਣਕਿਆਂ ਦੇ ਚੇਲਿਆਂ ਦੀਆਂ ਸੂਖਮ ਚਾਲਾਂ ਸਮਝਣ ਵਾਲੀ ਲੀਡਰਸ਼ਿਪ ਨਹੀਂ ਮਿਲਦੀ ਉਦੋਂ ਤਕ "ਫੌਜਾਂ ਜਿੱਤ ਕੇ ਵੀ ਹਾਰਦੀਆਂ" ਹੀ ਰਹਿਣਗੀਆਂ। ਇਸ ਕਰ ਕੇ ਪੰਥ-ਪੰਜਾਬ ਦੀ ਵਿਗੜੀ ਸੰਵਾਰਨ ਲਈ ਸਾਡੇ ਕੋਲ ਦੂਰਅੰਦੇਸ਼, ਚਰਿੱਤਰਵਾਨ, ਪੰਥਕ ਜਜ਼ਬੇ ਵਾਲੇ ਸੁਹਿਰਦ ਆਗੂਆਂ ਨੂੰ ਅੱਗੇ ਲਿਆਉਣ ਤੋਂ ਬਗੈਰ ਹੋਰ ਕੋਈ ਚਾਰਾ ਨਹੀਂ ਹੈ।

## ਵੈਸਟਫੇਲੀਅਨ ਸੰਧੀ

# ਰਾਸ਼ਟਰਵਾਦ ਦੀ ਪਹਿਲੀ ਸਵੇਰ

**ਕਰਮਜੀਤ ਸਿੰਘ**
(ਸੰਪਰਕ : 99150-91063)



ਇਸ ਵਾਰ ਰਾਸ਼ਟਰਵਾਦ ਨੂੰ ਵੀ ਚੋਣ ਪ੍ਰਚਾਰ ਵਿਚ ਅਹਿਮ ਮੁੱਦਾ ਬਣਾਇਆ ਗਿਆ ਹੈ। ਪਿਛਲੀ ਕਿਸੇ ਵੀ ਪਾਰਲੀਮਾਨੀ ਚੋਣ ਵਿਚ ਇਸ ਨੂੰ ਇੰਨਾ ਮਹੱਤਵਪੂਰਨ ਨਹੀਂ ਸੀ ਸਮਝਿਆ ਗਿਆ। ਪਹਿਲੀ ਨਜ਼ਰੇ ਲੱਗਦਾ ਹੈ ਕਿ ਰਾਸ਼ਟਰਵਾਦ ਅਤੇ ਦੇਸ਼ਭਗਤੀ ਇਕੋ ਸਿੱਕੇ ਦੇ ਪਹਿਲੂ ਹਨ ਪਰ ਫਰਕ ਵੱਡੇ ਹਨ। ਡੂੰਘਾ ਉਤਰਿਆਂ ਪਤਾ ਲੱਗੇਗਾ ਕਿ ਰਾਸ਼ਟਰਵਾਦ ਕਾਫੀ ਗੁੰਝਲਦਾਰ ਮਾਜਰਾ ਹੈ। ਰਾਸ਼ਟਰਵਾਦ ਬਾਰੇ ਕੌਮਾਂਤਰੀ ਪੱਧਰ 'ਤੇ ਹੋਈਆਂ ਅਤੇ ਹੋ ਰਹੀਆਂ ਵੱਡੀਆਂ ਬਹਿਸਾਂ ਵਿਚ ਭਾਰਤੀ ਵਿਦਵਾਨਾਂ ਦੀ ਸ਼ਮੂਲੀਅਤ ਟਾਵੀਂ-ਟੱਲੀ ਹੀ ਹੈ ਜਾਂ ਇਉਂ ਕਹੋ ਕਿ ਨਾਂਹ ਦੇ ਬਰਾਬਰ ਹੈ। ਇਹ ਸਿਹਰਾ ਭਾਰਤੀ ਜਨਤਾ ਪਾਰਟੀ ਨੂੰ ਹੀ ਜਾਂਦਾ ਹੈ, ਜਦੋਂ ਉਸ ਨੇ ਰਾਸ਼ਟਰਵਾਦ ਦੀ ਮਹੱਤਤਾ ਨੂੰ ਬਹਿਸ ਦੇ ਐਨ ਕੇਂਦਰ ਵਿਚ ਲੈ ਆਂਦਾ ਹੈ ਪਰ ਇਹ ਸਿਹਰਾ ਵੀ ਇਸੇ ਪਾਰਟੀ ਨੂੰ ਜਾਂਦਾ ਹੈ, ਜਿਸ ਨੇ ਰਾਸ਼ਟਰਵਾਦ ਨੂੰ ਸੰਕੀਰਨ, ਸੌੜੇ ਅਤੇ ਇਕਪਾਸੜ ਦ੍ਰਿਸ਼ਟੀਕੋਣ ਤੋਂ ਦੇਖਿਆ ਹੈ। ਵਿਰੋਧੀਆਂ, ਵਿਸ਼ੇਸ਼ ਕਰਕੇ ਘੱਟ ਗਿਣਤੀਆਂ ਦੀ ਇਹ ਸਮਝ ਹੈ ਕਿ ਇਹ ਨਜ਼ਰੀਆ ਹਿੰਦੂ ਰਾਸ਼ਟਰਵਾਦ ਦਾ ਹੀ ਦੂਜਾ ਰੂਪ ਹੈ। ਇਸ ਵਿਚ ਸ਼ੱਕ ਵਾਲੀ ਕੋਈ ਗੱਲ ਨਹੀਂ ਕਿ ਹਿੰਦੂ ਰਾਸ਼ਟਰਵਾਦ ਦੇ ਪੁਨਰ ਜਨਮ ਬਾਰੇ ਵੱਡੀ ਬਹਿਸ ਚੱਲ ਰਹੀ ਹੈ। ਕੁਝ ਸਾਲਾਂ ਵਿਚ ਇਸ ਰਾਸ਼ਟਰਵਾਦ ਬਾਰੇ ਵੱਡੀਆਂ ਕਿਤਾਬਾਂ ਆਈਆਂ ਹਨ ਅਤੇ ਬਾਹਰਲੇ ਮੁਲਕਾਂ ਦੇ ਵਿਦਵਾਨ ਵੀ ਇਸ ਵਰਤਾਰੇ ਨੂੰ ਦਿਲਚਸਪੀ ਨਾਲ ਦੇਖ ਰਹੇ ਹਨ। ਹਿੰਦੂ ਰਾਸ਼ਟਰਵਾਦ ਦੇ ਸਿਧਾਂਤਕਾਰ ਰਾਸ਼ਟਰਵਾਦ ਨੂੰ ਸਿਧਾਂਤਕ ਆਧਾਰ ਦੇਣ ਲਈ ਦੂਰ-ਪਿਛਾਂਹ ਵੱਲ ਪਰਤੇ ਹਨ, ਦੋ ਹਜ਼ਾਰ ਸਾਲ ਪਹਿਲਾਂ ਦੇ ਮਿਥਿਹਾਸ ਤੇ ਇਤਿਹਾਸ ਵਿਚੋਂ ਰਾਸ਼ਟਰਵਾਦ ਦੇ ਇਸ਼ਾਰੇ, ਨਿਸ਼ਾਨ ਤੇ ਪ੍ਰਤੀਕ ਲੱਭ ਰਹੇ ਹਨ। ਇਥੋਂ ਤੱਕ ਕਿ ਸੁਪਰੀਮ ਕੋਰਟ ਦੇ ਉਸ ਫੈਸਲੇ ਦੇ ਹਵਾਲੇ ਨਾਲ ਹਿੰਦੂ ਰਾਸ਼ਟਰਵਾਦ ਨੂੰ ਮਾਨਤਾ ਦਿਵਾਉਣ ਦੇ ਯਤਨ ਕੀਤੇ ਜਾ ਰਹੇ ਹਨ, ਜਿਸ ਵਿਚ ਕਿਹਾ ਗਿਆ ਸੀ ਕਿ ਹਿੰਦੂ ਧਰਮ ਅਤੇ ਹਿੰਦੂਤਵ ਨੂੰ ਧਰਮ ਵਜੋਂ ਲੈਣ ਦੀ ਥਾਂ ਜ਼ਿੰਦਗੀ ਬਤੀਤ ਕਰਨ ਦਾ ਇਕ ਰਾਹ (ਵੇਅ ਆਫ ਲਾਈਫ) ਹੀ ਸਮਝਿਆ ਜਾਵੇ।

ਰਾਸ਼ਟਰਵਾਦ ਹੈ ਕੀ ? ਕੀ ਇਹ ਕਿਸੇ ਰਾਸ਼ਟਰ ਜਾਂ ਕੌਮ ਦੀ ਵਿਚਾਰਧਾਰਾ ਹੈ ? ਕੀ ਇਸ ਨੂੰ ਵੱਡੀ ਲਹਿਰ ਸਮਝਿਆ ਜਾਵੇ ਜੋ ਆਪਣੇ ਆਪ ਵਿਚ ਸਮਾਜਿਕ ਵੀ ਹੈ ਅਤੇ ਰਾਜਨੀਤਕ ਵੀ ਹੈ ? ਕੀ ਰਾਸ਼ਟਰਵਾਦ ਦੀਆਂ ਜੜ੍ਹਾਂ ਪ੍ਰਾਚੀਨ ਇਤਿਹਾਸ ਵਿਚ ਫੈਲੀਆਂ ਹੋਈਆਂ ਹਨ ਜਿਵੇਂ ਇਸਰਾਇਲੀ ਰਾਸ਼ਟਰਵਾਦ, ਯੂਨਾਨੀ ਰਾਸ਼ਟਰਵਾਦ ਅਤੇ ਹਿੰਦੂ ਰਾਸ਼ਟਰਵਾਦ ਦੇ ਸਮਰਥਕ ਦਾਅਵਾ ਕਰਦੇ ਹਨ ? ਜਾਂ ਇਹ ਅਸਲੋਂ ਨਵਾਂ ਵਰਤਾਰਾ ਹੈ ਜਿਵੇਂ ਬੈਨੇਡਿਕਟ ਐਂਡਰਸਨ, ਅਰਨੈਸਟ ਗੈਲਨਰ ਤੇ ਐਰਿਕ ਹਾਬਸਬਾਮ ਦੀ ਖੋਜ ਇਸ ਨਤੀਜੇ ਉਤੇ ਪਹੁੰਚੀ ਹੈ।

ਰਾਸ਼ਟਰਵਾਦ ਦੀ ਪ੍ਰੀਭਾਸ਼ਾ ਬੁਝਾਰਤ ਬਣੀ ਹੋਈ ਹੈ। ਇਸ ਬਾਰੇ ਵਿਦਵਾਨਾਂ ਦੀ ਰਾਏ ਅਤੇ ਰਾਹ ਵੱਖਰੇ ਹਨ; ਇਥੋਂ ਤੱਕ ਕਿ ਇਕ ਦੂਜੇ ਦੇ ਉਲਟ ਵੀ ਹਨ। ਕਿਸੇ ਪ੍ਰੀਭਾਸ਼ਾ ਵਿਚ 'ਸਿਧਾਂਤ' ਦੀ ਗੱਲ ਹੋਏਗੀ, ਕੋਈ 'ਵਿਸ਼ਵਾਸ' ਨੂੰ ਪਹਿਲ ਦਿੰਦਾ ਹੈ। ਕਿਸੇ ਹੋਰ ਵਿਦਵਾਨ ਲਈ 'ਪਛਾਣ' ਦਾ ਨੁਕਤਾ ਮਹੱਤਵਪੂਰਨ ਹੈ ਅਤੇ ਕਿਸੇ ਵਿਚ 'ਅਪਣੱਤ' ਦੇ ਜਜ਼ਬਾਤ ਪ੍ਰਧਾਨ-ਸੁਰ ਰੱਖਦੇ ਹਨ।

ਇਉਂ ਅਸੀਂ ਕਹਿ ਸਕਦੇ ਹਾਂ ਕਿ ਰਾਸ਼ਟਰਵਾਦ ਬਹੁ-ਪਰਤੀ ਸੰਕਲਪ ਹੈ, ਜਿਸ ਵਿਚ ਵਿਸ਼ੇਸ਼ ਭਾਸ਼ਾ, ਇਤਿਹਾਸ, ਜਜ਼ਬਾਤ, ਧਰਮ, ਰਸਮੋ-ਰਿਵਾਜ, ਪਛਾਣ, ਪ੍ਰਤੀਕ, ਤਿਉਹਾਰ, ਰੰਗ, ਸਟੇਟ, ਇਲਾਕਾ ਇਕ ਮਾਲਾ ਵਿਚ ਪ੍ਰੋਏ ਨਜ਼ਰ ਨਹੀਂ ਆਉਣਗੇ। ਹਰ ਦੇਸ਼ ਦਾ ਰਾਸ਼ਟਰਵਾਦ ਵੱਖਰਾ ਹੋਵੇਗਾ। 'ਐਨਸਾਈਕਲੋਪੀਡੀਆ ਆਫ ਨੈਸ਼ਨਲਿਜ਼ਮ' ਨੇ ਦੋ ਵੱਡੀਆਂ ਜਿਲਦਾਂ ਵਿਚ ਜਿੱਥੇ ਰਾਸ਼ਟਰਵਾਦ ਦੀਆਂ ਦਰਜਨਾਂ ਵੰਨਗੀਆਂ



ਦਾ ਜ਼ਿਕਰ ਅਤੇ ਵਿਸ਼ਲੇਸ਼ਣ ਕੀਤਾ ਹੈ, ਉੱਥੇ 130 ਤੋਂ ਉਪਰ ਕੌਮਾਂ ਜਾਂ ਰਾਸ਼ਟਰਾਂ ਦੇ ਰਾਸ਼ਟਰਵਾਦਾਂ ਦੀ ਨਿਸ਼ਾਨਦੇਹੀ ਵੀ ਕੀਤੀ ਹੈ।

ਇਸੇ ਵਿਸ਼ਵਕੋਸ਼ ਵਿਚ ਵੱਖ ਵੱਖ ਮੁਲਕਾਂ ਅੰਦਰ ਵਸਦੀਆਂ ਕਈ ਕੌਮੀਅਤਾਂ ਨੂੰ ਵੀ ਰਾਸ਼ਟਰਵਾਦ ਦੇ ਘੇਰੇ ਵਿਚ ਲਿਆਂਦਾ ਹੈ, ਜਿਸ ਵਿਚ ਸਿੱਖ ਰਾਸ਼ਟਰਵਾਦ ਵੀ ਸ਼ਾਮਲ ਹੈ। ਜੇ ਠੀਕ ਪ੍ਰੀਭਾਸ਼ਾ ਦੀ ਤਲਾਸ਼ ਕਰਨੀ ਹੋਵੇ ਤਾਂ ਇਹ ਕਿਹਾ ਜਾਂਦਾ ਹੈ ਕਿ ਰਾਸ਼ਟਰਵਾਦ ਨੂੰ ਨਕਸ਼ੇ ਵਾਂਗ ਦੇਖਿਆ ਜਾਏ, ਜਿਸ ਵਿਚ ਹਰ ਮੁਲਕ ਬਾਰੇ ਨਿਰਪੱਖ ਜਾਣਕਾਰੀ ਨੂੰ ਹੀ ਪਹਿਲ ਦਿੱਤੀ ਜਾਂਦੀ ਹੈ ਅਤੇ ਇਹ ਜਾਣਕਾਰੀ ਦੇਣ ਲੱਗਿਆਂ ਖਾਸ ਧਿਰ ਨਹੀਂ ਬਣਿਆ ਜਾਂਦਾ।

ਰਾਸ਼ਟਰਵਾਦ ਬਾਰੇ ਬਹਿਸ ਵਿਚ ਮੋਹਰਲੀ ਕਤਾਰ ਵਿਚ ਖੜ੍ਹੇ ਕਰੀਬ ਅੱਧੀ ਦਰਜਨ ਵਿਦਵਾਨਾਂ ਵਿਚ ਐਂਥਨੀ ਡੀ ਸਮਿੱਥ ਸ਼ਾਮਲ ਹਨ, ਜਿਨ੍ਹਾਂ ਦੀ ਧਾਰਨਾ ਹੈ ਕਿ ਰਾਸ਼ਟਰਵਾਦ ਤੇ ਰਾਸ਼ਟਰ ਦਾ ਜੇ ਗੰਭੀਰ ਵਿਸ਼ਲੇਸ਼ਣ ਕਰਨਾ ਹੈ ਤਾਂ ਸਮਾਜ ਵਿਚ ਰਾਜਨੀਤਕ ਵਿਗਿਆਨ ਤੇ ਇਤਿਹਾਸ ਵਰਗੇ ਵਿਸ਼ਿਆਂ ਨਾਲ ਰਿਸ਼ਤਾ ਜੋੜਨਾ ਪਵੇਗਾ। ਇਉਂ ਰਾਸ਼ਟਰਵਾਦ ਦੀ ਸਮਝ ਬਹੁਤ ਸਾਰੇ ਸਬੰਧਤ ਵਿਸ਼ਿਆਂ ਦੀ ਸਮਝ ਨਾਲ ਅਟੁੱਟ ਜੁੜੀ ਹੋਈ ਹੈ। ਐਂਥਨੀ ਨੂੰ ਇਸ ਵਿਚਾਰਧਾਰਾ ਦਾ ਬਾਨੀ ਕਿਹਾ ਜਾਂਦਾ ਹੈ। ਐਂਥਨੀ ਮੰਨਦਾ ਹੈ ਕਿ ਰਾਸ਼ਟਰਵਾਦ ਆਧੁਨਿਕ ਵਰਤਾਰਾ ਹੈ ਪਰ ਰਾਸ਼ਟਰ ਜਾਂ ਕੌਮ ਕੋਈ ਨਵਾਂ ਵਰਤਾਰਾ ਨਹੀਂ। ਇਸ ਦੀ ਹੋਂਦ ਸਦੀਆਂ ਪੁਰਾਣੀ ਹੈ। ਐਂਥਨੀ ਇਕੋ ਇਕ ਵਿਦਵਾਨ ਹੈ, ਜਿਸ ਨੇ ਦਲੀਲਾਂ ਅਤੇ ਤੱਥਾਂ ਸਹਿਤ ਰਾਸ਼ਟਰ ਦੇ ਰੋਲ, ਤਾਕਤ, ਪ੍ਰਭਾਵ ਨੂੰ ਖੋਜੀ ਬਿਰਤੀ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਰਾਸ਼ਟਰਵਾਦ ਅਤੇ ਰਾਸ਼ਟਰ ਬਾਰੇ ਚੱਲ ਰਹੀਆਂ ਬਹਿਸਾਂ ਵਿਚ ਉਸ ਦਾ ਵਿਸ਼ਲੇਸ਼ਣ, ਜਾਣਕਾਰੀ ਬਹੁ-ਪਰਤੀ ਵੀ ਹੈ ਅਤੇ ਸੂਖਮ ਵੀ।

ਅਰਨੈਸਟ ਰੈਨਿਨ (1829-92) ਨੇ ਰਾਸ਼ਟਰ ਦੀ ਧਾਰਨਾ ਬਾਰੇ ਜੋ ਵਿਚਾਰ ਦਿੱਤੇ ਹਨ, ਉਨ੍ਹਾਂ ਦਾ ਵੀ ਜ਼ਿਕਰ ਕਰਨਾ ਬਣਦਾ ਹੈ। ਭਾਸ਼ਾ ਵਿਗਿਆਨ, ਦਰਸ਼ਨ, ਸੱਭਿਅਤਾਵਾਂ, ਧਰਮ ਅਧਿਐਨ ਅਤੇ ਇਤਿਹਾਸ ਦੇ ਇਸ ਵਿਦਵਾਨ ਨੇ ਰਾਸ਼ਟਰ ਨੂੰ 'ਅਧਿਆਤਮਕ ਸਿਧਾਂਤ' ਨਾਲ ਜੋੜ ਦਿੱਤਾ ਹੈ। ਰਾਸ਼ਟਰ ਬਾਰੇ ਉਸ ਦੀਆਂ ਕਈ ਟਿੱਪਣੀਆਂ ਮੁਹਾਵਰਾ ਬਣ ਗਈਆਂ ਹਨ। ਉਸ ਨੇ ਰਾਸ਼ਟਰ ਦੀ ਮਹੱਤਤਾ ਦਾ ਜ਼ਿਕਰ ਕਰਦਿਆਂ ਰਾਸ਼ਟਰ ਦੀ ਤੁਲਨਾ 'ਆਤਮਾ' ਨਾਲ ਕੀਤੀ ਹੈ ਪਰ ਨਾਲ ਇਹ ਟਿੱਪਣੀ ਵੀ ਕੀਤੀ ਹੈ ਕਿ ਰਾਸ਼ਟਰ ਕੋਈ ਅੰਤਿਮ ਹਕੀਕਤ ਨਹੀਂ। ਇਸ ਦਾ ਆਦਿ ਵੀ ਹੈ ਅਤੇ ਅੰਤ ਵੀ। ਇਕ ਹੋਰ ਥਾਂ 'ਤੇ ਉਸ ਦਾ ਵਿਸ਼ਵਾਸ ਹੈ ਕਿ ਰਾਸ਼ਟਰ ਕਿਸੇ ਸਮੇਂ 'ਕਨਫੈਡਰੇਸ਼ਨ' ਵਿਚ ਵੀ ਤਬਦੀਲ ਹੋ ਸਕਦਾ ਹੈ। ਕਈ ਧਾਰਨਾਵਾਂ ਵਿਚ ਅਸਪੱਸ਼ਟਤਾ ਅਤੇ ਧੁੰਦਲਾਪਨ ਹੋਣ ਕਰਕੇ ਉਸ ਦੀ ਤਿੱਖੀ ਆਲੋਚਨਾ ਵੀ ਹੋਈ ਹੈ।

ਜਦੋਂ ਵੀ ਰਾਸ਼ਟਰਵਾਦ, ਰਾਸ਼ਟਰ ਅਤੇ ਇਸ ਨਾਲ ਜੁੜੇ ਵਿਸ਼ਿਆਂ ਦੇ ਸੰਕਲਪ, ਥਿਊਰੀਆਂ, ਸਿਧਾਂਤਾਂ ਅਤੇ ਇਤਿਹਾਸ ਦਾ ਜ਼ਿਕਰ ਛਿੜੇਗਾ ਤਾਂ ਬੈਨੇਡਿਕਟ ਐਂਡਰਸਨ (1936-2015) ਰਾਸ਼ਟਰਵਾਦ ਦੇ ਵਿਦਵਾਨਾਂ ਦੀ ਕਤਾਰ ਵਿਚ 'ਮਾਊਂਟ ਐਵਰੈਸਟ' ਬਣਿਆ ਰਹੇਗਾ। ਉਸ ਦੀ ਕਿਤਾਬ 'ਕਾਲਪਨਿਕ ਰਾਸ਼ਟਰ' (ਇਮੈਜਨਡ ਕਮਿਊਨਿਟੀਜ਼) ਨੇ ਰਾਸ਼ਟਰਵਾਦ ਦੇ ਪਾਣੀਆਂ ਵਿਚ ਭੂਚਾਲ ਲੈ ਆਂਦਾ, ਜਦੋਂ ਉਸ ਦੀ ਮੌਲਿਕ ਖੋਜ ਨੇ ਇਹ ਧਾਰਨਾ ਸਾਹਮਣੇ ਲਿਆਂਦੀ ਕਿ ਰਾਸ਼ਟਰ ਤਾਂ 'ਕਾਲਪਨਿਕ' ਵਰਤਾਰਾ ਹੀ ਹੈ, ਜਿਸ ਦਾ ਇਤਿਹਾਸ ਦੇ ਕਿਸੇ ਪੜਾਅ 'ਤੇ 'ਸਮਾਜਿਕ ਨਿਰਮਾਣ' ਹੋਇਆ ਅਤੇ ਜਿਸ ਦੀ ਸਿਰਜਣਾ ਵਿਚ ਛਾਪਾਖਾਨਾ, ਅਖ਼ਬਾਰ, ਨਾਵਲਾਂ ਅਤੇ ਸੰਚਾਰ ਸਾਧਨਾਂ ਦਾ ਵੱਡਾ ਹਿੱਸਾ ਹੈ।

ਉਸ ਦਾ ਕਹਿਣਾ ਸੀ ਕਿ ਲੋਕਾਂ ਦਾ ਸਮੂਹ ਭਾਵੇਂ ਛੋਟਾ ਹੋਵੇ ਜਾਂ ਵੱਡਾ, ਉਸ ਸਮੂਹ ਦੇ ਮੈਂਬਰ ਬਹੁਤਾ ਕਰਕੇ ਇਕ ਦੂਜੇ ਨੂੰ ਜਾਣਦੇ ਵੀ ਨਹੀਂ, ਉਨ੍ਹਾਂ ਨੇ ਇਕ ਦੂਜੇ ਨੂੰ ਦੇਖਿਆ ਵੀ ਨਹੀਂ ਹੁੰਦਾ, ਫਿਰ ਵੀ ਉਹ 'ਕਲਪਨਾ' ਵਿਚ ਉਸ ਸਮੂਹ ਨਾਲ ਜੁੜੇ ਹੁੰਦੇ ਹਨ, ਜਿਸ ਕਰਕੇ ਉਹ ਸਮੂਹ 'ਕਾਲਪਨਿਕ ਰਾਸ਼ਟਰ' ਹੀ ਕਿਹਾ ਜਾਵੇਗਾ। ਇਸ ਧਾਰਨਾ ਦੀ ਆਲੋਚਨਾ ਕਰਨ ਵਾਲੇ ਐਂਥਨੀ ਸਮੇਤ ਕਈ ਹੋਰ ਵਿਦਵਾਨਾਂ ਦੀ ਵੀ ਕਮੀ ਨਹੀਂ ਪਰ ਉਸ ਦੀ ਖੋਜ ਨੇ ਵਿਦਵਾਨਾਂ ਅਤੇ ਮਾਹਰਾਂ ਨੂੰ ਨਾ ਕੇਵਲ ਦੋ ਹਿੱਸਿਆਂ ਵਿਚ ਵੰਡ ਦਿੱਤਾ ਸਗੋਂ ਸਮਾਜ ਵਿਗਿਆਨ, ਰਾਜਨੀਤਕ ਵਿਗਿਆਨ ਅਤੇ ਹੋਰ ਕਈ ਵਿਸ਼ਿਆਂ ਦੇ ਮਾਹਰਾਂ ਨੇ ਵੀ ਰਾਸ਼ਟਰਵਾਦ ਵਿਚ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ। ਇਨ੍ਹਾਂ ਵਿਚ ਮਾਨਵ ਵਿਗਿਆਨ, ਪੁਰਾਤੱਤਵ ਵਿਗਿਆਨ, ਖੇਡਾਂ, ਇਕਨਾਮਿਕਸ, ਇਕਾਲੋਜੀ, ਭਵਨ-ਨਿਰਮਾਣ ਕਲਾ, ਕਾਨੂੰਨ, ਪੂੰਜੀਵਾਦ, ਸਾਹਿਤ, ਕਲਾ ਅਤੇ ਪੱਤਰਕਾਰੀ ਸ਼ਾਮਲ ਹਨ।

ਜੇ ਰਾਸ਼ਟਰਵਾਦ ਆਧੁਨਿਕ ਘਟਨਾ ਜਾਂ ਵਰਤਾਰਾ ਹੈ ਤਾਂ ਅਹਿਮ ਸਵਾਲ ਢੁੱਕਵਾਂ ਜਵਾਬ ਮੰਗਦਾ ਹੈ ਕਿ ਆਰੰਭ ਕਦੋਂ ਸਮਝਿਆ ਜਾਵੇ ? ਜਵਾਬ 17ਵੀਂ ਸਦੀ ਦੇ ਯੂਰੋਪ ਦੀ ਸਰਜ਼ਮੀਨ 'ਤੇ ਮਿਲਦਾ ਹੈ, ਜਦੋਂ ਇਸ ਮਹਾਂਦੀਪ ਵਿਚ ਰਾਸ਼ਟਰਵਾਦ ਦੀ ਸੱਜਰੀ ਸਵੇਰ ਨੇ ਜਨਮ ਲਿਆ। ਸੰਨ 1618 ਤੋਂ 1648 ਦਾ ਦੌਰ ਅਜਿਹਾ ਸਮਾਂ ਸੀ ਜਦੋਂ ਯੂਰੋਪ ਵਿਚ, ਵਿਸ਼ੇਸ਼ ਕਰਕੇ ਕੇਂਦਰੀ ਖਿੱਤੇ ਵਿਚ 30 ਸਾਲ ਤਕ ਕਦੇ ਲਗਾਤਾਰ ਤੇ ਕਦੇ ਰੁਕ ਰੁਕ ਕੇ ਉਹ ਲੜਾਈਆਂ ਤੇ ਝੜਪਾਂ ਹੋਈਆਂ ਕਿ ਸਾਰੇ ਪਾਸੇ ਤਬਾਹੀ ਨਜ਼ਰ ਆਉਣ ਲੱਗੀ। ਇਹ ਜੰਗਾਂ ਭਾਵੇਂ ਕੈਥੋਲਿਕਾਂ ਤੇ ਪ੍ਰੋਟੈਸਟੈਂਟਾਂ ਵਿਚਕਾਰ ਹੋਈਆਂ ਪਰ ਕੇਂਦਰ ਵਿਚ ਅਜਿਹੀ ਰਾਜਨੀਤੀ ਸੀ ਜੋ ਧਰਮ ਤੋਂ ਖਹਿੜਾ ਛੁਡਾਉਣਾ ਚਾਹੁੰਦੀ ਸੀ ਜਾਂ ਇਉਂ ਕਹਿ ਲਓ ਕਿ ਧਰਮ ਦੀ ਸਰਦਾਰੀ ਨੂੰ ਕਮਜ਼ੋਰ ਕਰਨਾ ਚਾਹੁੰਦੀ ਸੀ; ਹੋਇਆ ਵੀ ਇੰਜ ਹੀ।

ਯੂਰੋਪ ਦੇ ਇਤਿਹਾਸ ਦੀ ਇਹ ਦਰਦ ਭਿੱਜੀ ਦਾਸਤਾਨ ਹੈ ਜਦੋਂ ਯੂਰੋਪ ਦੀ 9 ਕਰੋੜ ਦੀ ਆਬਾਦੀ ਵਿਚੋਂ 80 ਲੱਖ ਲੋਕ ਇਨ੍ਹਾਂ ਲੜਾਈਆਂ ਦੀ ਭੇਟ ਚੜ੍ਹ ਗਏ। ਹਾਲਤ ਇਹ ਬਣ ਗਈ ਕਿ ਕੀ ਹਾਕਮ, ਕੀ ਲੋਕ ਅਤੇ ਕੀ ਚਰਚ, ਸਭ ਅੱਕ-ਥੱਕ ਕੇ ਅਮਨ ਕਾਇਮੀ ਦੀ ਦੁਆ ਕਰਨ ਲੱਗੇ। ਭਿਆਨਕ ਤਬਾਹੀ ਨੇ ਵੱਡਾ ਸਵਾਲ ਖੜ੍ਹਾ ਕਰ ਦਿੱਤਾ ਕਿ ਰੱਬ ਕਿਤੇ ਹੈ ਵੀ ? ਇਨ੍ਹਾਂ ਹੀ ਹਾਲਾਤ ਨੇ ਅਕਤੂਬਰ-1648 ਨੂੰ ਇਤਿਹਾਸਕ ਸੰਧੀ ਨੂੰ ਜਨਮ ਦਿੱਤਾ ਜਿਸ ਨੂੰ ਵੈਸਟਫੇਲੀਅਨ ਸੰਧੀ ਕਿਹਾ ਜਾਂਦਾ ਹੈ। ਵੈਸਟਫੇਲੀਆ ਜਰਮਨੀ ਸੂਬਾ ਹੈ, ਜਿਸ ਦੇ ਦੋ ਸ਼ਹਿਰਾਂ ਵਿਚ ਚਾਰ ਸਾਲ ਦੀ ਲਗਾਤਾਰ ਕੂਟਨੀਤਕ ਜਦੋਜਹਿਦ ਪਿੱਛੋਂ ਇਹ ਸੰਧੀ ਵਜੂਦ ਵਿਚ ਆਈ। ਅਸਲ ਵਿਚ ਇਹ ਦੋ ਸੰਧੀਆਂ ਦਾ ਮਿਲਾਪ ਹੈ।

ਵੈਸਟਫੇਲੀਅਨ ਸੰਧੀ ਦੇ ਕੁਝ ਦਿਲਚਸਪ ਤੱਥ ਹਨ। 194 ਰਾਜਾਂ ਦੇ ਰਾਜਕੁਮਾਰਾਂ ਨੇ ਜਰਮਨੀ ਦੇ ਦੋ ਸ਼ਹਿਰਾਂ ਵਿਚ ਉਤਾਰਾ ਕੀਤਾ। ਸਭ ਛੋਟੇ ਵੱਡੇ ਰਾਜਾਂ ਨੂੰ ਬਰਾਬਰ ਦਰਜਾ ਹਾਸਲ ਹੋਇਆ। ਕੈਥੋਲਿਕ ਤੇ ਪ੍ਰੋਟੈਸਟੈਂਟ ਕਿਉਂਕਿ ਇਕ ਦੂਜੇ ਦੇ

ਬਾਕੀ ਸਫ਼ਾ 29 'ਤੇ

# ਭਾਜਪਾ ਤੇ ਮੋਦੀ ਦੀਆਂ ਨੀਤੀਆਂ ਕਾਰਨ ਭਾਰਤ ਫਿਰਕੂ ਰਾਸ਼ਟਰ ਵੱਲ ਵਧਿਆ

## ਟਾਈਮ ਮੈਗਜ਼ੀਨ ਦੇ ਮਸ਼ਹੂਰ ਪੱਤਰਕਾਰ ਆਤਿਸ਼ ਤਾਸੀਰ ਨੇ 'ਡਿਵਾਈਡਰ ਇਨ ਚੀਫ' ਦੇ ਸਿਰਲੇਖ ਹੇਠ ਮੋਦੀ ਨੂੰ ਲਾਏ ਰਗੜੇ

- **ਕਾਂਗਰਸ ਦੀ ਰਾਜਨੀਤਕ ਕਮਜ਼ੋਰੀ ਤੇ ਹਿੰਦੂਤਵ ਬਾਰੇ ਨਰਮ ਪੱਖ ਮੋਦੀ ਨੂੰ ਦੁਬਾਰਾ ਸੱਤਾ ਵਲ ਲਿਜਾ ਸਕਦੇ ਹਨ**
- **ਅਮਰੀਕੀ ਕਾਂਗਰਸ, ਨਿਊਯਾਰਕ ਟਾਈਮਜ਼ ਦੀ ਰਿਪੋਰਟ ਅਤੇ ਸਾਬਕਾ ਰਾਸ਼ਟਰਪਤੀ ਬਰਾਕ ਉਬਾਮਾ ਨੇ ਵੀ ਹਿੰਦੂ ਰਾਸ਼ਟਰਵਾਦ ਨੂੰ ਭੰਡਿਆ**
- **ਭਾਜਪਾ ਲੀਡਰਸ਼ਿਪ ਦੇ ਰਹੀ ਹੈ ਮੁਸਲਮਾਨਾਂ ਵਿਰੁੱਧ ਜ਼ਹਿਰੀਲੇ ਬਿਆਨ**




**ਵਿਸ਼ੇਸ਼ ਰਿਪੋਰਟ/ਪ੍ਰੋ. ਬਲਵਿੰਦਰਪਾਲ ਸਿੰਘ**
(ਮੋਬ. 9815700916)

ਜਲੰਧਰ-ਦੁਨੀਆ ਭਰ ਵਿਚ ਮਸ਼ਹੂਰ ਅਮਰੀਕੀ ਮੈਗਜ਼ੀਨ 'ਟਾਈਮ' ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 'ਡਿਵਾਈਡਰ ਇਨ ਚੀਫ' ਦੇ ਸਿਰਲੇਖ ਨਾਲ ਕਵਰ ਸਟੋਰੀ ਛਾਪੀ ਹੈ। ਆਤਿਸ਼ ਤਾਸੀਰ ਨਾਂਅ ਦੇ ਪੱਤਰਕਾਰ ਨੇ ਜਿਹੜੀ ਕਹਾਣੀ ਲਿਖੀ ਹੈ, ਉਸ ਵਿਚ ਮੋਦੀ ਨੂੰ ਸਮਾਜ ਤੇ ਦੇਸ਼ ਨੂੰ ਵੰਡਣ ਵਾਲੇ ਦੇ ਰੂਪ ਵਿਚ ਦਰਸਾਇਆ ਗਿਆ ਹੈ। ਕਹਾਣੀ ਮੁਤਾਬਕ ਮੋਦੀ 2014 ਵਿਚ ਮੋਦੀ 'ਸਬਕਾ ਸਾਥ, ਸਬਕਾ ਵਿਕਾਸ' ਦਾ ਨਾਅਰਾ ਦੇ ਕੇ ਸੱਤਾ ਵਿਚ ਆਏ, ਪਰ ਪੰਜ ਸਾਲ ਉਨ੍ਹਾਂ ਇਸ ਨਾਅਰੇ ਦਾ ਮਤਲਬ ਵਿਅਰਥ ਕਰ ਦਿੱਤਾ।

ਪੱਤਰਕਾਰ ਨੇ ਮੋਦੀ ਉੱਪਰ ਤਿੱਖਾ ਵਾਰ ਕਰਦਿਆਂ ਕਿਹਾ ਹੈ ਕਿ ਮਹਾਨ ਜਮਹੂਰੀਅਤਾਂ ਦੇ ਪਾਪੂਲਿਜ਼ਮ ਵੱਲ ਝੁਕਾਅ ਦੀ ਦਿਸ਼ਾ ਵਿਚ ਭਾਰਤ ਪਹਿਲੀ ਜਮਹੂਰੀਅਤ ਹੋਵੇਗੀ। ਉਨ੍ਹਾਂ ਇਸ ਸਬੰਧ ਵਿਚ ਤੁਰਕੀ, ਬਰਾਜ਼ੀਲ ਤੇ ਅਮਰੀਕਾ ਦਾ ਜ਼ਿਕਰ ਵੀ ਕੀਤਾ ਹੈ, ਜਿੱਥੇ ਅਜਿਹੇ ਆਗੂ ਚੁਣ ਲਏ ਗਏ, ਜਿਹੜੇ ਚੰਮ ਦੀਆਂ ਚਲਾ ਰਹੇ ਹਨ। ਤਾਸੀਰ ਨੇ ਗੁਜਰਾਤ ਦੰਗਿਆਂ ਵਿਚ ਮੋਦੀ ਦੀ ਚੁੱਪੀ ਦਾ ਹਵਾਲਾ ਦਿੰਦਿਆਂ ਲਿਖਿਆ ਹੈ ਕਿ ਅਜਿਹੀਆਂ ਘਟਨਾਵਾਂ ਨੇ ਮੋਦੀ ਨੂੰ ਫਸਾਦੀਆਂ ਦੀ ਭੀੜ ਦਾ ਸਾਥੀ ਬਣਾ ਦਿੱਤਾ। ਉਨ੍ਹਾਂ ਲਿਖਿਆ ਹੈ ਕਿ ਮੋਦੀ ਨੇ ਨਹਿਰੂ ਤੇ ਉਨ੍ਹਾਂ ਦੇ ਦੌਰ ਦੇ ਧਰਮ-ਨਿਰਲੇਪਤਾ ਤੇ ਸਮਾਜਵਾਦ ਦੇ ਸਿਧਾਂਤਾਂ ਉੱਤੇ ਹਮਲਾ ਕੀਤਾ ਅਤੇ ਕਾਂਗਰਸ ਮੁਕਤ ਭਾਰਤ ਦੀ ਗੱਲ ਕੀਤੀ। ਪੱਤਰਕਾਰ ਨੇ ਮੋਦੀ ਨੂੰ ਮੁਸਲਮਾਨ ਵਿਰੋਧੀ ਦੱਸਦਿਆਂ ਕਿਹਾ ਹੈ ਕਿ ਉਨ੍ਹਾਂ ਹਿੰਦੂਆਂ ਤੇ ਮੁਸਲਮਾਨਾਂ ਵਿਚਾਲੇ ਭਾਈਚਾਰਾ ਕਾਇਮ ਰੱਖਣ ਦੀ ਕਦੇ ਕੋਈ ਮਨਸ਼ਾ ਜ਼ਾਹਿਰ ਨਹੀਂ ਕੀਤੀ।

ਤਾਸੀਰ ਨੇ ਇਥੋਂ ਤੱਕ ਲਿਖਿਆ ਹੈ ਕਿ ਮੋਦੀ ਦੇ ਹੱਥੋਂ ਕੋਈ ਆਰਥਕ ਚਮਤਕਾਰ ਜਾਂ ਵਿਕਾਸ ਨਹੀਂ ਹੋ ਸਕਿਆ। ਉਨ੍ਹਾਂ ਧਾਰਮਕ ਰਾਸ਼ਟਰਵਾਦ ਦਾ ਜ਼ਹਿਰੀਲਾ ਮਾਹੌਲ ਪੈਦਾ ਕਰਨ ਦਾ ਰੋਲ ਨਿਭਾਇਆ। ਤੇਜਸਵੀ ਸੂਰੀਆ ਦੇ ਬਿਆਨ (ਤੁਸੀਂ ਮੋਦੀ ਦੇ ਨਾਲ ਹੋ ਤਾਂ ਦੇਸ਼ ਦੇ ਨਾਲ ਹੋ), ਗਊ ਰੱਖਿਆ ਦੇ ਨਾਂਅ 'ਤੇ ਭੀੜ ਵੱਲੋਂ ਕੀਤੇ ਗਏ ਕਤਲਾਂ ਤੇ ਦਲਿਤ ਕਾਂਡ ਆਦਿ 'ਤੇ ਮੋਦੀ ਨੇ ਪੂਰੀ ਤਰ੍ਹਾ ਖਾਮੋਸ਼ੀ ਅਖਤਿਆਰ ਕਰੀ ਰੱਖੀ। ਗਊ ਨੂੰ ਲੈ ਕੇ ਮੁਸਲਮਾਨਾਂ 'ਤੇ ਵਾਰ-ਵਾਰ ਹਮਲੇ ਹੋਏ ਤੇ ਉਨ੍ਹਾਂ ਨੂੰ ਮਾਰਿਆ ਗਿਆ। ਇਕ ਮਹੀਨਾ ਵੀ ਅਜਿਹਾ ਨਹੀਂ ਲੰਘਿਆ, ਜਦ ਲੋਕਾਂ ਦੇ ਸਮਾਰਟ ਫੋਨ 'ਤੇ ਉਹ ਤਸਵੀਰਾਂ ਨਾ ਆਈਆਂ ਹੋਣ, ਜਿਸ ਵਿਚ ਹਿੰਦੂਆਂ ਦੀ ਭੀੜ ਕਿਸੇ ਮੁਸਲਮਾਨ ਨੂੰ ਨਾ ਕੁੱਟ ਰਹੀ ਹੋਵੇ।

2017 ਵਿਚ ਭਾਜਪਾ ਯੂ ਪੀ ਵਿਚ ਚੋਣ ਜਿੱਤੀ ਤਾਂ ਨਫਰਤ ਫੈਲਾਉਣ ਵਾਲੇ ਮਹੰਤ ਨੂੰ ਮੁੱਖ ਮੰਤਰੀ ਬਣਾ ਦਿੱਤਾ ਗਿਆ। ਤਾਸੀਰ ਨੇ ਲਿਖਿਆ ਹੈ ਕਿ ਭਾਵੇਂ ਮੋਦੀ ਫਿਰ ਸਰਕਾਰ ਬਣਾ ਲੈਣ, ਪਰ ਉਹ ਲੋਕਾਂ ਦੇ ਉਨ੍ਹਾਂ ਸੁਫਨਿਆਂ ਦੀ ਨੁਮਾਇੰਦਗੀ ਹੁਣ ਕਦੇ ਨਹੀਂ ਕਰ ਸਕਦੇ, ਜੋ ਉਹ 2014 ਵਿਚ ਕਰਦੇ ਸਨ। ਪੱਤਰਕਾਰ ਨੇ ਇਸ ਸਟੋਰੀ ਵਿਚ ਮੋਦੀ ਸਰਕਾਰ 'ਤੇ ਤਮਾਮ ਅਹਿਮ ਅਦਾਰਿਆਂ ਦੇ ਮੁਖੀ ਚੁਣਨ ਵਿਚ ਯੋਗਤਾ ਦੀ ਥਾਂ ਦੱਖਣਪੰਥੀ ਵਿਚਾਰਧਾਰਾ ਨੂੰ ਤਰਜੀਹ ਦੇਣ ਦਾ ਇਲਜ਼ਾਮ ਲਾਇਆ ਗਿਆ ਹੈ। ਕਾਂਗਰਸ ਬਾਰੇ ਕਿਹਾ ਗਿਆ ਹੈ ਕਿ ਉਸ ਕੋਲ ਮੋਦੀ ਨੂੰ ਹਰਾਉਣ ਨੂੰ ਛੱਡ ਕੇ ਕੋਈ ਠੋਸ ਏਜੰਡਾ ਨਹੀਂ। ਤਾਸੀਰ ਨੇ ਕਮਜ਼ੋਰ ਆਪੋਜ਼ੀਸ਼ਨ ਨੂੰ ਮੋਦੀ ਦੀ ਸਭ ਤੋਂ ਵੱਡੀ ਖ਼ੁਸ਼ਕਿਸਮਤੀ ਦੱਸਿਆ ਹੈ। ਇੰਗਲੈਂਡ ਵਿਚ ਪੈਦਾ ਹੋਏ 39 ਸਾਲ ਦੇ ਆਤਿਸ਼ ਤਾਸੀਰ ਭਾਰਤੀ ਪੱਤਰਕਾਰ ਤਵਲੀਨ ਸਿੰਘ ਦੇ ਬੇਟੇ ਹਨ। ਉਨ੍ਹਾਂ ਦੇ ਪਿਤਾ ਪਾਕਿਸਤਾਨੀ ਸਿਆਸਤਦਾਨ ਸਲਮਾਨ ਤਾਸੀਰ ਨੂੰ ਕਤਲ ਕਰ ਦਿੱਤਾ ਗਿਆ ਸੀ।

ਜੇਕਰ ਇਸ ਰਿਪੋਰਟ ਦਾ ਅਧਿਐਨ ਕੀਤਾ ਜਾਵੇ ਤਾਂ ਮੋਦੀ ਹਿੰਦੂ ਰਾਸ਼ਟਰਵਾਦ ਦਾ ਨਾਇਕ ਬਣ ਚੁੱਕਾ ਹੈ। ਉਸ ਦਾ ਭਾਰਤ ਦੀ ਜਮਹੂਰੀਅਤ ਨਾਲ ਕੋਈ ਵਾਸਤਾ ਨਹੀਂ। ਖਾਲਿਸਤਾਨੀ ਧਿਰਾਂ ਕਹਿੰਦੀਆਂ ਹਨ ਕਿ ਮੋਦੀ ਦਾ ਜਿੱਤਣਾ ਜ਼ਰੂਰੀ ਹੈ ਤਾਂ ਜੋ ਖਾਲਿਸਤਾਨ ਬਣ ਸਕੇ, ਕਿਉਂਕਿ ਮੋਦੀ ਦਾ ਆਉਣ ਦੇ ਨਾਲ ਹਿੰਸਕ ਟਕਰਾਅ ਵਧਣਗੇ ਤੇ ਬਗਾਵਤਾਂ ਪੈਦਾ ਹੋਣਗੀਆਂ।

ਇਹ ਸੱਚ ਹੈ ਕਿ ਹਿੰਦੂ ਰਾਸ਼ਟਰਵਾਦ ਦੀ ਤਿਆਰੀ ਲਈ ਕਈ ਖਤਰਨਾਕ ਭਗਵੀਆਂ ਫੋਰਸਾਂ ਬਣ ਚੁਕੀਆਂ ਹਨ, ਜੋ ਖਤਰਨਾਕ ਹਥਿਆਰਾਂ ਨਾਲ ਲੈਸ ਹਨ। ਇਹ ਪਾਗਲ ਹਥਿਆਰਬੰਦ ਫੋਰਸਾਂ ਕਿਸੇ ਤੋਂ ਸਾਂਭੀਆਂ ਨਹੀਂ ਜਾਣਗੀਆਂ। ਇਹ ਭਾਰਤ ਦੀ ਜਮਹੂਰੀਅਤ ਲਈ ਅਤਿਅੰਤ ਖਤਰਨਾਕ ਹਨ। ਅਮਰੀਕੀ ਕਾਂਗਰਸ ਦੀ ਇਕ ਰਿਪੋਰਟ ਵਿਚ ਇਹੀ ਦਾਅਵਾ ਕੀਤਾ ਗਿਆ ਸੀ ਕਿ ਪਿਛਲੇ ਇਕ ਦਹਾਕੇ ਦੌਰਾਨ ਭਾਰਤ ਵਿਚ ਹਿੰਦੂ ਰਾਸ਼ਟਰਵਾਦ ਦਾ ਉਭਾਰ ਹੋ ਰਿਹਾ ਹੈ ਜਿਸ ਕਾਰਨ ਮੁਲਕ ਦੇ ਧਰਮ ਨਿਰਪੱਖ ਕਿਰਦਾਰ ਨੂੰ ਢਾਹ ਲੱਗ ਰਹੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਸੋਸ਼ਲ ਮੀਡੀਆ ਮੁਲਕ ਵਿਚ ਬਹੁ ਗਿਣਤੀ ਹਿੰਸਾ ਦੀਆਂ ਘਟਨਾਵਾਂ ਲਈ ਮੰਚ ਪ੍ਰਦਾਨ ਕਰ ਰਿਹਾ ਹੈ। ਆਪਣੀ ਰਿਪੋਰਟ ਵਿਚ ਕਾਂਗਰਸ ਖੋਜ ਸੇਵਾ ਨੇ ਗਊ ਰਾਖਿਆਂ, ਧਰਮ ਪਰਿਵਰਤਨ ਵਿਰੋਧੀ ਕਾਨੂੰਨਾਂ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ 'ਤੇ ਹਮਲਿਆਂ ਸਮੇਤ ਧਰਮ ਨਾਲ ਪ੍ਰੇਰਿਤ ਹਿੰਸਾ ਦਾ ਜ਼ਿਕਰ ਕੀਤਾ ਹੈ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਵੀ ਦਾਅਵਾ ਕੀਤਾ ਸੀ ਕਿ ਭਾਰਤ ਵਿੱਚ ਧਾਰਮਕ ਅਸਹਿਣਸ਼ੀਲਤਾ ਦੀਆਂ ਵਾਰਦਾਤਾਂ ਸ਼ਰਮਨਾਕ ਹਨ ਜੇ ਦੇਸ਼ ਫਿਰਕੂ ਲੀਹਾਂ ਉਪਰ ਵੰਡਿਆ ਗਿਆ ਤਾਂ ਵਿਕਾਸ ਨਹੀ ਕਰ ਸਕੇਗਾ।

ਅਮਰੀਕਾ ਦੇ ਮਸ਼ਹੂਰ ਅਖਬਾਰ ਨਿਊਯਾਰਕ ਟਾਇਮਜ਼ ਨੇ ਆਪਣੇ ਸੰਪਾਦਕੀ ਵਿਚ ਲਿਖਿਆ ਸੀ ਕਿ ਭਾਰਤ ਵਿੱਚ ਘਟ ਗਿਣਤੀਆਂ ਵਿਰੁੱਧ ਵਧਦੀ ਹਿੰਸਾ ਬਾਰੇ ਪ੍ਰਧਾਨ ਮੰਤਰੀ ਆਪਣੀ ਚੁੱਪ ਕਦੋਂ ਤੋੜਨਗੇ ?

ਕੌਮਾਂਤਰੀ ਖ਼ਬਰੀ ਰਸਾਲਾ ਟਾਈਮਜ਼ ਦੀ ਲੱਗਭੱਗ ਇਹੀ ਰਿਪੋਰਟ ਹੈ ਤੇ ਪੁਰਾਣੀਆਂ ਰਿਪੋਰਟਾਂ ਦਾ ਵਿਸਥਾਰ ਵੀ ਹੈ।

ਜੇਕਰ ਆਰ ਐਸ ਐਸ ਦੇ ਸਰਸੰਘ ਚਾਲਕ ਸਾਵਰਕਰ ਦੇ ਹਿੰਦੂ ਰਾਸ਼ਟਰਵਾਦ ਤੇ ਹਿੰਦੂ ਸ਼ਬਦ ਦੀ ਪ੍ਰੀਭਾਸ਼ਾ ਨੂੰ ਪੜ੍ਹੀਏ ਜੋ 1924 ਈ: ਵਿਚ ਦਿੱਤੀ ਸੀ, ਉਸ 'ਤੇ ਸਪੱਸ਼ਟ ਅਰਥ ਅਮਲੀ ਤੌਰ 'ਤੇ ਅਜੋਕੀ ਆਰ ਐਸ ਐਸ ਤੇ ਮੋਦੀ ਰਾਜ ਵਿਚ ਸਾਫ਼ ਦਿਖਾਈ ਦੇ ਰਹੇ ਹਨ। ਸਾਵਰਕਰ ਦਾ ਕਹਿਣਾ ਸੀ ਕਿ ਭਾਰਤ ਵਿੱਚ ਰਹਿਣ ਵਾਲਾ ਹਰ ਇੱਕ ਵਿਅਕਤੀ ਹਿੰਦੂ ਹੈ ਚਾਹੇ ਉਹ ਮੁਸਲਮਾਨ, ਈਸਾਈ ਕਿਉ ਨਾ ਹੋਵੇ ? ਜਿਨ੍ਹਾਂ ਦੀ ਮਾਤਭੂਮੀ ਅਤੇ ਪੂਜਣਯੋਗ ਭੂਮੀ ਭਾਰਤ ਹੈ ਉਹ ਹਿੰਦੂ ਹਨ। ਹਿੰਦੂ ਉਹ ਹੈ ਜੋ ਆਰੀਆ ਹੈ ਅਤੇ ਬ੍ਰਾਹਮਣਵਾਦੀ ਸਭਿਆਚਾਰ'ਚ ਨਿਸ਼ਚਾ ਰੱਖਦਾ ਹੈ। ।" ਹਿੰਦੂ ਰਾਸ਼ਟਰਵਾਦ ਦੀ ਧਾਰਨਾ ਵੀ ਇਸੇ ਦੀ ਹੀ ਦੇਣ ਹੈ।

ਇਸ ਪ੍ਰੀਭਾਸ਼ਾ ਤੋਂ ਇਹ ਵੀ ਸਾਫ ਹੋ ਜਾਂਦਾ ਹੇ ਕਿ ਈਸਾਈ ਅਤੇ ਮੁਸਲਮਾਨ ਹਿੰਦੂ ਨਹੀ ਹਨ ਕਿਉਕਿ ਉਨ੍ਹਾਂ ਦੀ ਪਿਤਰ ਭੂਮੀ ਭਾਰਤ ਨਹੀ ਹੈ। ਇਸੇ ਤਹਿਤ ਸਿੱਖਾਂ ਨੂੰ ਕੇਸਾਧਾਰੀ ਹਿੰਦੂ ਕਿਹਾ ਜਾ ਰਿਹਾ ਹੈ। ਆਰ ਐਸ ਐਸ ਤੇ ਭਾਜਪਾ ਦੇ ਲੀਡਰ ਇਸੇ ਸੋਚ ਤਹਿਤ "ਹਿੰਦੀ ਹਿੰਦੂ ਹਿੰਦੁਸਤਾਨ" ਹਿੰਦੂ ਰਾਸ਼ਟਰਵਾਦ ਦਾ ਨਾਹਰਾ ਵੀ ਬੜੇ ਜ਼ੋਰ ਸ਼ੋਰ ਨਾਲ ਲਗਾ ਰਹੇ ਹਨ।

ਜੇ ਮੋਦੀ ਦਾ ਰਾਜ ਦੁਬਾਰਾ ਆਉਂਦਾ ਹੈ ਤਾਂ ਮੋਦੀ ਇਹਨਾਂ ਸਿਰ ਫਿਰੀਆਂ ਕਨੂੰਨ ਵਿਰੋਧੀ ਫੋਰਸਾਂ ਨੂੰ ਕੰਟਰੋਲ ਨਹੀਂ ਕਰ ਸਕਣਗੇ। ਇਸੇ ਦਹਿਸ਼ਤਗਰਦੀ ਨਾਲ ਹੀ ਹਿੰਦੂ ਰਾਸ਼ਟਰਵਾਦ ਤੇ ਇਹਨਾਂ ਪਾਗਲ ਫੋਰਸਾਂ ਦਾ ਮੋਦੀ ਭੋਗ ਪਾਏਗਾ। ਇਹ ਮੋਦੀ ਦੀ ਮਜਬੂਰੀ ਹੋਵੇਗੀ। ਭਾਜਪਾ ਪਾਟੋਧਾੜ ਵਲ ਵਧੇਗੀ ਤੇ ਭਾਜਪਾ ਦਾ ਯੁੱਗ ਸਮਾਪਤ ਹੋ ਜਾਏਗਾ। ਬਹੁਗਿਣਤੀ ਲੋਕ ਅਮਨ ਸ਼ਾਂਤੀ ਵਿਕਾਸ ਚਾਹੁੰਦੇ ਹਨ ਉਹ ਮੋਦੀ ਰਾਜ ਵਿਰੁਧ ਅੰਦੋਲਨ ਦਾ ਹਿਸਾ ਬਣਨਗੇ। ਜੇਕਰ ਦੂਸਰੀ ਭਾਜਪਾ ਵਿਰੋਧੀ ਪਾਰਟੀ ਆਉਂਦੀ ਹੈ ਤਾਂ ਨਾਜਾਇਜ ਭਗਵੀਆਂ ਫੋਰਸਾਂ ਇਹਨਾਂ ਨੂੰ ਛੇ ਮਹੀਨੇ ਰਾਜ ਨਹੀਂ ਕਰਨ ਦੇਣਗੀਆਂ। ਭਾਜਪਾ ਦੀ ਫਿਰ ਮਜ਼ਬੂਤੀ ਨਾਲ ਆਉਣ ਦੀ ਸੰਭਾਵਨਾ ਵਧ ਜਾਵੇਗੀ। ਭਾਰਤ ਤੇਜ਼ੀ ਨਾਲ ਹਿੰਦੂ ਰਾਸ਼ਟਰ ਵਲ ਵਧੇਗਾ। ਸਾਧਾਰਨ ਜਨਤਾ ਜੋ ਅਮਨ ਚਾਹੁੰਦੀ ਹੈ ਉਸ ਦਾ ਜੀਉਣਾ ਹਰਾਮ ਹੋ ਜਾਏਗਾ। ਬਹੁਤ ਸਾਰੇ ਸੰਵਿਧਾਨ ਪੱਖੀ ਬੁੱਧੀਜੀਵੀ ਕਹਿੰਦੇ ਹਨ ਕਿ ਇਸ ਨਾਲ ਭਾਰਤੀ ਸੰਵਿਧਾਨ ਦਾ ਭੋਗ ਵੀ ਪੈ ਜਾਵੇਗਾ। ਹੁਣ ਵੀ ਭਾਰਤੀ ਸੰਵਿਧਾਨ ਲਈ ਵੱਡੇ ਚੈਲਿੰਜ ਖੜੇ ਹੋ ਗਏ ਹਨ। ਇਤਿਹਾਸਕਾਰ ਰਾਮ ਚੰਦਰ ਗੂਹਾ, ਅਰੁੰਧਤੀ ਰਾਇ, ਤੀਸਤਾ ਸੀਤਲਵਾੜ ਇਸ ਬਾਰੇ ਕਈ ਵਾਰ ਇਸ਼ਾਰਾ ਕਰ ਚੁੱਕੇ ਹਨ।

ਪ੍ਰਸਿੱਧ ਇਤਿਹਾਸਕਾਰ ਰਾਮ ਚੰਦਰ ਗੁਹਾ ਆਖਦੇ ਹਨ ਕਿ ਬੀਤੇ ਕੁਝ ਸਾਲਾਂ ਦੌਰਾਨ ਅਸੀਂ ਭਾਰਤ ਵਿਚ ਜਨਤਕ ਸੰਵਾਦ ਦੀ ਬਹੁਤ ਹੀ ਮਾੜੀ ਹਾਲਤ ਦੇਖੀ ਹੈ। ਕਿਵੇਂ ਹਿੰਦੂ ਫ਼ਿਰਕਾਪ੍ਰਸਤਾਂ ਨੇ ਉਨ੍ਹਾਂ ਦੀ ਹਾਂ ਵਿਚ ਹਾਂ ਨਾ ਮਿਲਾਉਣ ਵਾਲੇ ਭਾਰਤੀਆਂ ਨੂੰ ਗਾਲੀ-ਗਲੋਚ ਕਰ ਕੇ, ਡਰਾ-ਧਮਕਾ ਕੇ ਅਤੇ ਹਮਲਿਆਂ ਦਾ ਨਿਸ਼ਾਨਾ ਬਣਾ ਕੇ 'ਕੌਮ ਦੀਆਂ ਨਾੜਾਂ ਵਿਚ ਗੰਦ-ਮੰਦ ਧੱਕਿਆ' ਹੈ। ਭਾਜਪਾ ਦਾ ਪਾਗਲਪਣ ਦੀ ਹੱਦ ਤੱਕ ਅਸਰਦਾਰ ਤੇ ਡੂੰਘਾਈ ਤੱਕ ਪਹੁੰਚਦਾ ਸੋਸ਼ਲ ਮੀਡੀਆ ਢਾਂਚਾ, ਬਹੁਗਿਣਤੀ ਭਾਈਚਾਰੇ ਦੇ ਦਿਲਾਂ ਵਿਚ ਪੀੜਤ ਹੋਣ ਦਾ ਅਹਿਸਾਸ ਭਰਨ ਅਤੇ ਅਸੁਰੱਖਿਆ ਤੇ ਡਰ ਦਾ ਮਾਹੌਲ ਸਿਰਜਣ ਵਿਚ ਸਫਲ ਰਿਹਾ ਹੈ।

ਹੁਣ 2019 ਵਿਚ ਭਾਜਪਾ ਦੀ ਚੋਣ ਮੁਹਿੰਮ ਮਹਿਜ਼ ਹਿੰਦੂ ਬਹੁਗਿਣਤੀ ਦੀਆਂ ਵੋਟਾਂ ਵੱਲ ਹੀ ਸੇਧਿਤ ਹੈ ਅਤੇ ਇਸ ਲਈ ਬਹੁਗਿਣਤੀ ਭਾਈਚਾਰੇ ਦੇ ਤੌਖ਼ਲਿਆਂ ਤੇ ਅਸੁਰੱਖਿਆ ਦੀ ਭਾਵਨਾ ਨੂੰ ਹਵਾ ਦਿੱਤੀ ਜਾ ਰਹੀ ਹੈ। ਅਮਿਤ ਸ਼ਾਹ ਵੱਲੋਂ ਮੁਸਲਮਾਨਾਂ ਨੂੰ 'ਸਿਓਂਕ' ਕਰਾਰ ਦੇਣਾ, ਅਦਿੱਤਿਆਨਾਥ ਦੀ ਬਜਰੰਗ ਬਲੀ ਤੇ ਅਲੀ ਵਾਲੀ ਟਿੱਪਣੀ ਅਤੇ ਮੋਦੀ ਵੱਲੋਂ ਲਾਇਆ ਗਿਆ ਇਹ ਹੈਰਾਨਕੁਨ ਦੋਸ਼ ਕਿ ਪੱਛਮੀ ਬੰਗਾਲ ਵਿਚ ਤਾਂ ਹਿੰਦੂ 'ਜੈ ਸ੍ਰੀ ਰਾਮ' ਵੀ ਨਹੀਂ ਬੋਲ ਸਕਦੇ, ਇਸੇ ਗੱਲ ਨੂੰ ਸਾਬਿਤ ਕਰਦੇ ਹਨ।

ਇਸ ਦੌਰਾਨ ਕਾਂਗਰਸ ਵੀ ਆਪਣੇ ਆਪ ਨੂੰ ਜ਼ਿਆਦਾ ਤੋਂ ਜ਼ਿਆਦਾ 'ਹਿੰਦੂ' ਸਾਬਤ ਕਰਨ ਵਿਚ ਲੱਗੀ ਹੋਈ ਹੈ। ਰਾਹੁਲ ਗਾਂਧੀ ਦਾ ਐਲਾਨ ਕਿ ਉਹ 'ਸ਼ਿਵ ਭਗਤ' ਤੇ ਜਨੇਊਧਾਰੀ ਹਿੰਦੂ ਹੈ ਅਤੇ ਨਾਲ ਹੀ ਉੱਤਰੀ ਭਾਰਤ ਵਿਚ ਬਣੀਆਂ ਨਵੀਆਂ ਕਾਂਗਰਸ ਸਰਕਾਰਾਂ ਵੱਲੋਂ ਗਊਸ਼ਾਲਾਵਾਂ ਦੀ ਉਸਾਰੀ ਦੇ ਵਾਅਦੇ ਇਸੇ ਦਿਸ਼ਾ ਵਿਚ ਹਨ। ਇਸ ਤਰ੍ਹਾਂ ਜ਼ਾਹਰਾ ਤੌਰ 'ਤੇ ਭਾਜਪਾ-ਕਾਂਗਰਸ ਦਾ ਵਿਰੋਧ ਤਾਂ ਹਿੰਦੂ ਵੋਟਾਂ ਲਈ ਮੁਕਾਬਲੇਬਾਜ਼ੀ ਹੈ। ਇਹ ਗੱਲ ਭੋਪਾਲ ਸੰਸਦੀ ਹਲਕੇ 'ਚ ਉਦੋਂ ਬਿਲਕੁਲ ਸਾਫ਼ ਹੋ ਗਈ, ਜਦੋਂ ਭਾਜਪਾ ਵੱਲੋਂ ਗਰਮ ਖ਼ਿਆਲੀ ਹਿੰਦੂਵਾਦੀ ਪ੍ਰਗਿਆ ਠਾਕੁਰ ਨੂੰ ਉਮੀਦਵਾਰ ਬਣਾਏ ਜਾਣ ਤੋਂ ਬਾਅਦ ਕਾਂਗਰਸ ਦੇ ਉਮੀਦਵਾਰ ਦਿਗਵਿਜੈ ਸਿੰਘ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਘਰ ਵਿਚ ਸੱਤ ਤੋਂ ਵੱਧ ਮੰਦਰ ਹਨ ਜਿਨ੍ਹਾਂ ਵਿਚੋਂ ਚਾਰ ਵਿਚ ਲਗਾਤਾਰ ਜੋਤ ਜਗਦੀ ਹੈ। ਉਸ ਨੇ ਵੱਖ-ਵੱਖ ਸਾਧਾਂ ਨੂੰ ਸੱਦ ਕੇ ਆਪਣੀ ਜਿੱਤ ਲਈ ਹਵਨ ਕਰਵਾਏ ਅਤੇ ਕਾਂਗਰਸ ਦੀਆਂ ਰੈਲੀਆਂ ਵਿਚ ਭਾਸ਼ਣ ਦਿਵਾਏ।

ਭਾਰਤੀ ਗਣਰਾਜ ਹੁਣ ਪਹਿਲਾਂ ਨਾਲੋਂ ਕਿਤੇ ਜ਼ਿਆਦਾ 'ਹਿੰਦੂ' ਮੁਲਕ ਬਣਦਾ ਜਾ ਰਿਹਾ ਹੈ; ਉਸ ਲਿਹਾਜ਼ ਤੋਂ ਜਿਵੇਂ ਇਸ ਦੇ ਨਾਗਰਿਕ ਸੋਚਦੇ ਤੇ ਮਹਿਸੂਸ ਕਰਦੇ ਹਨ, ਜਿਵੇਂ ਇਸ ਦੇ ਅਧਿਕਾਰੀ ਸੋਚਦੇ ਤੇ ਕੰਮ ਕਰਦੇ ਹਨ, ਜਿਵੇਂ ਇਸ ਦੀਆਂ ਪ੍ਰਮੁੱਖ ਪਾਰਟੀਆਂ ਵੋਟਾਂ ਲਈ ਪ੍ਰਚਾਰ ਕਰਦੀਆਂ ਹਨ ਤੇ ਚੋਣਾਂ ਲੜਦੀਆਂ ਹਨ। ਇਸ ਲਈ ਇਹ ਹੈਰਾਨੀ ਵਾਲੀ ਗੱਲ ਨਹੀਂ ਕਿ ਹੁਣ ਉਨ੍ਹਾਂ ਭਾਰਤੀਆਂ ਵਿਚ ਸਾਫ਼ ਡਰ ਅਤੇ ਅਸੁਰੱਖਿਆ ਪਾਈ ਜਾ ਰਹੀ ਹੈ ਜਿਹੜੇ ਜਨਮ ਜਾਂ ਪਾਲਣ-ਪੋਸ਼ਣ ਪੱਖੋਂ ਹਿੰਦੂ ਨਹੀਂ ਹਨ। ਜ਼ਮੀਨੀ ਤੌਰ 'ਤੇ ਅਤੇ ਰੋਜ਼ਮਰ੍ਹਾ ਜ਼ਿੰਦਗੀ ਵਿਚ ਹਕੂਮਤ ਬਹੁਗਿਣਤੀਵਾਦ ਦੀ ਹੀ ਹੈ। ਭਾਰਤ ਹਾਲੇ ਵੀ ਹਿੰਦੂ ਪਾਕਿਸਤਾਨ ਨਹੀਂ ਬਣਿਆ; ਪਰ ਇਹ ਆਪਣੀ ਹੋਂਦ ਤੋਂ ਬਾਅਦ ਅਜਿਹਾ ਬਣਨ ਦੇ ਸਭ ਤੋਂ ਵੱਧ ਕਰੀਬ ਹੈ।

# ਸਿੱਖ ਜਥੇਬੰਦੀਆਂ ਅਤੇ ਮਿੱਡਲੈਂਡ ਦੀਆਂ ਪ੍ਰਬੰਧਕ ਕਮੇਟੀਆਂ ਦੀ ਮੀਟਿੰਗ

## 2 ਜੂਨ ਦੇ ਲੰਡਨ ਰੋਸ ਮੁਜ਼ਾਹਰੇ ਲਈ ਅਹਿਮ ਵਿਚਾਰਾਂ

**ਲੰਡਨ/ਏਟੀ ਨਿਊਜ਼ :** ਮਿੱਡਲੈਂਡ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨਮਾਇੰਦਿਆਂ ਅਤੇ ਬਰਤਾਨੀਆ ਵਿੱਚ ਅਜ਼ਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਤਿ ਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਦੀ ਇਕ ਵਿਸ਼ਾਲ ਇਕੱਤਰਤਾ 12 ਮਈ ਐਤਵਾਰ ਨੂੰ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਬ੍ਰਮਿੰਘਮ ਵਿਖੇ ਹੋਈ। ਇਸ ਵਿੱਚ ਗੁਰੂ ਨਾਨਕ ਗੁਰਦੁਆਰਾ ਸਮੈਦਿਕ, ਗੁਰਦੁਆਰਾ ਬਾਬਾ ਸੰਗ ਜੀ, ਗੁਰਦੁਆਰਾ ਅੰਮ੍ਰਿਤ ਸੰਚਾਰ ਧਾਰਮਿਕ ਦੀਵਾਨ, ਗੁਰਦੁਆਰਾ ਗੁਰੂ ਹਰਿ ਰਾਏ ਸਾਹਿਬ ਜੀ, ਗੁਰਦੁਆਰਾ ਗੁਰੂ ਹਰਗੋਬਿੰਦ ਸਾਹਿਬ ਜੀ ਟਿਵੀਡੇਲ, ਗੁਰੂ ਨਾਨਕ ਗੁਰਦੁਆਰਾ ਵਿਲਨਹਾਲ, ਗੁਰੂ ਨਾਨਕ ਗੁਰਦੁਆਰਾ ਵੈਸਟ ਬ੍ਰਾਮਿਚ, ਗੁਰੂ ਨਾਨਕ ਗੁਰਦੁਆਰਾ ਵੈਡਨਸਫੀਲਡ, ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਅਤੇ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਵਿੱਚ ਸ਼ਾਮਲ ਜਥੇਬੰਦੀਆਂ ਸਿੱਖ ਫੈਡਰੇਸ਼ਨ ਯੂਕੇ, ਧਰਮਯੁੱਧ ਜਥਾ ਦਮਦਮੀ ਟਕਸਾਲ ਯੂ,ਕੇ ,ਸ੍ਰਅਕਾਲੀ ਦਲ ਅੰਮ੍ਰਿਤਸਰ ਯੂ,ਕੇ , ਯੂਨਾਈਟਿਡ ਖਾਲਸਾ ਦਲ ਯੂਕੇ ਅਤੇ ਸਿੱਖ ਯੂਥ ਯੂਕੇ ਦੇ ਪ੍ਰਤੀਨਿਧਾਂ ਨੇ ਭਾਗ ਲਿਆ। ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦਿਆਂ ਨੇ 2 ਜੂਨ ਨੂੰ ਲੰਡਨ ਵਿਖੇ ਕੀਤੇ ਜਾ ਰਹੇ ਰੋਸ ਮੁਜ਼ਾਹਰੇ ਵਿੱਚ ਹਰ ਤਰ੍ਹਾਂ ਨਾਲ ਸਹਿਯੋਗ ਦੇਣ ਦਾ ਵਾਅਦਾ ਕੀਤਾ ਅਤੇ ਇਸ ਸਬੰਧੀ ਕੀਤੀਆਂ ਜਾ ਰਹੀਆਂ ਤਿਆਰੀਆਂ ਬਾਰੇ ਦੱਸਿਆ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ ਅਤੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਪ੍ਰੈੱਸ ਨੂੰ ਭੇਜੀ ਜਾਣਕਾਰੀ ਮੁਤਾਬਿਕ ਸਿੱਖ ਸੰਗਤਾਂ ਵਿੱਚ ਰੋਸ ਮੁਜ਼ਾਹਰੇ ਲਈ ਭਾਰੀ ਉਤਸ਼ਾਹ ਹੈ ਅਤੇ ਸਿੱਖ ਨੌਜਵਾਨ ਪੂਰੀ ਤਰਾਂ ਸਰਗਰਮ ਹਨ। ਸਿੱਖ ਸੰਗਤਾਂ ਨੂੰ ਵੱਡੀ ਪੱਧਰ 'ਤੇ ਰੋਸ ਮੁਜ਼ਾਹਰੇ ਵਿੱਚ ਸ਼ਾਮਲ ਹੋਣ ਲਈ ਸਵੇਰੇ ਗਿਆਰਾਂ ਵਜੇ ਹਾਈਡ ਪਾਰਕ ਲੰਡਨ ਵਿਖੇ ਪੁੱਜਣ ਦੀ ਨਿਮਰਤਾ ਸਹਿਤ ਅਪੀਲ ਕੀਤੀ ਗਈ। ਹਾਈਡ ਪਾਰਕ ਵਿੱਚ ਦੋ ਘੰਟੇ ਸਟੇਜ ਲਗਾਈ ਜਾਵੇਗੀ ਅਤੇ ਇੱਕ ਵਜੇ ਅਰਦਾਸ ਕਰਕੇ ਪੰਜ ਸਿੰਘਾਂ ਦੀ ਅਗਵਾਈ ਵਿੱਚ ਰੋਸ ਮਾਰਚ ਚਾਲੇ ਪਾਵੇਗਾ, ਜਿਹੜਾ ਲੰਡਨ ਦੀਆਂ ਸੜਕਾਂ ਤੋਂ ਗੁਜ਼ਰਦਾ ਹੋਇਆ ਟਰੈਫਾਲਗਰ ਸਕੁਏਅਰ ਵਿਖੇ ਪੁੱਜੇਗਾ। ਇਥੇ ਸ਼ਾਮ ਪੰਜ ਵਜੇ ਤਕ ਹੱਕ, ਸੱਚ, ਇਨਸਾਫ ਅਤੇ ਅਜਾਦੀ ਦੇ ਵਿਸ਼ਿਆਂ 'ਤੇ ਅਧਾਰਿਤ ਰੈਲੀ ਕੀਤੀ ਜਾਵੇਗੀ। ਯੂਕੇ ਭਰ ਦੇ ਗੁਰਦੁਆਰਾ ਪ੍ਰਬੰਧਕਾਂ ਨੂੰ ਸਨਿਮਰ ਅਪੀਲ ਕੀਤੀ ਗਈ ਕਿ ਉਹ ਸਿੱਖ ਸੰਗਤਾਂ ਨੂੰ ਰੋਸ ਮੁਜ਼ਾਹਰੇ ਵਿੱਚ ਸਮੇਂ ਸਿਰ ਪਹੁੰਚਾਉਣ ਲਈ ਕੋਚਾਂ ਅਤੇ ਹੋਰ ਲੋੜੀਂਦੇ ਪ੍ਰਬੰਧ ਮੁਹੱਈਆ ਕਰਕੇ ਕੌਮੀ ਫਰਜ਼ ਅਦਾ ਕਰਨ। ਇਸੇ ਦੌਰਾਨ ਸਿੱਖ ਕੌਮ ਦੇ ਸਮੂਹ ਪ੍ਰਚਾਰਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਸਿੱਖ ਕੌਮ ਨੂੰ ਅਹਿਸਾਸ ਕਰਵਾਉਣ ਕਿ ਆਪਾਂ (ਸਿੱਖ ) ਭਾਰਤ ਵਿੱਚ ਗੁਲਾਮ ਹਾਂ ਅਤੇ ਇਹ ਗੁਲਾਮੀ ਹਰ ਹਾਲਤ ਵਿੱਚ ਗਲੋਂ ਲਾਹੁਣੀ ਹੈ, ਸਿੱਖ ਕੌਮ ਦਾ ਭਵਿੱਖ ਅਜ਼ਾਦ ਸਿੱਖ ਰਾਜ ਖਾਲਿਸਤਾਨ ਵਿੱਚ ਹੀ ਸੁਰੱਖਿਅਤ ਹੈ।

# SIKH GURDWARA OF LOS ANGELES LANKERSHIM

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ ਦੀ ਸੇਵਾ ਵਿੱਚ ਪੈਰ ਪਾਇਆ, ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ॥

ਗੁਰੂ ਪਿਆਰੀ ਸਾਧ-ਸੰਗਤ ਜੀ ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ

## ਸ਼ਹੀਦ ਸ. ਕਰਤਾਰ ਸਿੰਘ ਸਰਾਭਾ ਜੀ ਦਾ 123ਵਾਂ ਜਨਮ ਦਿਹਾੜਾ

ਗੁਰਦੁਆਰਾ ਲੈਂਕਰਸਿਮ ਵਿਖੇ ਮਨਾਇਆ ਜਾ ਰਿਹਾ ਹੈ।



Saheed Kartar Singh Sarabha Ji
(May 24, 1896 to November 16, 1915)

**MAY 19, 2019 (SUNDAY)**
ਸਮਾਂ 9am ਵਜੇ ਤੋਂ 2pm ਵਜੇ ਤੱਕ
**MAY 17, 18, 2019**
**(FRIDAY, SATURDAY)**
ਸਮਾਂ 6pm ਵਜੇ ਤੋਂ 9.pm ਵਜੇ ਤੱਕ

**ARAMBH SHRI AKHAND PATH SAHIB JI**
FRIDAY, 17TH MAY 2019, 10 AM
**BHOG SHRI AKHAND PATH SAHIB JI**
SUNDAY, 19TH MAY 2019, 10 AM



Dhadi Jatha:-
Bhai Fauja Singh Sagar Ji

KATHA & KIRTAN WILL BE PERFORMED BY:
BHAI JATINDER SINGH JI JOT
BABA SURJEET SINGH JI

CHHOLE BHATURE SEWA BY:
SIKH WELFARE ORGANIZATION
SHAHEED KARTAR SINGH MEMORIAL SOCIETY INC.

FOR MORE INFORMATION TO CONTACT :-
BALDEV SINGH SARABHA : 818-456-6338
JATINDER SINGH SARABHA : 818-632-0701

AT: SIKH GURDWARA OF LOS ANGELES
7640 LANKERSHIM BLVD. NORTH HOLLYWOOD, CA 91605
818-765-9399, 818-423-8000

ਸਹਿਯੋਗੀ ਸੱਜਣ:

Mukhtiar S. Kamboj
Manjit S. Pandher
Ravi Grewal
Kuldeep S. Brar
Harjit S. Saini
Karmjit S. Rathaure
Harminder S. Grewal
Charnjit S. Deol

Gurcharan S. Bains
Parshotam S. Kamboj
Ranjit S. Kamboj
Satgurjit S. Pawar
Darshan S. Bhinder
Gurdas S. Kehal
Ajit S. Thind
Milkha S. Sidhu

Dr. Jaswant S. Dhillon
Dharminder S. Grewal
Baldev S. Grewal
Jatinder S. Grewal
Jasminder S. Grewal
Japjit S. Grewal
Jagdish S. Rai
Gurdev S. Dhillon

Daljit S. Khangura
Jagdish S. Khangura
Iqbal S. Samra
Jagtar S. Samra
Pardeep Singh
Ranjit Singh
Baljinder S. Grewal
Goga S Garewal



**Raja™ SWEETS & CATERING®**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

## 1-866-FOR-RAJA (367-7252)
## www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

## (510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾਂ ਦੀ ਮਿੱਠੀ ਯਾਦ ਵਿਚ

# ਨਗਰ ਕੀਰਤਨ

## Remembrance March & Freedom Rally





## ਐਤਵਾਰ 09 ਜੂਨ, 2019 ਨੂੰ ਸੈਨ ਫਰਾਂਸਿਸਕੋ ਵਿਖੇ

**Sunday June 9th, 2019 San Francisco**

**11:00 am at 36 2nd Street, San Francisco**
**Followed by Rally At Civic Center Plaza**

ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਨ੍ਹਾਂ ਵਲੋਂ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿਚ ਸ਼ਹੀਦ ਹੋਰ ਸਿੰਘ ਸਿੰਘਣੀਆਂ ਦੀ ਯਾਦ ਵਿਚ 09 ਜੂਨ 2019 ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿਚ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ।

ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਖ਼ਾਲਸਾ ਰਾਜ ਦੀ ਮੁਕੰਮਲ ਪ੍ਰਾਪਤੀ ਲਈ ਇਸ ਮਾਰਚ 'ਚ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਅਤੇ ਨਵੀਂ ਪੀੜ੍ਹੀ ਨੂੰ ਖ਼ਾਲਸੇ ਦੀਆਂ ਪਰੰਪਰਾਵਾਂ ਤੋਂ ਜਾਣੂ ਕਰਵਾਈਏ।



### ਬੇਨਤੀ ਕਰਤਾ:

ਗੁਰਦੁਆਰਾ ਸਾਹਿਬ ਫਰੀਮਾਂਟ
ਗੁਰਦੁਆਰਾ ਸਾਹਿਬ ਸਟਾਕਟਨ
ਗੁਰਦੁਆਰਾ ਸਾਹਿਬ ਐਲ ਸਬਰਾਂਟੇ
ਗੁਰਦੁਆਰਾ ਸੈਕਰਾਮੈਂਟੋ ਸਿੱਖ ਸੁਸਾਇਟੀ ਬਰੈਡਸ਼ਾਹ
ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ
ਸਿੱਖ ਟੈਂਪਲ ਮੋਡੈਸਟੋ
ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ
ਗੁਰਦੁਆਰਾ ਸਾਹਿਬ ਸੈਲਮਾ
ਗੁਰਦੁਆਰਾ ਸਿਲੀਕਨ ਵੈਲੀ ਸੈਂਟਾ ਕਲਾਰਾ
ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਟਰੇਸੀ
ਸਿੱਖ ਟੈਂਪਲ ਲੋਡਾਈ
ਗੁਰਦੁਆਰਾ ਦਸ਼ਮੇਸ਼ ਦਰਬਾਰ ਸੈਕਰਾਮੈਂਟੋ
ਗੁਰਦੁਆਰਾ ਟਾਇਰਾ ਬਿਊਨਾ ਯੂਬਾ ਸਿਟੀ
ਗੁਰਦੁਆਰਾ ਸਾਹਿਬ ਟਰਲਕ
ਗੁਰਦੁਆਰਾ ਸਾਹਿਬ ਮਡੇਰਾ

**ਹੋਰ ਜਾਣਕਾਰੀ ਲਈ ਸੰਪਰਕ ਕਰੋ : 1844 REM 1984**



SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578




ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300




Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ
ਸੁਪਨਿਆਂ ਦਾ ਘਰ
■ ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■ 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
■ ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250




# 22




GET FLAT 22 CENTS DISCOUNT AT

TA TravelCenters of America

PETRO Stopping Centers®

We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ 1.855.641.6955

1.888.795.7035

www.trans-alliance.com



# ਜ਼ਿੰਦਗੀ ਨੂੰ ਸੁਹਾਵਣੀ ਬਣਾਓ 'ਦ ਕੰਪਨੀ ਯੂ ਕੀਪ' ਦੇ ਨਾਲ !

NEW YORK LIFE

www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।



Open Enrollment for Healthcare Starts November 1,2017 to January 31, 2018.



COVERED CALIFORNIA

## ਸਿਮਰਨ ਕੌਰ ਅਟਵਾਲ

ਏਜੰਟ

ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ

3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219

ਫੋਨ : 209-955-2418, 209-993-7978

skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!



# ਨਵੀਂ ਕਿਤਾਬ




ਡਾ. ਗੁਰਭਗਤ ਸਿੰਘ ਦੀਆਂ ਹੋਰ ਕਿਤਾਬਾਂ ਵੀ ਸਾਡੇ ਰਾਹੀਂ ਮੰਗਵਾਈਆਂ ਜਾ ਸਕਦੀਆਂ ਹਨ।

ਪੰਜਾਬ ਨੂੰ ਬੜਾ ਮਾਣ ਹੈ ਕਿ ਇਸ ਨੇ ਵੇਦ ਰਚੇ, ਭਗਵਤ ਗੀਤਾ ਰਚੀ, ਪਰ ਪੰਜਾਬ ਦੇ ਇਤਿਹਾਸ ਵਿਚ ਇਸ ਦਾ ਸਭ ਤੋਂ ਵੱਧ ਅਮੀਰ ਵਿਰਸਾ ਜਿਸ ਵਿਚ ਅਨੇਕ ਪਰਿਪੇਖਾਂ ਨੂੰ ਸਮੋ ਕੇ ਜੀਵਨ ਦ੍ਰਿਸ਼ਟੀ ਉਸਾਰੀ ਗਈ ਹੈ, ਉਹ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ। ਇਸ ਗ੍ਰੰਥ ਉੱਤੇ ਕਿਸੇ ਇਕ ਫ਼ਿਰਕੇ ਜਾਂ ਧਰਮ ਦੀ ਅਜਾਰਾਦਾਰੀ ਨਹੀਂ ਮੰਨੀ ਜਾ ਸਕਦੀ। ਇਸ ਵਿਚ ਜੋ ਮੁੱਲ ਦਿੱਤੇ ਗਏ ਹਨ, ਉਹ ਮਨੁੱਖ ਜਾਤੀ ਦੇ ਸਾਂਝੇ ਹਨ। ਇਸ ਗ੍ਰੰਥ ਵਿਚ ਮਹੱਤਵਪੂਰਨ ਧਾਰਨਾ ਇਹ ਹੈ ਕਿ ਸਮੁੱਚੀ ਕਾਇਨਾਤ ਸੰਗੀਤ ਅਤੇ ਸ਼ਾਇਰੀ ਹੈ, ਵਿਸਮਾਦ ਹੈ। ਇਸੇ ਨਾਲ ਜੀਵਨ ਨੂੰ ਜੋੜਨ ਦੀ ਲੋੜ ਹੈ। ਜ਼ਿੰਦਗੀ ਅਤੇ ਇਸ ਦੀਆਂ ਸੰਰਚਨਾਵਾਂ ਵਿਚ ਜੋ ਵਿਰੋਧ ਹਨ, ਉਨ੍ਹਾਂ ਨੂੰ ਸ਼ਕਤੀ ਨਾਲ ਤੋੜ-ਭੰਨ ਕੇ ਬ੍ਰਹਿਮੰਡੀ ਸੁੰਦਰਤਾ ਅਤੇ ਸੰਗੀਤ ਨੂੰ ਜੀਵਨ ਪ੍ਰਵਾਹ ਬਣਾਉਣ ਦੀ ਲੋੜ ਹੈ। ਕਿਸੇ ਵਿਤਕਰੇ ਦੀ ਇਸ ਵਿਚ ਕੋਈ ਥਾਂ ਨਹੀਂ।

*ਮੌਲਿਕ ਸਿੱਖ ਚਿੰਤਕ ਡਾ. ਗੁਰਭਗਤ ਸਿੰਘ ਵਲੋਂ ਤਿੰਨ ਦਹਾਕਿਆਂ ਦੌਰਾਨ ਲਿਖੇ 30 ਲੇਖਾਂ ਦੀ ਸਿੱਖ ਰਾਜਨੀਤਿਕ ਵਿਸ਼ਲੇਸ਼ਕ ਸ. ਅਜਮੇਰ ਸਿੰਘ ਵਲੋਂ ਸੰਪਾਦਤ ਕੀਤੀ ਇਹ ਕਿਤਾਬ ਪਾਠਕ 'ਸਿੱਖ ਸਿਆਸਤ' ਰਾਹੀਂ ਦੁਨੀਆਂ ਭਰ ਵਿਚ ਕਿਤੇ ਵੀ ਮੰਗਵਾ ਸਕਦੇ ਹਨ।*

ਇਹ ਕਿਤਾਬ ਵਟਸਐਪ ਨੰਬਰ +91-89682-25990 'ਤੇ ਸੁਨੇਹਾ ਭੇਜ ਕੇ ਮੰਗਵਾਈ ਜਾ ਸਕਦੀ ਹੈ।

## ਕਿਤਾਬ ਪ੍ਰਾਪਤ ਕਰਨ ਲਈ ਸੰਪਰਕ ਕਰੋ:

FB Message | WhatsApp Message | SSN Android App

+91-8968225990 /sikhsiyasat Web: sikhsiyasat.net | sikhsiyasat.com | sikhsiyasat.info

Sandhu Herbals™

# ਸੰਧੂ ਹਰਬਲਜ਼

## ਤੰਦਰੁਸਤ ਸਿਹਤ

VEGETARIAN

Buy Sugar Destroyer Tea Get Karela Capsules Free

SanGluco®

### ਸ਼ੂਗਰ ਲਈ



- ਅਮਰੀਕਾ ਵਿਚ ਵਿਗਿਆਨਕ ਤਰੀਕੇ ਨਾਲ ਪਰਖ ਕੇ ਕੁਦਰਤੀ ਆਯੁਰਵੈਦਿਕ ਜੜ੍ਹੀਆਂ ਬੂਟੀਆਂ ਨਾਲ ਤਿਆਰ ਕੀਤੀ ਗਈ ਹਰਬਲ ਚਾਹ
- 1 ਮਹੀਨੇ ਦੀ ਖ਼ੁਰਾਕ ਨਾਲ ਕਰੇਲੇ ਦੇ ਕੈਪਸੂਲ ਫਰੀ
- Supports blood sugar levels already within optimal range*
- Promotes healthy weight management*
- Bitter Melon also known as karela, it helps regulate normal glucose tolerance*

Price : $ 30

SanPhala® Soft • Gentle • Clean

### ਕਬਜ਼ ਅਤੇ ਪੇਟ ਸਾਫ਼ ਲਈ



- ਸਾਫ਼ ਪੇਟ ਵਧੀਆ ਸਿਹਤ, ਤਰਿਫਲਾ, ਇਸਬਗੋਲ ਅਤੇ ਹੋਰ ਕੁਦਰਤੀ ਹਰਬਲ ਦੇ ਨਾਲ ਨੁਕਸਾਨ ਰਹਿਤ ਅਮਰੀਕਾ ਵਿਚ ਤਿਆਰ ਕੀਤਾ ਗਿਆ ਨੁਸਖਾ
- Helps relieve occasional constipation*
- Provides a gentle colon cleanse and detox action. *
- Supports colon health, regulates intestines to remove stagnant waste.

Buy now : $ 14.99

FREE SHIPPING

SanLipid® Living Science

### ਕਲੈਸਟਰੋਲ ਲਈ



- ਨੁਕਸਾਨ ਰਹਿਤ ਵਧੀਆ ਕਲੈਸਟਰੋਲ ਅਤੇ ਤਾਕਤਵਰ ਦਿਲ ਲਈ ਕੁਦਰਤੀ ਫਾਰਮੂਲਾ
- Helps maintain cholesterol levels already within normal range*
- Supports heart health.*

Buy now : $ 19.99

SanAshwa® MINDFUL LIFE SCIENCE

### ਤਣਾਅ, ਚਿੰਤਾ ਅਤੇ ਤਾਕਤ ਲਈ



- ਅਰੋਗ ਤਨ ਤੇ ਸ਼ਾਂਤ ਮਨ ਤੁਹਾਡੀ ਚੰਗੀ ਸਿਹਤ ਅਤੇ ਖੁਸ਼ੀ ਲਈ ਸੁਰੱਖਿਅਤ ਅਤੇ ਪ੍ਰਭਾਵੀ ਰੋਜ਼ਾਨਾ ਖੁਰਾਕ ਪੂਰਕ ਵਿਗਿਆਨਕ ਤਰੀਕੇ ਨਾਲ ਪਰਖਿਆ ਫਾਰਮੂਲਾ
- SanAshwa® is a cutting-edge scientific formula rooted in the ancient wisdom of herbs to help you live a happier, healthier life*.
- Designed by pharmacists and herbal experts, SanAshwa® has undergone rigorous scientific testing to ensure it is safe and effective.*

Price : $ 49.99

# SANDHU HERBALS

Livermore, CA 94551 U.S.A.

ਵਧੇਰੇ ਜਾਣਕਾਰੀ ਲਈ ਕਾਲ ਕਰੋ : 1-800-570-8849

www.sandhuherbals.com | Toll Free : 1 800 570 8849 | MON-SAT 9 AM TO 6 PM

# Indian Overseas Congress USA California Chapter

## ਸਮੂਹ ਐਨ.ਆਰ.ਆਈ. ਭਾਈਚਾਰੇ ਨੂੰ ਅਪੀਲ



ਦੇਸ਼ ਨੂੰ ਜਾਤੀ ਅਤੇ ਧਰਮ ਦੇ ਆਧਾਰ 'ਤੇ ਵੰਡਣ ਵਾਲੀ BJP ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਨੂੰ ਖਤਮ ਕਰਨ ਵਾਲੀ ਪਾਰਟੀ ਬਾਦਲ ਅਕਾਲੀ ਦਲ ਨੂੰ ਹਰਾਉਣ ਲਈ, ਭਾਰਤ ਵਿਚ ਸ੍ਰੀ ਰਾਹੁਲ ਗਾਂਧੀ ਅਤੇ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਜੀ ਮੁੱਖ ਮੰਤਰੀ ਦੇ ਹੱਥ ਮਜ਼ਬੂਤ ਕਰਨ ਲਈ, ਆਪਣੇ ਨਜ਼ਦੀਕੀਆਂ ਨਾਲ ਸੰਪਰਕ ਕਰਕੇ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੂੰ ਵੋਟ ਪਾਉਣ ਲਈ ਪ੍ਰੇਰਿਤ ਕਰੋ।

ਸ੍ਰੀ ਰਾਹੁਲ ਗਾਂਧੀ
ਪ੍ਰਧਾਨ ਕਾਂਗਰਸ ਪਾਰਟੀ



Sarbjit Mann

ਬੇਨਤੀ ਕਰਤਾ

## ਸਰਬਜੀਤ ਸਿੰਘ ਮਾਨ

ਪ੍ਰਧਾਨ

Indian Overseas Congress USA California Chapter

ਅਤੇ ਸਮੂਹ ਅਹੁਦੇਦਾਰ

# ਪਾਕਿਸਤਾਨੀ ਕੁੜੀਆਂ ਦੇ ਚੀਨੀ ਮੁੰਡਿਆਂ ਨਾਲ ਵਿਆਹਾਂ ਦਾ ਚੱਕਰ

- ਵਿਆਹ ਦੇ ਬਹਾਨੇ ਦੇਹ ਵਪਾਰ ਦਾ ਧੰਦਾ ਆਇਆ ਸਾਹਮਣੇ
- ਇਕ ਸਾਲ ਤੋਂ ਹੈ ਚੀਨੀ ਮੁੰਡਿਆਂ ਦੇ ਪਾਕਿਸਤਾਨ 'ਚ ਵਿਆਹਾਂ ਦਾ ਜ਼ੋਰ
- ਵਿਆਹ ਕਰਵਾਉਣ ਵਾਲੀਆਂ ਬਹੁਤੀਆਂ ਕੁੜੀਆਂ ਇਸਾਈ ਧਰਮ ਨਾਲ ਸਬੰਧਿਤ
- ਹੁਣ ਤਕ 700 ਤੋਂ ਵੱਧ ਫਰਜ਼ੀ ਵਿਆਹਾਂ ਦੀਆਂ ਖਬਰਾਂ
- ਪੁਲੀਸ ਬਹੁਤ ਘੱਟ ਕਰਦੀ ਹੈ ਕੇਸ ਦਰਜ



**ਇਸਲਾਮਾਬਾਦ/ਏਟੀ ਨਿਊਜ਼ :**
ਸੰਯੁਕਤ ਰਾਸ਼ਟਰ ਤੇ ਗੈਰ-ਸਰਕਾਰੀ ਸੰਗਠਨ ਹਿਊਮਨ ਰਾਈਟਸ ਵਾਚ ਨੇ ਹਾਲ ਹੀ ਵਿੱਚ ਇੱਕ ਰਿਪੋਰਟ ਛਾਪੀ ਸੀ, ਜਿਸ ਵਿੱਚ ਪਾਕਿਸਤਾਨ ਤੋਂ ਕੁੜੀਆਂ ਨੂੰ ਚੀਨ ਲਿਜਾਣ ਦੀਆਂ ਘਟਨਾਵਾਂ 'ਤੇ ਚਿੰਤਾ ਜਾਹਰ ਕੀਤੀ ਗਈ ਸੀ। ਇਸ ਰਿਪੋਰਟ ਦੇ ਮੁਤਾਬਕ, ਪਾਕਿਸਤਾਨ ਤੋਂ ਸਾਹਮਣੇ ਆਏ ਇਹ ਮਾਮਲੇ ਏਸ਼ੀਆ ਦੇ ਪੰਜ ਹੋਰ ਦੇਸ਼ਾਂ ਨਾਲ ਮਿਲਦੇ ਜੁਲਦੇ ਹਨ। ਪਾਕਿਸਤਾਨ ਵਿੱਚ ਮਨੁੱਖੀ ਅਧਿਕਾਰਾਂ 'ਤੇ ਕੰਮ ਕਰਨ ਵਾਲੇ ਕਾਰਕੁਨਾਂ ਦਾ ਕਹਿਣਾ ਹੈ ਕਿ ਪਿਛਲੇ ਇੱਕ ਸਾਲ ਤੋਂ ਪਾਕਿਸਤਾਨ ਦੇ ਪੰਜਾਬ ਵਿੱਚ ਚੀਨੀ ਲੋਕ ਵਿਆਹ ਲਈ ਆ ਰਹੇ ਹਨ ਤੇ ਕੁੜੀਆਂ ਨੂੰ ਵਿਆਹ ਕੇ ਚੀਨ ਲਿਜਾ ਰਹੇ ਹਨ। ਇਸ ਦਾ ਮਕਸਦ ਵਿਆਹ ਕਰਨਾ ਨਹੀਂ ਸਗੋਂ ਇਹ ਕਥਿਤ ਤੌਰ 'ਤੇ ਕੌਮਾਂਤਰੀ ਪੱਧਰ 'ਤੇ ਦੇਹ ਵਪਾਰ ਦਾ ਇੱਕ ਅਹਿਮ ਜ਼ਰੀਆ ਹੈ। ਫੈਸਲਾਬਾਦ ਦੀ ਇਕ ਲੜਕੀ ਜੋ ਇਹਨਾਂ ਦੇ ਸੈਕਸ ਸ਼ੋਸ਼ਣ ਦਾ ਸ਼ਿਕਾਰ ਹੋਈ ਹੈ, ਦਾ ਕਹਿਣਾ ਹੈ ਕਿ ਮੈਂ ਫੈਸਲਾਬਾਦ ਤੋਂ ਹਾਂ, ਮੇਰੀ ਉਮਰ 19 ਸਾਲ ਹੈ। ਇਹ ਨਵੰਬਰ 2018 ਦੀ ਗੱਲ ਹੈ।ਅਸੀਂ ਆਪਣੀ ਕਜ਼ਨ ਦੇ ਵਿਆਹ ਵਿੱਚ ਗਈ ਸੀ, ਕਜ਼ਨ ਦਾ ਵਿਆਹ ਵੀ ਇੱਕ ਚੀਨੀ ਮੁੰਡੇ ਨਾਲ ਹੀ ਹੋਇਆ ਸੀ ਤੇ ਹੁਣ ਉਹ ਚੀਨ ਵਿੱਚ ਹੈ। ਉੱਥੇ ਹੀ ਮੈਨੂੰ ਵੀ ਪਸੰਦ ਕੀਤਾ ਗਿਆ ਤੇ ਰਿਸ਼ਤੇਦਾਰਾਂ ਤੋਂ ਮੇਰੇ ਘਰਵਾਲਿਆਂ ਦਾ ਨੰਬਰ ਲਿਆ ਗਿਆ। ਉਹ ਲੋਕ ਫੋਨ ਕਰਕੇ ਸਾਡੇ ਘਰ ਆਏ। ਮੈਨੂੰ ਵੇਖਣ ਲਈ ਤਿੰਨ ਮੁੰਡੇ ਆਏ ਸੀ। ਮੇਰੇ ਘਰ ਵਾਲਿਆਂ ਨੇ ਪੁੱਛਿਆ ਕਿ ਇਹ ਮੁੰਡਾ ਇਸਾਈ ਹੈ। ਘਰ ਆਉਣ ਦੇ ਅਗਲੇ ਦਿਨ ਹੀ ਮੈਨੂੰ ਮੈਡੀਕਲ ਟੈਸਟ ਲਈ ਲਾਹੌਰ ਭੇਜਿਆ ਗਿਆ। ਉਸ ਤੋਂ ਦੋ ਦਿਨ ਬਾਅਦ ਹੀ ਉਹ ਵਿਆਹ ਲਈ ਕਹਿਣ ਲੱਗੇ।ਘਰ ਵਾਲਿਆਂ ਨੇ ਕਿਹਾ ਕਿ ਅਸੀਂ ਇੰਨੀ ਛੇਤੀ ਵਿਆਹ ਨਹੀਂ ਕਰਨਾ ਚਾਹੁੰਦੇ। ਚੀਨੀ ਮੁੰਡੇ ਨਾਲ ਜੋ ਪਾਕਿਸਤਾਨੀ ਏਜੰਟ ਸੀ, ਉਸ ਨੇ ਕਿਹਾ ਕਿ ਜੋ ਹੋਵੇਗਾ ਉਸੇ ਮਹੀਨੇ ਹੋਵੇਗਾ ਕਿਉਂਕਿ ਅਗਲੇ ਮਹੀਨੇ ਇਨ੍ਹਾਂ ਨੇ ਵਾਪਸ ਜਾਣਾ ਹੈ। ਉਨ੍ਹਾਂ ਕਿਹਾ ਕਿ ਉਹ ਸਾਡਾ ਸਾਰਾ ਖਰਚਾ ਚੁੱਕਣਗੇ। ਪਹਿਲਾਂ ਤਾਂ ਮੇਰੇ ਘਰਵਾਲਿਆਂ ਨੇ ਮਨ੍ਹਾਂ ਕਰ ਦਿੱਤਾ ਪਰ ਰਿਸ਼ਤੇਦਾਰਾਂ ਦਾ ਤਜਰਬਾ ਵੇਖਦਿਆਂ ਵਿਆਹ ਲਈ ਹਾਂ ਕਰ ਦਿੱਤੀ ਤੇ ਮੇਰਾ ਵਿਆਹ ਹੋ ਗਿਆ। ਜਦੋਂ ਤੱਕ ਮੇਰੇ ਸਫ਼ਰ ਦੇ ਕਾਗਜ਼ ਬਣ ਰਹੇ ਸਨ, ਉਨ੍ਹਾਂ ਮੈਨੂੰ ਸੱਤ ਮੁੰਡਿਆਂ ਤੇ ਕੁੜੀਆਂ ਦੇ ਨਾਲ ਇੱਕ ਘਰ ਵਿੱਚ ਰੱਖਿਆ ਸੀ। ਉਨ੍ਹਾਂ ਲਾਹੌਰ ਦੀ ਡਿਵਾਈਨ ਰੋਡ 'ਤੇ ਇੱਕ ਘਰ ਲੈ ਰੱਖਿਆ ਸੀ। ਉੱਥੇ ਸਾਰੇ ਚੀਨੀ ਹੀ ਸਨ। ਬਾਕੀ ਸੱਤ ਕੁੜੀਆਂ ਦਾ ਪਹਿਲਾਂ ਹੀ ਵਿਆਹ ਹੋ ਚੁੱਕਿਆ ਸੀ। ਸਾਰੀਆਂ ਕੁੜੀਆਂ ਇਸਾਈ ਸਨ। ਮੈਂ ਗੂਗਲ ਟ੍ਰਾਂਸਲੇਟਰ ਰਾਹੀਂ ਆਪਣੇ ਪਤੀ ਨਾਲ ਗੱਲ ਕਰਦੀ ਸੀ। ਇੱਕ ਅਧਿਆਪਕ ਵੀ ਰੱਖਿਆ ਹੋਇਆ ਸੀ। ਸਾਰੀਆਂ ਕੁੜੀਆਂ ਦੀ ਸਵੇਰੇ 9 ਤੋਂ ਲੈ ਕੇ ਸ਼ਾਮ 5 ਵਜੇ ਤੱਕ ਕਲਾਸ ਹੁੰਦੀ ਸੀ।

ਪਾਕਿਸਤਾਨੀ ਏਜੰਟ ਦੀ ਭਾਸ਼ਾ ਕੁੜੀਆਂ ਨਾਲ ਚੰਗੀ ਨਹੀਂ ਸੀ। ਉਹ ਗਾਲ੍ਹਾਂ ਕੱਢਦਾ ਸੀ। ਜੇ ਕਿਸੇ ਨੇ ਕਿਹਾ ਕਿ ਮੈਂ ਵਾਪਸ ਘਰ ਜਾਣਾ ਹੈ ਤਾਂ ਬਹੁਤ ਭੱਦੇ ਇਲਜ਼ਾਮ ਲਾਉਂਦਾ ਸੀ, ਬਲੈਕਮੇਲ ਕਰਦਾ ਸੀ।

ਜਿਸ ਮੁੰਡੇ ਨਾਲ ਮੇਰਾ ਵਿਆਹ ਹੋਇਆ ਸੀ ਮੈਂ ਉਸ ਨੂੰ ਸਿਰਫ਼ ਤਿੰਨ ਵਾਰ ਮਿਲੀ ਸੀ। ਪਹਿਲੀ ਵਾਰ ਜਦੋਂ ਉਹ ਮੈਨੂੰ ਵੇਖਣ ਲਈ ਆਇਆ ਸੀ, ਦੂਜੀ ਵਾਰ ਮਹਿੰਦੀ ਵਿੱਚ ਤੇ ਫਿਰ ਵਿਆਹ ਵੇਲੇ ਮੁਲਾਕਾਤ ਹੋਈ। ਮੁੰਡੇ ਦੀ ਉਮਰ 21 ਸਾਲ ਸੀ ਤੇ ਵਿਆਹ ਤੋਂ ਬਾਅਦ ਮੈਨੂੰ ਪਤਾ ਲੱਗਿਆ ਕਿ ਉਹ ਹੱਥ ਤੋਂ ਵਿਕਲਾਂਗ ਹੈ ਤੇ ਈਸਾਈ ਵੀ ਨਹੀਂ ਹੈ। ਜਦੋਂ ਮੈਂ ਨੁਮਾਇੰਦੇ ਨੂੰ ਦੱਸਿਆ ਤਾਂ ਉਹ ਮੈਨੂੰ ਬਲੈਕਮੇਲ ਕਰਨ ਲੱਗ ਗਿਆ। ਕਹਿਣ ਲੱਗਿਆ ਕਿ ਜੋ ਪੈਸੇ ਵਿਆਹ 'ਤੇ ਲਾਏ ਹਨ, ਉਹ ਲਵਾਂਗਾ। ਤੁਹਾਡੇ ਖਿਲਾਫ਼ ਰਿਪੋਰਟ ਕਰਾਂਗਾ, ਤੁਸੀਂ ਲੋਕਾਂ ਨੇ ਚੀਨੀ ਲੋਕਾਂ ਨੂੰ ਧੋਖਾ ਦਿੱਤਾ ਹੈ। ਫਿਰ ਉਸ ਨੇ ਮੇਰਾ ਮੋਬਾਈਲ ਫੋਨ ਲੈ ਲਿਆ। ਸਾਰੀਆਂ ਕੁੜੀਆਂ ਦੇ ਫੋਨ ਚੈੱਕ ਹੁੰਦੇ ਸੀ। ਚੀਨ ਜਾਣ ਵਾਲੀ ਮੇਰੀਆਂ ਹੋਰ ਸਹੇਲੀਆਂ ਨਾਲ ਵੀ ਗੱਲ ਹੁੰਦੀ ਸੀ। ਇੱਕ ਨੇ ਮੈਨੂੰ ਦੱਸਿਆ ਕਿ ਇੱਥੇ ਖਾਣ ਲਈ ਸਾਦੇ ਚੌਲ ਦਿੰਦੇ ਹਨ ਤੇ ਇੱਕ ਕਮਰੇ ਵਿੱਚ ਬੰਦ ਰੱਖਦੇ ਹਨ।

ਸ਼ਾਮ ਨੂੰ ਪਤੀ ਆਪਣੇ ਦੋਸਤਾਂ ਨੂੰ ਘਰ ਲਿਆਉਂਦਾ ਹੈ। ਸਿਰਫ ਇੰਨਾ ਹੀ ਦੱਸਿਆ। ਮੈਂ ਸਮਝ ਗਈ ਸੀ ਕਿ ਉੱਥੇ ਉਨ੍ਹਾਂ ਨਾਲ ਕੀ ਹੋ ਰਿਹਾ ਹੈ। ਉਹ ਬਹੁਤ ਰੋ ਰਹੀ ਸੀ। ਮੇਰੇ ਕਾਗਜ਼ ਬਣ ਚੁੱਕੇ ਸੀ, ਉਦੋਂ ਤੱਕ ਸਿਰਫ਼ ਵੀਜ਼ਾ ਆਉਣਾ ਬਾਕੀ ਰਹਿ ਗਿਆ ਸੀ। ਮੈਨੂੰ ਘਰ ਜਾਣ ਨਹੀਂ ਦਿੰਦੇ ਸੀ। ਮੈਂ ਕਿਹਾ ਕਿ ਮੇਰੇ ਮਾਮਾ ਦੀ ਤਬੀਅਤ ਠੀਕ ਨਹੀਂ ਹੈ। ਤਾਂ ਕਹਿਣ ਲੱਗਿਆ ਕਿ ਤੁਹਾਡਾ ਮਾਮੇ ਨੂੰ ਇੱਥੇ ਬੁਲਾ ਕੇ ਹੀ ਇਲਾਜ ਕਰਵਾ ਦੇਵਾਂਗੇ। ਬਹੁਤ ਮੁਸ਼ਕਲ ਨਾਲ ਘਰ ਵਾਲਿਆਂ ਨਾਲ ਸੰਪਰਕ ਹੋਇਆ। ਮੇਰੇ ਘਰ ਵਾਲੇ ਮੈਨੂੰ ਲੈਣ ਲਈ ਆਏ ਤੇ ਫਿਰ ਮੈਂ ਵਾਪਸ ਨਹੀਂ ਗਈ। ਘਰਵਾਲਿਆਂ ਨੇ ਕਿਹਾ ਤੁਹਾਡਾ ਜੋ ਦਿਲ ਕਰਦਾ ਹੈ ਉਹ ਕਰੋ। ਮੈਂ ਸੋਚਿਆ ਕਿ ਮੈਂ ਪਾਰਲਰ ਦਾ ਕੰਮ ਜਾਣਦੀ ਹਾਂ ਉਹ ਕਰ ਲਵਾਂਗੀ। ਹੁਣ ਮੈਨੂੰ ਡਰ ਨਹੀਂ ਲਗਦਾ, ਪਰ ਦੂਜੀਆਂ ਕੁੜੀਆਂ ਬਚ ਜਾਣ।

## ਚੀਨੀਆਂ ਨਾਲ ਵਿਆਹ ਦੀ ਹਕੀਕਤ

ਲਾਹੌਰ ਦੇ ਡਿਵਾਈਨ ਰੋਡ ਤੇ ਈਡਨ ਗਾਰਡਨ ਇਲਾਕੇ ਵਿੱਚ ਇੱਕ ਲਾਈਨ ਵਿੱਚ ਘਰ ਬਣੇ ਹਨ, ਜਿਸ ਵਿੱਚ ਚੀਨ ਦੇ ਲੋਕ ਰਹਿੰਦੇ ਹਨ। ਚੀਨ ਦੇ ਲੋਕ ਇੱਥੇ ਵੱਖ-ਵੱਖ ਕੰਪਨੀਆਂ ਵਿੱਚ ਕੰਮ ਕਰਦੇ ਹਨ। ਕੁਝ ਲੋਕ ਅਜਿਹੇ ਵੀ ਹਨ ਜੋ ਚੀਨ ਦੀ ਸੌਖੀ ਵੀਜ਼ਾ ਨੀਤੀ ਕਾਰਨ ਇੱਥੇ ਆਰਾਮ ਨਾਲ ਰਹਿ ਰਹੇ ਹਨ। ਇਹ ਕੰਮ ਕੀ ਕਰਦੇ ਹਨ, ਬਹੁਤ ਲੋਕ ਨਹੀਂ ਜਾਣਦੇ। ਮਨੁੱਖੀ ਅਧਿਕਾਰਾਂ ਬਾਰੇ ਕੰਮ ਕਰਨ ਵਾਲੇ ਕਾਰਕੁਨਾਂ ਮੁਤਾਬਕ ਪਿਛਲੇ ਇੱਕ ਸਾਲ ਤੋਂ ਪਾਕਿਸਤਾਨ ਦੇ ਪੰਜਾਬ ਵਿੱਚ ਚੀਨ ਦੇ ਲੋਕ ਵਿਆਹ ਲਈ ਆ ਰਹੇ ਹਨ ਤੇ ਕੁੜੀਆਂ ਨੂੰ ਵਿਆਹ ਕੇ ਚੀਨ ਲੈ ਜਾ ਰਹੇ ਹਨ। ਲਾਹੌਰ ਦੇ ਸਮਾਜਕ ਕਾਰਕੁਨ ਸਲੀਮ ਇਕਬਾਲ ਦਾ ਕਹਿਣਾ ਹੈ ਕਿ ਇਹ ਵਿਆਹ ਨਹੀਂ ਬਲਕਿ ਕੌਮਾਂਤਰੀ ਪੱਧਰ 'ਤੇ ਦੇਹ ਵਪਾਰ ਦਾ ਅਹਿਮ ਜ਼ਰੀਆ ਹੈ। ਉਨ੍ਹਾਂ ਕਿਹਾ, ਮੈਂ ਹੁਣ ਤੱਕ ਪੁਲਿਸ, ਐੱਫਆਈਏ ਤੇ ਹੋਰ ਸੁਰੱਖਿਆ ਸੰਗਠਨਾਂ ਨੂੰ ਸੂਚਿਤ ਕੀਤਾ ਹੈ। ਇੱਕ ਸਾਲ ਬਾਅਦ ਜਾ ਕੇ ਜਦੋਂ ਮੁਸਲਮਾਨ ਕੁੜੀਆਂ ਦੇ ਨਾਲ ਅਜਿਹਾ ਹੋਣ ਲੱਗਿਆ ਤਾਂ ਕਾਰਵਾਈ ਕੀਤੀ ਗਈ।

ਸਲੀਮ ਨੇ ਦੱਸਿਆ ਕਿ ਪਹਿਲੇ ਤਾਂ ਗੁਜਰਾਂਵਾਲਾ ਵਰਗੇ ਇਲਾਕਿਆਂ ਵਿੱਚ ਅਖਬਾਰਾਂ ਤੇ ਬੈਨਰਾਂ ਰਾਹੀਂ ਚੀਨੀ ਮੁੰਡਿਆਂ ਬਾਰੇ ਦੱਸਿਆ ਜਾਂਦਾ ਸੀ। ਕੁਝ ਮਾਮਲਿਆਂ ਵਿੱਚ ਤਾਂ ਮਾਪਿਆਂ ਨੂੰ ਸਮਝ ਆ ਗਿਆ ਤੇ ਉਨ੍ਹਾਂ ਆਪਣੀਆਂ ਬੇਟੀਆਂ ਨੂੰ ਵਾਪਸ ਬੁਲਾ ਲਿਆ। ਜਦ ਕਿ ਬਹੁਤ ਕੇਸਾਂ ਵਿੱਚ ਗਰੀਬ ਲੋਕਾਂ ਨੂੰ ਤਿੰਨ ਤੋਂ ਚਾਰ ਲੱਖ ਦੇ ਕੇ ਉਨ੍ਹਾਂ ਦੀਆਂ ਬੇਟੀਆਂ ਦੇ ਵਿਆਹ ਕੀਤੇ ਗਏ। ਸਲੀਮ ਮੁਤਾਬਕ, ਇੱਕ ਸਾਲ ਦੇ ਅੰਦਰ-ਅੰਦਰ ਲਾਹੌਰ, ਗੁਜਰਾਂਵਾਲਾ, ਫੈਸਲਾਬਾਦ ਤੇ ਮੁਲਤਾਨ ਤੋਂ 700 ਵਿਆਹ ਹੋ ਚੁੱਕੇ ਹਨ ਤੇ ਵਧੇਰੇ ਕੁੜੀਆਂ ਇਸਾਈ ਹਨ।

ਇਰਫ਼ਾਨ ਮੁਸਤਫ਼ਾ ਅਧਿਆਪਕ ਹਨ ਤੇ ਪਿਛਲੇ ਚਾਰ ਮਹੀਨਿਆਂ ਤੋਂ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚ ਕਰੀਬ 10 ਵਿਆਹ ਕਰਵਾ ਚੁੱਕੇ ਹਨ। ਉਨ੍ਹਾਂ ਨੇ ਦੱਸਿਆ, ਅਸੀਂ ਹਰ ਇੱਕ ਵਿਆਹ ਬਹੁਤ ਦੇਖ ਭਾਲ ਕੇ ਕਰਵਾਇਆ ਹੈ। ਇਹ ਵਿਆਹ ਅਦਾਲਤਾਂ ਰਾਹੀਂ ਹੋਏ ਹਨ, ਜਿਸ ਵਿੱਚ ਲਾੜਾ ਲਾੜੀ ਨੂੰ ਪੇਸ਼ ਕੀਤਾ ਜਾਂਦਾ ਹੈ। ਇਰਫ਼ਾਨ ਨੇ ਦੇਹ ਵਪਾਰ ਦੀਆਂ ਖਬਰਾਂ ਨੂੰ ਗ਼ਲਤ ਦੱਸਿਆ ਤੇ ਕਿਹਾ, ਇਹ ਮੀਡੀਆ ਦੀਆਂ ਫੈਲਾਈਆਂ ਗੱਲਾਂ ਹਨ, ਇਨ੍ਹਾਂ ਵਿੱਚ ਸੱਚਾਈ ਨਹੀਂ ਹੈ। ਕਈ ਵਾਰ ਵਿਆਹ ਤੋਂ ਬਾਅਦ ਪਤੀ ਪਤਨੀ ਦੇ ਵਿਚਾਰ ਨਹੀਂ ਮਿਲਦੇ ਤੇ ਵਿਵਾਦ ਹੋ ਜਾਂਦਾ ਹੈ। ਇਸ ਨਾਲ ਇਹ ਨਹੀਂ ਕਿਹਾ ਜਾ ਸਕਦਾ ਕਿ ਵਿਆਹ ਜ਼ਬਰਦਸਤੀ ਕੀਤਾ ਗਿਆ ਹੈ। ਨਾਲ ਹੀ ਉਨ੍ਹਾਂ ਕਿਹਾ, ਕੀ ਅਜਿਹਾ ਹੋ ਸਕਦਾ ਹੈ ਕਿ ਇੱਕ ਮੁਲਕ ਤੋਂ ਦੂਜੇ ਮੁਲਕ ਕੁੜੀਆਂ ਦਾ ਵਪਾਰ ਹੋ ਰਿਹਾ ਹੋਵੇ ਤੇ ਸਬੰਧਿਤ ਏਜੰਸੀਆਂ ਨੂੰ ਖ਼ਬਰ ਨਾ ਹੋਵੇ।

## ਥਾਣਿਆਂ ਵਿਚ ਹੋ ਰਹੀਆਂ ਹਨ ਸ਼ਿਕਾਇਤਾਂ ਦਰਜ

ਹਾਲ ਹੀ ਵਿੱਚ ਲਾਹੌਰ ਦੇ ਵੱਖ-ਵੱਖ ਇਲਾਕਿਆਂ, ਨਾਦਿਰਾਬਾਦ, ਬੱਟ ਚੌਂਕ, ਡਿਵਾਇਨ ਰੋਡ ਤੋਂ ਅੱਠ ਕੁੜੀਆਂ ਨੇ ਥਾਣਿਆਂ ਵਿੱਚ ਸ਼ਿਕਾਇਤ ਦਰਜ ਕਰਵਾਈ ਸੀ।ਇੱਕ ਸ਼ਿਕਾਇਤ ਫਰਾਹ ਜ਼ਫਰ ਦੇ ਨਾਂ ਤੋਂ ਦਰਜ ਹੈ,ਜਿਸ ਵਿੱਚ ਉਨ੍ਹਾਂ ਨੇ ਇਲਜ਼ਾਮ ਲਗਾਇਆ ਹੈ ਕਿ ਉਨ੍ਹਾਂ ਦੀ ਮਾਂ ਤੇ ਵਿਆਹ ਕਰਵਾਉਣ ਵਾਲੇ ਸੰਗਠਨ ਦੇ ਇੱਕ ਸ਼ਖਸ ਨੇ ਪੈਸਿਆਂ ਦੇ ਬਦਲੇ ਉਨ੍ਹਾਂ ਦਾ ਜ਼ਬਰਦਸਤੀ ਵਿਆਹ ਕਰਵਾਇਆ ਸੀ। ਲਾਹੌਰ ਕੋਰਟ ਵਿੱਚ ਇੱਕ ਕੁੜੀ ਨੇ ਆਪਣੇ ਚੀਨੀ ਪਤੀ ਤੇ ਹਿੰਸਾ ਦੇ ਇਲਜ਼ਾਮ ਲਾਏ ਤੇ ਕੋਰਟ ਵਿੱਚ ਤਲਾਕ ਦੀ ਅਪੀਲ ਕੀਤੀ ਹੈ।ਕੁਝ ਕੁੜੀਆਂ ਨੇ ਸ਼ਿਕਾਇਤ ਵਿੱਚ ਲਿਖਿਆ ਕਿ ਮੁੰਡੇ ਬਾਰੇ ਦੱਸਿਆ ਗਿਆ ਸੀਪੀਈਸੀ (ਚੀਨ-ਪਾਕਿਸਤਾਨੀ ਇਕੋਨੌਮਿਕ ਬਾਰਡਰ) 'ਤੇ ਕੰਮ ਕਰਦਾ ਹੈ ਪਰ ਚੀਨ ਜਾਣ ਤੋਂ ਬਾਅਦ ਪਤਾ ਲਗਦਾ ਹੈ ਕਿ ਅਜਿਹਾ ਨਹੀਂ ਹੈ। ਵਧੇਰੇ ਮਾਮਲਿਆਂ ਵਿੱਚ ਇੱਕ ਵਾਰ ਜਦੋਂ ਮੁੰਡੇ ਪਾਕਿਸਤਾਨ ਤੋਂ ਚੀਨ ਰਵਾਨਾ ਹੋ ਗਏ ਤਾਂ ਫਿਰ ਉਸ ਨਾਲ ਸਬੰਧ ਰੱਖਣਾ ਅਸੰਭਵ ਹੋ ਜਾਂਦਾ ਹੈ।

## ਪੁਲਿਸ ਦੀ ਸ਼ਿਕਾਇਤਾਂ ਦਰਜ ਕਰਨ 'ਚ ਢਿੱਲਮੱਠ

ਪਾਕਿਸਤਾਨ ਤੇ ਚੀਨ ਦੀ ਦੋਸਤੀ ਨੂੰ ਸੀਪੀਈਸੀ ਨਾਲ ਜੁੜੇ ਹਿੱਤਾਂ ਦੇ ਨਜ਼ਰੀਏ ਨਾਲ ਵੇਖਿਆ ਜਾਂਦਾ ਹੈ। ਇਸ ਲਈ ਹਾਲ ਹੀ ਵਿੱਚ ਹੋਣ ਵਾਲੀਆਂ ਘਟਨਾਵਾਂ ਤੇ ਉਨ੍ਹਾਂ ਦੇ ਨਤੀਜੇ ਵਿੱਚ ਦਰਜ ਹੋਣ ਵਾਲੀ ਐਫਆਈਆਰ ਨਜ਼ਰਅੰਦਾਜ਼ ਹੋ ਰਹੀ ਹੈ। ਪੰਜਾਬ ਅਸੈਂਬਲੀ ਦੇ ਮੈਂਬਰ ਤੇ ਮਨੁੱਖੀ ਅਧਿਕਾਰ ਤੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਏਜਾਜ਼ ਆਲਮ ਆਗਸਟੇਨ ਨੇ ਦੱਸਿਆ ਕਿ, ਦੋ ਮਹੀਨੇ ਪਹਿਲਾਂ ਇੱਕ ਚੀਨੀ ਸ਼ਖਸ ਨੂੰ ਇਸਲਾਮਾਬਾਦ ਏਅਰਪੋਰਟ ਤੋਂ ਗ੍ਰਿਫ਼ਤਾਰ ਕੀਤਾ ਗਿਆ ਕਿਉਂਕਿ ਉਸ 'ਤੇ ਪਾਕਿਸਤਾਨੀ ਕੁੜੀ ਨੂੰ ਜ਼ਬਰਦਸਤੀ ਲਿਜਾਣ ਦਾ ਇਲਜ਼ਾਮ ਸੀ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਪਾਦਰੀ ਤੇ ਗਿਰਜਾਘਰ ਵਿਆਹ ਕਰਵਾ ਰਹੇ ਹਨ। ਇਸੇ ਕਰਕੇ ਅਸੀਂ ਲਾਈਸੈਂਸਿੰਗ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ ਜਿਸ ਤੋਂ ਬਾਅਦ ਗਿਰਜਾਘਰ ਤੇ ਪਾਦਰੀ ਨੂੰ ਲਾਈਸੈਂਸ ਲੈਣਾ ਪਵੇਗਾ। ਇਸ ਵੇਲੇ ਚੀਨ ਵਿੱਚ ਮਰਦਾਂ ਦੀ ਗਿਣਤੀ ਔਰਤਾਂ ਤੋਂ ਵੱਧ ਹੈ, ਜਿਸਦੀ ਵਜ੍ਹਾ 1979 ਤੋਂ 2015 ਤੱਕ ਰਹਿਣ ਵਾਲੀ ਇੱਕ ਬੱਚਾ ਪਾਲਿਸੀ ਵੀ ਹੈ। ਰਿਸਰਚਰਾਂ ਦੇ ਮੁਤਾਬਕ ਚੀਨ ਵਿੱਚ ਇਸ ਪਾਲਿਸੀ ਤੋਂ ਬਾਅਦ ਵਧੇਰੇ ਪਰਿਵਾਰ ਮੁੰਡਿਆਂ ਨੂੰ ਤਰਜੀਹ ਦਿੰਦੇ ਹਨ। ਜਿਸ ਕਾਰਨ ਇਹ ਅਸੰਤੁਲਨ ਵਧਿਆ ਹੈ ਤੇ ਚੀਨੀ ਮਰਦ ਦੂਜੇ ਦੇਸਾਂ ਨੂੰ ਜਾ ਰਹੇ ਹਨ। ਇਸ ਨਾਲ ਕਈ ਗਿਰੋਹ ਵੀ ਇਸ ਦਾ ਫਾਇਦਾ ਚੁੱਕਦੇ ਹਨ ਤੇ ਚੀਨ ਵਿੱਚ ਔਰਤਾਂ ਦੀ ਤਸਕਰੀ ਕਰ ਰਹੇ ਹਨ।

## ਪਾਕਿਸਤਾਨੀ ਕੁੜੀਆਂ ਲਈ ਚੀਨ ਨੇ ਭੇਜੀ ਟਾਸਕ ਫੋਰਸ

### *ਪਾਕਿਸਤਾਨ ਏਜੰਸੀ ਵਲੋਂ ਤਿੰਨ ਚੀਨੀ ਨਾਗਰਿਕ ਗ੍ਰਿਫ਼ਤਾਰ*

**ਇਸਲਾਮਾਬਾਦ/ਏਟੀ ਨਿਊਜ਼ :** ਪਾਕਿਸਤਾਨੀ ਕੁੜੀਆਂ ਨੂੰ ਵਿਆਹ ਦੇ ਜਾਲ ਵਿਚ ਫਸਾ ਕੇ ਦੇਹ ਵਪਾਰ ਕਰਵਾਉਣ ਦੇ ਮਾਮਲੇ ਵਿਚ ਚੀਨੀ ਨਾਗਰਿਕਾਂ ਦੇ ਫੜੇ ਜਾਣ ਦਾ ਮਾਮਲਾ ਤੂਲ ਫੜਦਾ ਜਾ ਰਿਹਾ ਹੈ। ਇਸ ਨਾਲ ਦੁਵੱਲੇ ਸਬੰਧਾਂ 'ਤੇ ਪੈਣ ਵਾਲੇ ਅਸਰ ਨੂੰ ਦੇਖਦਿਆਂ ਚੀਨ ਨੇ ਇਸ ਮੁੱਦੇ ਨਾਲ ਨਜਿੱਠਣ ਲਈ ਇਕ ਟਾਸਕ ਫੋਰਸ ਪਾਕਿਸਤਾਨ ਭੇਜੀ ਹੈ। ਪਾਕਿਸਤਾਨੀ ਦੀ ਸੰਘੀ ਜਾਂਚ ਏਜੰਸੀ ਨੇ ਤਿੰਨ ਹੋਰ ਚੀਨੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਤੋਂ ਇਲਾਵਾ ਚੀਨੀ ਨਾਗਰਿਕਾਂ ਨਾਲ ਰਹਿਣ ਵਾਲੀਆਂ ਤਿੰਨ ਸਥਾਨਕ ਔਰਤਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਨੂੰ ਉਦੋਂ ਗ੍ਰਿਫ਼ਤਾਰ ਕੀਤਾ ਗਿਆ, ਜਦੋਂ ਉਹ ਚੀਨ ਭੱਜਣ ਦੀ ਫਿਰਾਕ ਵਿਚ ਸਨ।

ਇਹ ਗਿਰੋਹ ਪਿਛਲੇ ਲੰਬੇ ਸਮੇਂ ਤੋਂ ਮਨੁੱਖੀ ਤਸਕਰੀ ਦੇ ਮਾਮਲਿਆਂ ਵਿਚ ਸ਼ਾਮਿਲ ਹੈ ਅਤੇ ਲਗਪਗ 18 ਪਾਕਿਸਤਾਨੀ ਕੁੜੀਆਂ ਨੂੰ ਚੀਨ ਭੇਜ ਚੁੱਕਿਆ ਹੈ। ਪਾਕਿ ਦੀ ਸੰਘੀ ਜਾਂਚ ਏਜੰਸੀ (ਐੱਫ਼.ਆਈ.ਏ.) ਦੇ ਉਪ ਪ੍ਰਬੰਧਕ ਜ਼ਮੀਲ ਅਹਿਮਦ ਖ਼ਾਨ ਮੇਯੋ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਚੀਨੀ ਨਾਗਰਿਕ ਫ਼ੈਸਲਾਬਾਦ ਦੀ ਹਵੇਲੀ ਬਹਾਦਰ ਸ਼ਾਹ ਵਿਚ 30 ਹਜ਼ਾਰ ਰੁਪਏ ਪ੍ਰਤੀ ਮਹੀਨੇ ਵਾਲੇ ਕਿਰਾਏ ਦੇ ਘਰ ਵਿਚ ਰਹਿ ਰਹੇ ਸਨ ਅਤੇ ਉਨ੍ਹਾਂ ਵਲੋਂ ਚੀਨ ਵਿਚ ਪਾਕਿਸਤਾਨੀ ਕੁੜੀਆਂ ਵੇਚਣ 'ਤੇ ਪ੍ਰਤੀ ਕੁੜੀ ਦੇ 18 ਲੱਖ ਤੋਂ 35 ਲੱਖ ਰੁਪਏ ਤੱਕ ਗਾਹਕ ਪਾਸੋਂ ਵਸੂਲ ਕੀਤੇ ਜਾਂਦੇ ਸਨ। ਪ੍ਰਾਪਤ ਜਾਣਕਾਰੀ ਅਨੁਸਾਰ ਪਾਕਿਸਤਾਨੀ ਕੁੜੀਆਂ ਨਾਲ ਫ਼ਰਜ਼ੀ ਵਿਆਹ ਕਰਨ ਉਪਰੰਤ ਉਨ੍ਹਾਂ ਨੂੰ ਚੀਨ ਲਿਜਾ ਕੇ ਉੱਥੇ ਉਨ੍ਹਾਂ ਪਾਸੋਂ ਜ਼ਬਰਦਸਤੀ ਜਿਸਮ ਫ਼ਰੋਸ਼ੀ ਦਾ ਕਾਰੋਬਾਰ ਕਰਵਾਇਆ ਜਾ ਰਿਹਾ ਹੈ। ਐੱਫ.ਆਈ.ਏ. ਵਲੋਂ ਚੀਨੀ ਨਾਗਰਿਕਾਂ ਦੇ ਨਾਲ-ਨਾਲ ਉਨ੍ਹਾਂ ਦੇ ਸਹਿਯੋਗੀ ਪਾਕਿਸਤਾਨੀ ਏਜੰਟਾਂ, ਕੇਸਰ, ਕਾਸ਼ਿਫ਼ ਨਵਾਜ਼, ਇਸਮਾਈਲ ਯੂਸਫ਼ ਅਤੇ ਯਾਹਿਦ ਮੁਸੇਹ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਉਕਤ ਏਜੰਟਾਂ ਵਿਚ ਪੰਜਾਬ ਪੁਲਿਸ ਦੇ ਇਕ ਅਧਿਕਾਰੀ ਦਾ ਪੁੱਤਰ ਵੀ ਸ਼ਾਮਿਲ ਹੈ, ਜੋ ਛਾਪੇਮਾਰੀ ਦੌਰਾਨ ਭੱਜਣ ਵਿਚ ਕਾਮਯਾਬ ਹੋ ਗਿਆ। ਇਨ੍ਹਾਂ ਚੀਨੀਆਂ ਵਲੋਂ ਤਸਕਰੀ ਕਰਕੇ ਚੀਨ ਭੇਜੀਆਂ ਜਾਣ ਵਾਲੀਆਂ ਕੁੜੀਆਂ ਦੇ ਮਾਪਿਆਂ ਨੂੰ ਵਿਆਹ ਬਦਲੇ 50-50 ਹਜ਼ਾਰ ਰੁਪਏ ਦਿੱਤੇ ਗਏ ਸਨ।

## ਰਾਸ਼ਟਰੀ ਗੀਤ ਦੇ ਨਾਮ ’ਤੇ ਸਿਨੇਮਾ ਹਾਲ ਵਿਚ ਨੌਜਵਾਨ ਨਾਲ ਗੁੰਡਾਗਰਦੀ

### *ਦੇਸ਼ ਵਿਰੁੱਧ ਕਥਿਤ ਮਾੜੇ ਸ਼ਬਦ ਬੋਲਣ ਦੇ ਬਹਾਨੇ ਪੀੜਤ ਨੌਜਵਾਨ ਹੀ ਗ੍ਰਿਫ਼ਤਾਰ*

**ਬੈਂਗਲੁਰੂ/ਏਟੀ ਨਿਊਜ਼ :**
ਇੱਥੋਂ ਦੇ ਇਕ ਸਿਨੇਮਾ ਹਾਲ ਵਿਚ 29 ਸਾਲਾ ਇਕ ਨੌਜਵਾਨ ਦੀ ਭਗਵੀਂ ਭੀੜ ਨੇ ਕੁੱਟਮਾਰ ਕਰ ਦਿੱਤੀ। ਨਾਲ ਹੀ ਰਾਸ਼ਟਰ ਗਾਨ ਦਾ ਦੋਸ਼ ਲਾਉਣ ਦੇ ਮਾਮਲੇ ਵਿਚ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਵੀ ਕਰ ਲਿਆ ਹੈ। ਸੰਜੈ ਨਗਰ ਦੇ ਰਹਿਣ ਵਾਲੇ ਜਿਤਿਨ ਨੇ ਕਿਹਾ ਕਿ ਆਈਨੌਕਸ ਫਿਲਮ ਥਿਏਟਰ ਵਿਚ ਗਿਆ ਸੀ। ਇੱਥੇ ਰਾਸ਼ਟਰ ਗਾਨ ਦੌਰਾਨ ਉਹ ਆਪਣੀ ਸੀਟ ’ਤੇ ਬੈਠਾ ਰਿਹਾ ਜਿਸ ਤੋਂ ਬਾਅਦ ਭੀੜ ਨੇ ਉਸ ’ਤੇ ਹਮਲਾ ਕਰ ਦਿੱਤਾ।

ਉਸ ਨੇ ਦੱਸਿਆ ਕਿ ਮੇਰੇ ਸਾਹਮਣੇ ਖੜ੍ਹੇ ਭਗਵੇਂ ਬਦਮਾਸ਼ਾਂ ਨੇ ਲੜਾਈ ਸ਼ੁਰੂ ਕਰ ਦਿੱਤੀ, ਕਿਉਂਕਿ ਮੈਂ ਰਾਸ਼ਟਰ ਗਾਨ ਦੌਰਾਨ ਖੜ੍ਹਾ ਨਹੀਂ ਹੋਇਆ। ਇੰਨਾ ਹੀ ਨਹੀਂ, ਉਨ੍ਹਾਂ ਮੇਰੇ ਚਿਹਰੇ ’ਤੇ ਵਾਰ ਕੀਤੇ ਅਤੇ ਭੀੜ ਨੂੰ ਵੀ ਭੜਕਾਇਆ। ਉਨ੍ਹਾਂ ਅਨੁਸਾਰ ਮੂਵੀ ਹਾਲ ਦੇ ਪ੍ਰਬੰਧਕਾਂ ਨੇ ਘਟਨਾ ਬਾਰੇ ਕੋਈ ਗੰਭੀਰਤਾ ਨਹੀਂ ਦਿਖਾਈ ਅਤੇ ਪੁਲਿਸ ਨੇ ਵੀ ਭੀੜ ਨੂੰ ਛੱਡ ਦਿੱਤਾ। ਜਿਤਿਨ ਖ਼ਿਲਾਫ਼ ਰਾਸ਼ਟਰ ਗਾਨ ਦਾ ਅਪਮਾਨ ਕਰਨ ਲਈ ਰਾਸ਼ਟਰੀ ਸਨਮਾਨ ਐਕਟ ਦੇ ਅਪਮਾਨ ਦੀ ਰੋਕਥਾਮ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ।

ਪੁਲਿਸ ਨੇ ਦੱਸਿਆ ਕਿ ਜਿਤਿਨ ਖ਼ਿਲਾਫ਼ ਸ਼ਿਕਾਇਤ ਦਰਜ ਹੋਣ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਅਨੁਸਾਰ ਉਸ ਨੇ ਰਾਸ਼ਟਰ ਗਾਨ ਵੱਜਣ ਦੌਰਾਨ ਮਾੜੇ ਬੋਲ ਬੋਲੇ ਸਨ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਦੇ ਪਹਿਲੇ ਹੁਕਮ ਅਨੁਸਾਰ, ਜੇਕਰ ਸਿਨਮਾ ਹਾਲ ਅੰਦਰ ਰਾਸ਼ਟਰ ਗਾਨ ਚਲਾਇਆ ਜਾ ਰਿਹਾ ਹੈ ਤਾਂ ਖੜ੍ਹੇ ਹੋਣਾ ਜ਼ਰੂਰੀ ਨਹੀਂ ਹੈ।

## ਸਰਕਾਰਾਂ ਦੀ ਲਾਪ੍ਰਵਾਹੀ ਕਾਰਨ ਮਕਬੂਲਪੁਰਾ ਹੋਇਆ ਨਸ਼ਿਆਂ ਲਈ ਮਕਬੂਲ

**ਅੰਮ੍ਰਿਤਸਰ/ਏਟੀ ਨਿਊਜ਼ :**
ਸਿਆਸੀ ਪਾਰਟੀਆਂ ਦੇ ਚੋਣ ਮਨੋਰਥ ਪੱਤਰਾਂ ਵਿਚ ਭਾਵੇਂ ਨਸ਼ਿਆਂ ਦੇ ਖ਼ਾਤਮੇ ਨੂੰ ਪ੍ਰਮੁੱਖ ਵਾਅਦੇ ਵਜੋਂ ਪੇਸ਼ ਕੀਤਾ ਗਿਆ ਸੀ ਪਰ ਹਕੀਕਤ ਵਿਚ ਇਹ ਵਾਅਦਾ ਵੀ ਹੋਰਨਾਂ ਵਾਅਦਿਆਂ ਵਾਂਗ ਵਫ਼ਾ ਨਹੀਂ ਹੋਇਆ। ਇਸ ਦਾ ਪ੍ਰਤੱਖ ਪ੍ਰਮਾਣ ਅੰਮ੍ਰਿਤਸਰ ਸ਼ਹਿਰ ਦਾ ਮਕਬੂਲਪੁਰਾ ਇਲਾਕਾ ਹੈ, ਜਿੱਥੋਂ ਦੇ ਲੋਕ ਸਰਕਾਰਾਂ ਦੇ ਨਸ਼ੇ ਖ਼ਤਮ ਕਰਨ ਵਾਲੇ ਵਾਅਦੇ ਪ੍ਰਤੀ ਸੁਹਿਰਦ ਨਾ ਹੋਣ ਕਾਰਨ ਨਿਰਾਸ਼ ਤੇ ਨਾਰਾਜ਼ ਹਨ। ਇਸ ਵਾਰ ਉਹ ਅਜਿਹੇ ਉਮੀਦਵਾਰ ਨੂੰ ਵੋਟ ਪਾਉਣ ਦੇ ਹੱਕ ਵਿਚ ਹਨ, ਜੋ ਇਸ ਇਲਾਕੇ ਵਿਚੋਂ ਪੂਰੀ ਤਰ੍ਹਾਂ ਨਸ਼ਿਆਂ ਦਾ ਖ਼ਾਤਮਾ ਕਰ ਦੇਵੇ।

ਇਸੇ ਇਲਾਕੇ ਦੀ ਗਲੀ ਨੰਬਰ 7 ਵਿਚ ਰਹਿੰਦਾ ਮਹਿੰਦਰ ਸਿੰਘ (76 ਸਾਲ) ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਿਹਾ ਹੈ। ਮਹਿੰਦਰ ਸਿੰਘ ਖ਼ੁਦ ਵੀ ਨਸ਼ਿਆਂ ਕਾਰਨ ਮਿਲੀ ਪੀੜ ਨੂੰ ਹੰਢਾਅ ਚੁੱਕਾ ਹੈ। ਉਸ ਦੇ ਦੋ ਬੇਟੇ ਸੁਰਿੰਦਰ ਸਿੰਘ (40 ਸਾਲ) ਤੇ ਬਲਵਿੰਦਰ ਸਿੰਘ (35 ਸਾਲ) ਅਤੇ ਇਕ ਭਰਾ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਉਸ ਦਾ ਪੋਤਰਾ ਸਾਜਨ ਜਵਾਨ ਹੈ ਅਤੇ ਏਅਰ ਕੰਡੀਸ਼ਨ ਦਾ ਕੰਮ ਕਰਦਾ ਹੈ। ਭਾਵੇਂ ਇਸ ਉਮੀਦਵਾਰ ਅਤੇ ਉਸ ਦੇ ਪਰਿਵਾਰ ਕੋਲ ਸਰੋਤ ਘੱਟ ਹਨ ਪਰ ਉਹ ਚਾਹੁੰਦੇ ਹਨ ਕਿ ਲੋਕ ਇਸ ਮੁੱਦੇ ’ਤੇ ਉੱਠ ਖੜ੍ਹੇ ਹੋਣ ਤਾਂ ਜੋ ਸਿਆਸੀ ਪਾਰਟੀਆਂ ਇਸ ਕੋਹੜ ਨੂੰ ਖ਼ਤਮ ਕਰਨ ਵਾਸਤੇ ਮਜਬੂਰ ਹੋ ਜਾਣ। ਬੈਟਰੀ ਰਿਕਸ਼ਾ ਚਲਾਉਣ ਵਾਲਾ ਮਹਿੰਦਰ ਸਿੰਘ ਆਪਣੇ ਚੋਣ ਪ੍ਰਚਾਰ ਵਿਚ ਗ਼ਰੀਬਾਂ ਨਾਲ ਹੋ ਰਹੇ ਧੱਕੇ ਅਤੇ ਸ਼ੋਸ਼ਣ ਨੂੰ ਮੁੱਖ ਮੁੱਦੇ ਵਜੋਂ ਪ੍ਰਚਾਰ ਕੇ ਲੋਕਾਂ ਕੋਲੋਂ ਆਪਣੇ ਹੱਕ ਵਿਚ ਵੋਟ ਮੰਗ ਰਿਹਾ ਹੈ। ਇਸੇ ਗਲੀ ਵਿਚ ਰਹਿੰਦੀ ਸ਼ਿੰਦਰ ਕੌਰ ਦੇ ਪਤੀ ਦੀ ਨਸ਼ਿਆਂ ਕਾਰਨ ਮੌਤ ਹੋ ਚੁੱਕੀ ਹੈ। ਉਸ ਨੇ ਇਕੱਲਿਆਂ ਆਪਣੇ ਬੱਚੇ ਪਾਲੇ ਤੇ ਵਿਆਹੇ ਹਨ। ਉਸ ਦਾ ਕਹਿਣਾ ਹੈ ਕਿ ਇਸ ਇਲਾਕੇ ਵਿਚੋਂ ਨਸ਼ਿਆਂ ਦਾ ਕਾਰੋਬਾਰ ਖ਼ਤਮ ਹੋਣਾ ਚਾਹੀਦਾ ਹੈ। ਇਸੇ ਮੁਹੱਲੇ ਦੇ ਜਸਵਿੰਦਰ ਸਿੰਘ ਨੇ ਆਖਿਆ ਕਿ ਭਾਵੇਂ ਕੈਪਟਨ ਅਮਰਿੰਦਰ ਸਿੰਘ ਨੇ ਚਾਰ ਹਫ਼ਤਿਆਂ ਵਿਚ ਨਸ਼ੇ ਖ਼ਤਮ ਕਰਨ ਦਾ ਵਾਅਦਾ ਕੀਤਾ ਸੀ ਪਰ ਦੋ ਸਾਲ ਤੋਂ ਵੱਧ ਸਮਾਂ ਬੀਤਣ ’ਤੇ ਵੀ ਇਸ ਖੇਤਰ ਵਿਚ ਨਸ਼ਿਆਂ ਦਾ ਕਾਰੋਬਾਰ ਪਹਿਲਾਂ ਵਾਂਗ ਚੱਲ ਰਿਹਾ ਹੈ। ਇੱਥੋਂ ਦੀ ਬਲਵਿੰਦਰ ਕੌਰ ਦਾ ਬੇਟਾ ਨਸ਼ਿਆਂ ਕਾਰਨ ਮਰ ਚੁੱਕਾ ਹੈ। ਉਸ ਨੇ ਕਿਹਾ ਕਿ ਕਈ ਸਰਕਾਰਾਂ ਆਈਆਂ ਪਰ ਨਸ਼ਿਆਂ ਦੀ ਰੋਕਥਾਮ ਲਈ ਠੋਸ ਕਦਮ ਨਹੀਂ ਚੁੱਕੇ ਗਏ।

# ਭਾਰਤ ’ਚ ਦਲਿਤਾਂ ਵਿਰੁੱਧ ਭਗਵੇਂ ਗੁੰਡੇ ਸਰਗਰਮ

- **ਗੁਜਰਾਤ ਵਿਚ ਦਲਿਤ ਲਾੜਾ ਘੋੜੇ ’ਤੇ ਚੜ੍ਹਿਆ ਤਾਂ ਕੀਤਾ ਬਾਈਕਾਟ ਦਾ ਐਲਾਨ**
- **ਉਤਰਾਖੰਡ ’ਚ ਵਿਆਹ ਦੌਰਾਨ ਕੁਰਸੀ ’ਤੇ ਬੈਠ ਕੇ ਖਾਣਾ ਖਾਣ ਕਰ ਕੇ ਦਲਿਤ ਨੌਜਵਾਨ ਦੀ ਹੱਤਿਆ**



**ਨਵੀਂ ਦਿੱਲੀ/ਏਟੀ ਨਿਊਜ਼ :** ਭਾਰਤ ਵਿਚ ਦਲਿਤਾਂ ਵਿਰੁੱਧ ਹਿੰਸਾ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਗੁਜਰਾਤ ਦੇ ਮਹਿਸਾਨਾ ਜ਼ਿਲ੍ਹੇ ਦੇ ਪਿੰਡ ਵਿਚ ਦਲਿਤ ਲਾੜੇ ਦੇ ਘੋੜੇ ’ਤੇ ਬੈਠਣ ਨਾਲ ਵਿਵਾਦ ਪੈਦਾ ਹੋ ਗਿਆ ਹੈ। ਲਹੋਰ ਪਿੰਡ ਦੇ ਉੱਚੀਆਂ ਜਾਤਾਂ ਦੇ ਮੈਂਬਰਾਂ ਨੇ ਇਸ ’ਤੇ ਨਾਖੁਸ਼ੀ ਜ਼ਾਹਿਰ ਕਰਦਿਆਂ ਦਲਿਤ ਭਾਈਚਾਰੇ ਦੇ ਸਮਾਜਿਕ ਬਾਈਕਾਟ ਦਾ ਐਲਾਨ ਕੀਤਾ ਹੈ। ਪੁਲੀਸ ਨੇ ਬਾਈਕਾਟ ਦਾ ਫੁਰਮਾਨ ਜਾਰੀ ਕਰਨ ਵਾਲੇ ਪਿੰਡ ਦੇ ਸਰਪੰਚ ਵਿਨੂਜੀ ਠਾਕੁਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਡੀਐਸਪੀ ਮਨਜੀਤਾ ਵਨਜ਼ਾਰਾ ਮੁਤਾਬਕ ਦਲਿਤਾਂ ਦੇ ਬਾਈਕਾਟ ਦੇ ਨਾਲ ਉਨ੍ਹਾਂ ਨਾਲ ਗੱਲ ਕਰਨ ਵਾਲੇ ’ਤੇ 5 ਹਜ਼ਾਰ ਰੁਪਏ ਦਾ ਜੁਰਮਾਨਾ ਕਰਨ ਦਾ ਐਲਾਨ ਵੀ ਕੀਤਾ ਗਿਆ।

ਉਤਰਾਖੰਡ ਵਿੱਚ ਇੱਕ ਨੀਵੀਂ ਕਹੀ ਜਾਂਦੀ ਜਾਤੀ ਦੇ ਨੌਜਵਾਨ ਨੂੰ ਭਗਵੇਂ ਗੁੰਡਿਆਂ ਨੇ ਇਸ ਲਈ ਆਪਣਾ ਨਿਸ਼ਾਨਾ ਬਣਾਇਆ, ਕਿਉਂਕਿ ਉਹ ਇੱਕ ਵਿਆਹ ਸਮਾਰੋਹ ਦੌਰਾਨ ਉਨ੍ਹਾਂ ਦੇ ਸਾਹਮਣੇ ਕੁਰਸੀ ਉੱਤੇ ਬੈਠ ਕੇ ਖਾਣਾ ਖਾ ਰਿਹਾ ਸੀ। 23 ਸਾਲਾ ਮ੍ਰਿਤਕ ਜਤਿੰਦਰ ਦਾਸ ਦੀ ਭੈਣ ਅਨੁਸਾਰ ਨੇੜਲੇ ਪਿੰਡ ਉਸ ਦੇ ਚਾਚੇ ਦੇ ਲੜਕੇ ਦੀ ਸ਼ਾਦੀ ਸੀ। ਮੇਰਾ ਭਰਾ ਉੱਥੇ ਬੁਲਾਵੇ ਉੱਤੇ ਗਿਆ ਸੀ। ਖਾਣਾ ਖਾਣ ਲਈ ਜਦੋਂ ਜਤਿੰਦਰ ਕੁਰਸੀ ਉੱਤੇ ਬੈਠਾ ਅਤੇ ਉਸ ਨੇ ਹਾਲੇ ਪਹਿਲੀ ਬੁਰਕੀ ਹੀ ਮੂੰਹ ਵਿਚ ਪਾਈ ਸੀ ਕਿ ਇੱਕ ਭਗਵੇਂ ਗੁੰਡੇ ਨੇ ਲੱਤ ਮਾਰ ਕੇ ਉਸ ਦੀ ਥਾਲੀ ਨੂੰ ਥੱਲੇ ਸੁੱਟ ਦਿੱਤਾ। ਉਸ ਤੋਂ ਬਾਅਦ ਕੁਝ ਹੋਰ ਭਗਵੇਂਵਾਦੀ ਗੁੰਡਿਆਂ ਨੇ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਜਤਿੰਦਰ ਜਦੋਂ ਘਰ ਵਾਪਸ ਆਉਣ ਲਈ ਚੱਲਿਆ ਤਾਂ ਕੁਝ ਦੂਰੀ ਉੱਤੇ ਭਗਵੇਂਵਾਦੀ ਗੁੰਡਿਆਂ ਨੇ ਉਸ ਨੂੰ ਮੁੜ ਘੇਰ ਕੇ ਬੇਰਹਿਮੀ ਨਾਲ ਕੁੱਟਿਆ। ਅਗਲੇ ਦਿਨ ਸਵੇਰੇ ਜਦੋਂ ਜਤਿੰਦਰ ਦੀ ਮਾਂ ਨੇ ਦਰਵਾਜ਼ਾ ਖੋਲ੍ਹਿਆ ਤਾਂ ਜਤਿੰਦਰ ਅਧਮੋਈ ਹਾਲਤ ਵਿੱਚ ਘਰ ਅੱਗੇ ਪਿਆ ਸੀ ਤੇ ਉਸ ਦਾ ਮੋਟਰਸਾਈਕਲ ਵੀ ਕੋਲ ਖੜ੍ਹਾ ਸੀ। ਜਤਿੰਦਰ ਦੀ ਛਾਤੀ, ਹੱਥਾਂ ਅਤੇ ਗੁਪਤ ਅੰਗਾਂ ਉੱਤੇ ਸੱਟਾਂ ਦੇ ਨਿਸ਼ਾਨ ਸਨ। ਜਤਿੰਦਰ ਨੂੰ ਹਸਪਤਾਲ ਲਿਜਾਇਆ ਗਿਆ, ਪਰ ਕੁਝ ਦਿਨਾਂ ਬਾਅਦ ਉਹ ਦਮ ਤੋੜ ਗਿਆ।

ਮੀਡੀਆ ਦੀ ਪੜਤਾਲ ਮੁਤਾਬਕ ਇਹ ਸਾਰੀ ਘਟਨਾ ਬਹੁਤ ਸਾਰੇ ਲੋਕਾਂ ਸਾਹਮਣੇ ਘਟੀ, ਪਰ ਕੋਈ ਵੀ ਗਵਾਹ ਬਣਨ ਲਈ ਤਿਆਰ ਨਹੀਂ ਹੈ। ਘਟਨਾ ਤੋਂ ਤਿੰਨ ਦਿਨ ਬਾਅਦ ਐੱਫ਼ ਆਈ ਆਰ ਦਰਜ ਕੀਤੀ ਗਈ। ਇਸ ਦੌਰਾਨ ਭਗਵੇਂ ਗੁੰਡਿਆਂ ਨੂੰ ਡਰਾਉਣ ਦਾ ਮੌਕਾ ਮਿਲ ਗਿਆ। ਜਿਹੜੇ ਲੋਕ ਗਵਾਹ ਸਨ, ਉਨ੍ਹਾਂ ਨੂੰ ਕੁੱਟ ਕੇ ਮੁਕਰਾਇਆ ਗਿਆ।

ਘਟਨਾ ਸੰਬੰਧੀ ਪੁਲਸ ਅਧਿਕਾਰੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਦਲਿਤ ਪਰਵਾਰਾਂ ਪਾਸ ਕੋਈ ਜ਼ਮੀਨ ਨਹੀਂ, ਉਹ ਪੂਰੀ ਤਰ੍ਹਾਂ ਉੱਚ ਜਾਤੀ ਦੇ ਲੋਕਾਂ ਉੱਤੇ ਨਿਰਭਰ ਹਨ। ਇਸ ਲਈ ਉਹ ਕੁਝ ਵੀ ਕਹਿਣ ਜਾਂ ਕਰਨ ਤੋਂ ਡਰਦੇ ਹਨ। ਰਾਜ ਦੇ ਅਨੁਸੂਚਿਤ ਜਾਤੀ ਕਮਿਸ਼ਨ ਮੁਤਾਬਕ ਉਸ ਪਾਸ ਹਰ ਸਾਲ ਦਲਿਤਾਂ ਉੱਤੇ ਅੱਤਿਆਚਾਰ ਦੇ 300 ਮਾਮਲੇ ਪਹੁੰਚਦੇ ਹਨ, ਪਰ ਅਸਲੀ ਗਿਣਤੀ ਇਸ ਤੋਂ ਕਿਤੇ ਵੱਧ ਹੁੰਦੀ ਹੈ।

ਉਤਰਾਖੰਡ ਵਿੱਚ ਦਲਿਤਾਂ ਉੱਤੇ ਅੱਤਿਆਚਾਰਾਂ ਦਾ ਇਤਿਹਾਸ ਪੁਰਾਣਾ ਹੈ। ਸੰਨ 1980 ਵਿੱਚ ਦਲਿਤਾਂ ਦੀ ਇੱਕ ਬਰਾਤ ਕਫ਼ਲਟਾ ਪਿੰਡ ਵਿੱਚੋਂ ਗੁਜ਼ਰ ਰਹੀ ਸੀ। ਕੁਝ ਔਰਤਾਂ ਨੇ ਲਾੜੇ ਨੂੰ ਭਗਵਾਨ ਬਦਰੀ ਨਾਥ ਦੇ ਸਨਮਾਨ ਵਿੱਚ ਘੋੜੀ ਤੋਂ ਉਤਰਨ ਲਈ ਕਿਹਾ। ਇਸ ਉੱਤੇ ਬਰਾਤੀਆਂ ਨੇ ਕਿਹਾ ਕਿ ਉਹ ਮੰਦਰ ਦੇ ਸਾਹਮਣੇ ਘੋੜੀ ਤੋਂ ਉਤਰ ਜਾਣਗੇ। ਇਸ ਵਿਵਾਦ ਤੋਂ ਬਾਅਦ ਭਗਵੇਂਵਾਦੀ ਲੋਕਾਂ ਨੇ ਉਨ੍ਹਾਂ ਉੱਤੇ ਹਮਲਾ ਕਰਕੇ 14 ਬਰਾਤੀਆਂ ਦੀ ਹੱਤਿਆ ਕਰ ਦਿੱਤੀ ਸੀ। ਇਸੇ ਤਰ੍ਹਾਂ ਹੀ ਬਾਗੇਸ਼ਵਰ ਵਿਖੇ ਜਦੋਂ ਇੱਕ ਦਲਿਤ ਲੜਕੇ ਨੇ ਆਟਾ ਚੱਕੀ ਨੂੰ ਹੱਥ ਲਾ ਕੇ ਉਸ ਨੂੰ ‘ਦੂਸ਼ਿਤ’ ਕਰ ਦਿੱਤਾ ਤਾਂ ਉਸ ਦਾ ਸਿਰ ਕਲਮ ਕਰ ਦਿੱਤਾ ਗਿਆ। ਦਲਿਤ ਕਾਰਕੁਨ ਦੌਲਤ ਕੁੰਵਰ ਨੇ ਦੱਸਿਆ ਕਿ ਰਾਜ ਦੇ ਇੱਕ ਸਕੂਲ ਵਿੱਚ ਜਦੋਂ ਇੱਕ ਦਲਿਤ ਔਰਤ ਨੂੰ ਭੋਜਨਸ਼ਾਲਾ ਵਿੱਚ ਨੌਕਰੀ ਉੱਤੇ ਰੱਖਿਆ ਗਿਆ ਤਾਂ ਮੁਜ਼ਾਹਰੇ ਸ਼ੁਰੂ ਹੋ ਗਏ, ਹਾਲਾਂਕਿ ਉਸ ਦਾ ਕੰਮ ਸਿਰਫ਼ ਲੱਕੜੀਆਂ ਝੋਕਣਾ ਸੀ, ਪਰ ਜਿੰਨਾ ਚਿਰ ਉਸ ਨੂੰ ਹਟਾ ਨਹੀਂ ਦਿੱਤਾ ਗਿਆ, ਕਿਸੇ ਵੀ ਵਿਦਿਆਰਥੀ ਨੇ ਸਕੂਲ ਵਿੱਚੋਂ ਭੋਜਨ ਨਹੀਂ ਖਾਧਾ।

ਦੌਲਤ ਕੰਵਰ ਨੇ ਦੱਸਿਆ ਕਿ ਸੰਨ 2016 ਵਿੱਚ ਉਹ ਸਾਬਕਾ ਸੰਸਦ ਮੈਂਬਰ ਤਰੁਣ ਵਿਜੈ ਨਾਲ ਚਕਰਾਤਾ ਇਲਾਕੇ ਦੇ ਪੁਨਾਹ ਦੇਵਤਾ ਦੇ ਮੰਦਰ ਗਏ ਤਾਂ ਉਨ੍ਹਾਂ ਉੱਤੇ ਪਥਰਾਅ ਕੀਤਾ ਗਿਆ, ਜਿਸ ਨਾਲ ਉਨ੍ਹਾਂ ਦੋਹਾਂ ਨੂੰ ਸੱਟਾਂ ਲੱਗੀਆਂ। ਉਨ੍ਹਾ ਦੱਸਿਆ ਕਿ ਰਾਜ ਦੇ ਜੌਨਸਾਰ ਇਲਾਕੇ ਵਿੱਚ ਕਾਨੂੰਨੀ ਦਖ਼ਲ ਦੇ ਬਾਵਜੂਦ ਬਹੁਤ ਸਾਰੇ ਅਜਿਹੇ ਮੰਦਰ ਹਨ, ਜਿੱਥੇ ਦਲਿਤ ਨਹੀਂ ਜਾ ਸਕਦੇ।

ਅਸਲ ਵਿੱਚ ਇਸ ਹਾਲਤ ਦੇ ਮੁੱਖ ਜ਼ਿੰਮੇਵਾਰ ਸਾਡੇ ਸੱਤਾਧਾਰੀ ਆਗੂ ਹਨ, ਜਿਹੜੇ ਜਾਤੀਵਾਦੀ ਸਿਆਸਤ ਨੂੰ ਸੱਤਾ ਉੱਤੇ ਪੁੱਜਣ ਲਈ ਦਲਿਤ ਸਮਾਜ ਨੂੰ ਪੌੜੀ ਵਜੋਂ ਵਰਤਦੇ ਹਨ, ਪਰ ਉਹਨਾਂ ਦੇ ਹੱਕਾਂ ਲਈ ਨਹੀਂ ਖਲੌਂਦੇ। ਭਾਰਤ ਵਿਚ ਜਦੋਂ ਦੀ ਮੋਦੀ ਸਰਕਾਰ ਬਣੀ ਹੈ, ਦਲਿਤਾਂ ਉੱਪਰ ਹੋ ਰਹੇ ਹਮਲਿਆਂ ਵਿਚ ਭਾਰੀ ਵਾਧਾ ਹੋਇਆ ਹੈ। ਇਸ ਤਰ੍ਹਾਂ ਜਾਪ ਰਿਹਾ ਹੈ ਕਿ ਭਾਰਤ ਵਿਚ ਮਨੂੰਵਾਦੀ ਯੁੱਗ ਚਲ ਰਿਹਾ ਹੈ।

### ਬੀਤੇ ਸਾਲ ਵਾਪਰੇ ਹੋਰ ਮਾਮਲੇ

ਦੋ ਦਲਿਤ ਵਿਅਕਤੀਆਂ ਦਾ ਤਾਮਿਲਨਾਡੂ ਵਿੱਚ ਕਥਿਤ ਉੱਚ ਜਾਤੀ ਹਿੰਦੂਆਂ ਨੇ ਸਿਰਫ਼ ਇਸ ਲਈ ਕਤਲ ਕਰ ਦਿੱਤਾ ਕਿਉਂਕਿ ਉਹ ਦੋਵੇਂ ਵਿਅਕਤੀ ਮੰਦਰ ਵਿੱਚ ਇੱਕ ਰਸਮ ਦੌਰਾਨ ਕਥਿਤ ਉੱਚੀ ਜਾਤੀ ਦੇ ਲੋਕਾਂ ਸਾਹਮਣੇ ਚੌਂਕੜੀ ਮਾਰ ਕੇ ਬੈਠੇ ਸਨ।

ਮਹਾਰਾਸ਼ਟਰ ਦੇ ਇੱਕ ਪਿੰਡ ਵਿੱਚ ਤਿੰਨ ਦਲਿਤ ਮੁੰਡਿਆਂ ਨੂੰ ਖੂਹ ਵਿੱਚ ਨਹਾਉਣ ਕਰਕੇ ਕੁੱਟਿਆ ਗਿਆ ਅਤੇ ਕੱਪੜੇ ਲੁਹਾ ਕੇ ਪੂਰੇ ਪਿੰਡ ਵਿੱਚ ਘੁਮਾਇਆ ਗਿਆ। ਖੂਹ ਕਥਿਤ ਉੱਚੀ ਜਾਤੀ ਦੇ ਪਰਿਵਾਰ ਦਾ ਸੀ। ਪੁਲਿਸ ਨੇ ਇਸ ਮਾਮਲੇ ਵਿੱਚ ਦੋ ਗ੍ਰਿਫ਼ਤਾਰੀਆਂ ਵੀ ਕੀਤੀਆਂ ਸਨ।

ਇੱਕ ਦਲਿਤ ਭਾਈਚਾਰੇ ਦੇ ਨਾਬਾਲਗ ਨੂੰ ਗੁਜਰਾਤ ਵਿੱਚ ਸਿਰਫ਼ ਇਸ ਲਈ ਕੁੱਟਿਆ ਗਿਆ ਕਿਉਂਕਿ ਉਸਨੇ ਅਜਿਹੇ ਬੂਟ ਪਾ ਲਏ ਸੀ ਜਿਸਨੂੰ ਮੰਨਿਆ ਜਾਂਦਾ ਹੈ ਕਿ ਉੱਚੀ ਜਾਤੀ ਵਾਲੇ ਲੋਕਾਂ ਵੱਲੋਂ ਹੀ ਪਾਏ ਜਾਂਦੇ ਹਨ।

ਗੁਜਰਾਤ ਦੇ ਇੱਕ ਸ਼ਹਿਰ ਵਿੱਚ ਉਸ ਵੇਲੇ ਤਣਾਅ ਹੋ ਗਿਆ ਜਦੋਂ 22 ਸਾਲਾ ਨੌਜਵਾਨ ਮੌਲਿਕ ਯਾਦਵ ਨੇ ਆਪਣੇ ਨਾਂ ਨਾਲ ‘ਸਿੰਘ’ ਲਾ ਲਿਆ। ਗੁਜਰਾਤ ਵਿਚ ਰਵਾਇਤੀ ਤੌਰ ‘ਤੇ ‘ਸਿੰਘ’ ਕਥਿਤ ਉੱਚੀ ਜਾਤੀ ਦੇ ਲੋਕਾਂ ਵੱਲੋਂ ਲਾਇਆ ਜਾਂਦਾ ਹੈ।

### ਕੀ ਕਹਿੰਦੀ ਹੈ ਕੌਮਾਂਤਰੀ ਰਿਪੋਰਟ

ਕੌਮਾਂਤਰੀ ਸੰਗਠਨ ‘ਹਿਊਮਨ ਰਾਈਟਸ ਵਾਚ’ ਦੀ ਰਿਪੋਰਟ ਮੁਤਾਬਕ 2015 ਤੋਂ 2018 ਤੱਕ ਅਖੌਤੀ ਗਊ ਰਾਖਿਆਂ ਵੱਲੋਂ 100 ਤੋਂ ਵੱਧ ਹਮਲੇ ਕੀਤੇ ਗਏ, ਜਿਨ੍ਹਾਂ ਵਿੱਚ 44 ਲੋਕ ਮਾਰੇ ਗਏ ਅਤੇ 280 ਜ਼ਖ਼ਮੀ ਹੋਏ। ਮਰਨ ਵਾਲੇ 44 ਵਿਅਕਤੀਆਂ ਵਿੱਚੋਂ 36 ਮੁਸਲਿਮ ਭਾਈਚਾਰੇ ਨਾਲ ਸੰਬੰਧ ਰੱਖਦੇ ਸਨ, ਬਾਕੀ ਦਲਿਤ ਸਨ। ‘ਹਿਊਮਨ ਰਾਈਟਸ ਵਾਚ’ ਨੇ ਰਿਪੋਰਟ ਵਿੱਚ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਿੰਦੂਤਵੀ ਵਿਚਾਰਧਾਰਾ ਵਾਲੀ ਪਾਰਟੀ ਭਾਜਪਾ ਗਊ ਰੱਖਿਆ ਦਾ ਸਮੱਰਥਨ ਕਰਦੀ ਹੈ। ਇਸ ਦੇ ਨੇਤਾਵਾਂ ਨੇ ਬਿਆਨਬਾਜ਼ੀ ਕਰਕੇ ਮੁਸਲਮਾਨਾਂ ਤੇ ਦਲਿਤਾਂ ਵਿਰੁੱਧ ਫ਼ਿਰਕੂ ਮੁਹਿੰਮ ਸ਼ੁਰੂ ਕੀਤੀ ਤੇ ਕਿਹਾ ਕਿ ਇਹ ਗਊਆਂ ਦੀ ਹੱਤਿਆ ਕਰਦੇ ਹਨ। ਮਨੁੱਖੀ ਅਧਿਕਾਰ ਸੰਸਥਾ ਐਮਨੈਸਟੀ ਇੰਡੀਆ ਨੇ ਆਪਣੀ ਤਾਜ਼ਾ ਰਿਪੋਰਟ ਵਿੱਚ ਕਿਹਾ ਹੈ ਕਿ ਬੀਤੇ ਸਾਲ ਦੌਰਾਨ ਦਲਿਤਾਂ, ਆਦਿਵਾਸੀਆਂ, ਧਾਰਮਿਕ ਤੇ ਜਾਤੀ ਘੱਟ ਗਿਣਤੀਆਂ ਅਤੇ ਹੋਰ ਗ਼ਰੀਬ ਵਰਗਾਂ ਉੱਤੇ ਹਮਲਿਆਂ ਵਿੱਚ ਵੱਡਾ ਵਾਧਾ ਹੋਇਆ ਹੈ। ਇਸ ਸੰਸਥਾ ਨੇ ਆਪਣੀ ਵੈਬਸਾਈਟ ਉੱਤੇ 218 ਘਟਨਾਵਾਂ ਦਾ ਰਿਕਾਰਡ ਦਰਜ ਕੀਤਾ ਹੈ। ਇਨ੍ਹਾਂ ਵਿੱਚੋਂ 142 ਮਾਮਲੇ ਦਲਿਤਾਂ, 50 ਮਾਮਲੇ ਮੁਸਲਮਾਨਾਂ ਤੇ 8-8 ਮਾਮਲੇ ਈਸਾਈਆਂ ਤੇ ਆਦਿਵਾਸੀ ਵਿਰੁੱਧ ਹਿੰਸਾ ਦੇ ਹੋਏ ਹਨ। ਇਨ੍ਹਾਂ ਵਿੱਚ 97 ਮਾਮਲੇ ਹਮਲੇ ਦੇ ਅਤੇ 87 ਮਾਮਲੇ ਹੱਤਿਆ ਦੇ ਹਨ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਸ ਦੌਰਾਨ ਦਲਿਤ ਔਰਤਾਂ ਨੂੰ ਵੱਡੀ ਸੰਖਿਆ ਵਿੱਚ ਯੌਨ ਹਿੰਸਾ ਦਾ ਵੀ ਸਾਹਮਣਾ ਕਰਨਾ ਪਿਆ ਹੈ। ਦਲਿਤਾਂ ਤੇ ਘੱਟ ਗਿਣਤੀਆਂ ਵਿਰੁੱਧ ਹਿੰਸਾ ਦੇ ਮਾਮਲੇ ਉਨ੍ਹਾਂ ਰਾਜਾਂ ਵਿੱਚ ਵੱਧ ਹੋਏ ਹਨ, ਜਿੱਥੇ ਭਾਜਪਾ ਦੀ ਅਗਵਾਈ ਵਾਲੀਆਂ ਸਰਕਾਰਾਂ ਸਨ। ਇਸ ਮਾਮਲੇ ਵਿੱਚ ਦਲਿਤਾਂ ਲਈ ਸਭ ਤੋਂ ਮਾੜੇ ਹਾਲਾਤ ਉਤਰ ਪ੍ਰਦੇਸ਼ ਵਿੱਚ ਰਹੇ ਹਨ, ਜਿਥੇ ਉਨ੍ਹਾਂ ਵਿਰੁੱਧ ਹਿੰਸਾ ਦੀਆਂ 57 ਘਟਨਾਵਾਂ ਵਾਪਰੀਆਂ। ਉਸ ਤੋਂ ਬਾਅਦ ਦੂਜੇ ਨੰਬਰ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਗ੍ਰਹਿ ਰਾਜ ਗੁਜਰਾਤ ਆਉਂਦਾ ਹੈ, ਜਿੱਥੇ ਅਜਿਹੀਆਂ 22 ਵਾਰਦਾਤਾਂ ਹੋਈਆਂ। ਤੀਜੇ ਨੰਬਰ ‘ਤੇ ਰਾਜਸਥਾਨ ਹੈ, ਜਿੱਥੇ ਦਲਿਤਾਂ ਵਿਰੁੱਧ ਹਿੰਸਾ ਦੇ 18 ਮਾਮਲੇ ਸਾਹਮਣੇ ਆਏ ਹਨ।



# ਕੇਂਦਰੀ ਕੁਹਾੜੇ ਦੇ ਦਸਤੇ ਬਣੇ ਸਿੱਖ ਆਗੂਆਂ ਦੀ ਬਦੌਲਤ ਪੰਥ ਤੇ ਪੰਜਾਬ ਦੀ ਹਾਲਤ ਚਿੰਤਾਜਨਕ

**ਬਘੇਲ ਸਿੰਘ ਧਾਲੀਵਾਲ**
(99142-58142)



ਇਹਦੇ ਵਿੱਚ ਕੋਈ ਸ਼ੱਕ ਦੀ ਰੱਤੀ ਮਾਤਰ ਵੀ ਗੁੰਜਾਇਸ਼ ਨਹੀਂ ਕਿ ਕੇਂਦਰ ਪੰਜਾਬ ਦਾ ਕਦੇ ਵੀ ਸਕਾ ਨਹੀ ਬਣ ਸਕਦਾ। ਕੇਂਦਰ ਵੱਲੋਂ ਪੰਜਾਬ ਦੀ ਅਣਦੇਖੀ ਹੀ ਨਹੀਂ ਕੀਤੀ ਜਾ ਰਹੀ ਸਗੋਂ ਪੰਜਾਬ ਨੂੰ ਹਰ ਪੱਖ ਤੋਂ ਕੰਗਾਲ ਬਣਾਉਣ ਵਿੱਚ ਕੋਈ ਵੀ ਕਸਰ ਨਹੀਂ ਛੱਡੀ ਜਾ ਰਹੀ।ਭਾਵੇਂ ਪੰਜਾਬ ਦੀ ਵਿਗੜ ਚੁੱਕੀ ਆਰਥਿਕਤਾ ਦੀ ਗੱਲ ਹੋਵੇ, ਪੰਜਾਬ ਨੂੰ ਨਸ਼ਿਆਂ ਵਿਚ ਡੋਬ ਕੇ ਉਹਨਾਂ ਨੂੰ ਬੌਧਿਕ ਪੱਧਰ ਉਤੇ ਅਪਾਹਜ ਬਣਾਉਣ ਦੀ ਗੱਲ ਹੋਵੇ, ਲੱਚਰ ਗਾਇਕੀ ਰਾਹੀਂ ਪੰਜਾਬ ਦੀ ਜੁਆਨੀ ਦੀ ਅਣਖ-ਗੈਰਤ ਨੂੰ ਅਸਲੋਂ ਮਾਰ ਕੇ ਉਹਨਾਂ ਨੂੰ ਆਪਣੇ ਲਹੂ ਰੱਤੇ ਅਸਲ ਵਿਰਸੇ ਤੋਂ ਦੂਰ ਕਰਨ ਦੀ ਸਾਜਿਸ਼ ਹੋਵੇ, ਜਾਂ ਫਿਰ ਸਰਕਾਰੀ ਅਤਿਆਚਾਰ ਅਤੇ ਦੋਹਰੇ ਕਨੂੰਨੀ ਮਾਪਦੰਡਾਂ ਦੀ ਮਾਰ ਨਾਲ ਸਿੱਖ ਨੌਜੁਆਨਾਂ ਨੂੰ ਚੁਣ ਚੁਣ ਕੇ ਖਤਮ ਕਰਨ ਜਾਂ ਜੇਲ੍ਹਾਂ ਵਿੱਚ ਸੁੱਟਣ ਦਾ ਅਣਮਨੁੱਖੀ ਵਰਤਾਰਾ ਹੋਵੇ। ਹਰ ਪਾਸੇ ਤੋਂ ਕੇਂਦਰ ਅਤੇ ਕੁਰਸੀ ਦੀਆਂ ਭੁੱਖੀਆਂ ਸੂਬਾ ਸਰਕਾਰਾਂ ਦੀ ਮਿਲੀ ਭੁਗਤ ਨਾਲ ਪੰਜਾਬ ਦੀ ਹੁੰਦੀ ਬਰਬਾਦੀ ਸਾਫ ਦੇਖੀ ਜਾ ਸਕਦੀ ਹੈ। ਇਹ ਵੀ ਚਿੱਟੇ ਦਿਨ ਵਾਂਗ ਸਾਫ ਤੇ ਸਪੱਸ਼ਟ ਹੋ ਚੁੱਕਾ ਹੈ ਕਿ ਭਾਰਤ ਦਾ ਕਾਨੂੰਨ-ਤੰਤਰ ਘੱਟ ਗਿਣਤੀਆਂ ਦੇ ਮੁਢਲੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਦੇ ਸਮਰੱਥ ਨਹੀਂ ਹੈ, ਕਿਉਂਕਿ ਭਾਰਤ ਦਾ ਰਾਜ ਪ੍ਰਬੰਧ ਚਲਾਉਣ ਵਾਲੀ ਜਮਾਤ ਕੱਟੜਤਾ ਦੀ ਮੁਦੱਈ ਹੈ, ਜਿਸ ਕਰਕੇ ਦੇਸ਼ ਅੰਦਰ ਘੱਟ ਗਿਣਤੀਆਂ ਸੁਰੱਖਿਅਤ ਨਹੀਂ ਹਨ। ਦਿੱਲੀ ਦੇ ਤਖਤ ਉਤੇ ਬੈਠਣ ਵਾਲਾ ਕੋਈ ਵੀ ਸ਼ਖਸ ਜਾਂ ਰਾਜਨੀਤਕ ਪਾਰਟੀਆਂ ਉਸ ਜਮਾਤ ਤੋਂ ਬੇ-ਬਾਹਰੇ ਹੋ ਕੇ ਬਰਾਬਰਤਾ ਵਾਲਾ ਮਿਸਾਲੀ ਰਾਜ ਪ੍ਰਬੰਧ ਦੇਣ ਦੇ ਨਾਹਰੇ ਤੇ ਲਾਰੇ ਤਾਂ ਦੇ ਸਕਦੀਆਂ ਹਨ, ਪਰੰਤੂ ਬਰਾਬਰਤਾ ਵਾਲਾ ਸ਼ਾਸ਼ਨ ਦੇਣਾ ਉਹਨਾਂ ਦੇ ਵੱਸ ਵਿਚ ਨਹੀ ਹੈ। ਇਸ ਦਾ ਮੁੱਖ ਕਾਰਨ ਹੀ ਇਹ ਹੈ ਕਿ ਉਕਤ ਕੱਟੜ ਜਮਾਤ ਭਾਰਤੀ ਤਾਣੇ ਬਾਣੇ ਉਤੇ ਪੂਰੀ ਤਰਾਂ ਕਾਬਜ਼ ਹੈ। ਹਰ ਉੱਚ ਆਹੁਦੇ ਉਤੇ ਉਸ ਜਮਾਤ ਦੇ ਵਫਾਦਾਰ ਬੈਠੇ ਹਨ। ਉੱਚ ਅਦਾਲਤਾਂ ਵਿਚ ਉਹਨਾਂ ਦਾ ਬੋਲਬਾਲਾ ਹੈ, ਚੋਣ ਕਮਿਸ਼ਨ ਉਹਨਾਂ ਦੀ ਪਕੜ ਵਿਚ ਹੈ। ਇੱਥੋ ਤੱਕ ਕਿ ਭਾਰਤੀ ਏਜੰਸੀਆਂ ਨੂੰ ਵੀ ਉਸ ਸ਼ਕਤੀਸ਼ਾਲੀ ਕੱਟੜ ਜਮਾਤ ਵੱਲੋਂ ਚਲਾਇਆ ਜਾ ਰਿਹਾ ਹੈ। ਕਿੱਥੇ ਕਿਹੋ ਜਿਹੀ ਗੜਬੜ ਕਰਵਾਉਣੀ ਹੈ, ਇਹ ਸਾਰਾ ਕੁਝ ਉਹਨਾਂ ਦੀ ਮਰਜ਼ੀ ਅਨੁਸਾਰ ਤਹਿ ਹੁੰਦਾ ਹੈ ਤੇ ਏਜੰਸੀਆਂ ਉਹਨਾਂ ਦੁਆਰਾ ਦਿੱਤੇ ਪਰੋਗਰਾਮ ਨੂੰ ਅਮਲ ਵਿਚ ਲੈਕੇ ਆਉਂਦੀਆਂ ਹਨ। ਭਾਵ ਇਹ ਹੈ ਕਿ ਕੇਂਦਰ ਸਰਕਾਰ ਕੱਟੜਵਾਦੀਆਂ ਦੇ ਪ੍ਰਭਾਵ ਹੇਠ ਕੰਮ ਕਰਦੀ ਹੈ ਤੇ ਕਰਦੀ ਰਹੇਗੀ। ਹੁਣ ਇਹ ਵੀ ਕਿਸੇ ਤੋ ਲੁਕਿਆ ਨਹੀਂ ਕਿ ਇਸਾਈ ਪਾਦਰੀਆਂ ਨੂੰ ਅੱਗ ਲਾ ਕੇ ਫੂਕ ਦੇਣ ਪਿੱਛੇ ਕੌਣ ਲੋਕ ਸਨ, ਸਮਝੌਤਾ ਐਕਸਪ੍ਰੈਸ ਤੇ ਬੰਬ ਧਮਾਕੇ ਵਾਲੇ ਕੌਣ ਹਨ, ਕਸ਼ਮੀਰ ਵਿੱਚ ਗੜਬਣ ਕਰਵਾਉਣ ਦੀ ਅਸਲ ਸੂਤਰਧਾਰ ਕੌਣ ਹੈ ? ਜਵਾਬ ਵਿਚ ਕੱਟੜਵਾਦੀਆਂ ਦੀ ਹਿੰਦੂ ਜਮਾਤ ਦਾ ਨਾਮ ਹੀ ਉੱਭਰ ਕੇ ਸਾਹਮਣੇ ਆਵੇਗਾ, ਜਿਹੜੀ ਕਸ਼ਮੀਰ ਦੇ ਲੋਕਾਂ ਦੀ ਅਜ਼ਾਦੀ ਦਾ ਹੱਕ ਹੀ ਨਹੀਂ ਖੋਂਹਦੀ, ਸਗੋਂ ਉੱਥੇ ਰਹਿੰਦੇ ਮੁਸਲਮਾਨ ਭਾਈਚਾਰੇ ਨੂੰ ਜਾਂ ਤਾ ਖਤਮ ਕਰ ਦੇਣਾ ਚਾਹੁੰਦੀ ਹੈ, ਜਾਂ ਫਿਰ ਕਸ਼ਮੀਰ ਚੋਂ ਕੱਢ ਦੇਣਾ ਚਾਹੁੰਦੀ ਹੈ। ਇਹ ਹੀ ਹਾਲ ਇੱਕ ਨਾ ਇੱਕ ਦਿਨ ਪੰਜਾਬ ਦਾ ਵੀ ਹੋਣ ਵਾਲਾ ਹੈ, ਜਿਸ ਦੇ ਆਪਣੇ ਹੀ, ਨਿੱਜੀ ਲੋਭ ਲਾਲਸਾ ਕਾਰਨ ਕਿਸੇ ਨਾ ਕਿਸੇ ਰੂਪ ਵਿਚ ਇਹਦੀ ਬਰਬਾਦੀ ਦੀਆਂ ਸਾਜਿਸ਼ਾਂ ਦੇ ਭਾਗੀਦਾਰ ਬਣੇ ਹੋਏ ਹਨ। ਪੰਜਾਬ ਦੀ ਕਿਸਾਨੀ ਨੂੰ ਕੇਂਦਰ ਦੀਆਂ ਪੰਜਾਬ ਮਾਰੂ ਨੀਤੀਆਂ ਨੇ ਖਾ ਲਿਆ, ਮਜਦੂਰ ਨੂੰ ਲੋੜੋਂ ਵੱਧ ਆਈ ਮਸ਼ੀਨਰੀ ਨੇ ਖਾ ਲਿਆ, ਜੁਆਨੀ ਨੂੰ ਬੇਰੁਜ਼ਗਾਰੀ ਨੇ ਖਾ ਲਿਆ। ਬੇਰੋਜਗਾਰੀ ਦੇ ਝੰਬੇ ਪੰਜਾਬ ਦੇ ਨੌਜੁਆਨ ਦੀ ਲੜਖੜਾਹਟ ਦਾ ਫਾਇਦਾ ਨਸ਼ਿਆਂ ਦੇ ਤਸਕਰਾਂ ਨੇ ਉਠਾਇਆ, ਨਤੀਜੇ ਵਜੋਂ ਪੰਜਾਬ ਦੀ ਜੁਆਨੀ ਦਾ ਵੱਡਾ ਹਿੱਸਾ ਨਸ਼ਿਆਂ ਦੀ ਲਪੇਟ ਵਿੱਚ ਆ ਗਿਆ। ਬਾਕੀ ਬਚਦੇ ਸਮਝਦਾਰਾਂ ਦੇ ਮਾਪਿਆਂ ਨੂੰ ਪੰਜਾਬ ਤੋ ਭੈਅ ਆਉਣ ਲੱਗਾ ਤੇ ਉਹਨਾਂ ਦੇ ਧੀਆਂ ਪੁੱਤਰਾਂ ਨੇ ਅਪਣਾ ਰੁਖ ਵਿਦੇਸ਼ਾਂ ਵੱਲ ਕਰ ਲਿਆ, ਜਿਸ ਦੇ ਫਲਸਰੂਪ ਅੱਜ ਪੰਜਾਬ ਦੇ ਬਹੁ ਗਿਣਤੀ ਘਰਾਂ ਉਤੇ ਵਿਦੇਸ਼ੀ ਜਿੰਦਰੇ ਲਟਕ ਰਹੇ ਹਨ। ਸਚਾਈ ਇਹ ਵੀ ਹੈ ਕਿ ਬਾਹਰਲੇ ਮੁਲਕਾਂ ਵਿਚ ਜਾ ਕੇ ਵਸਣ ਦਾ ਸੁਪਨਾ ਬਹੁ ਗਿਣਤੀ ਪੰਜਾਬੀਆਂ ਦਾ ਨਹੀਂ ਸੀ, ਬਲਕਿ ਇੱਥੇ ਬੜੀ ਚਲਾਕੀ ਨਾਲ ਪਹਿਲਾਂ ਭੈਅ-ਭੀਤ ਕਰਨ ਵਾਲਾ ਮਹੌਲ ਸਿਰਜਿਆ ਗਿਆ, ਹਰ ਢੰਗ ਨਾਲ ਲੁੱਟਿਆ, ਪੁੱਟਿਆ ਅਤੇ ਕੁੱਟਿਆ ਗਿਆ। ਪੰਜਾਬ ਦਾ ਪਾਣੀ ਜ਼ਹਿਰੀਲਾ ਤੇ ਹਵਾ ਦੂਸ਼ਿਤ ਹੋਣ ਕਰਕੇ ਭਿਆਨਕ ਬਿਮਾਰੀਆਂ ਨਾਲ ਸਰੀਰਕ, ਮਾਨਸਿਕ ਅਤੇ ਆਰਥਿਕ ਸੰਤੁਲਿਨ ਵਿਗੜ ਰਿਹਾ ਹੈ, ਜਿਸ ਤੋ ਭੈਅ-ਭੀਤ ਹੋਏ ਮਾਪਿਆਂ ਨੇ ਅਪਣੇ ਜਿਗਰ ਦੇ ਟੋਟਿਆਂ ਨੂੰ ਸੱਤ ਸਮੁੰਦਰੋਂ ਪਾਰ ਧੱਕਣ ਦਾ ਮਨ ਬਣਾ ਲਿਆ, ਤਾਂਕਿ ਆਪਣਾ ਬੁਢਾਪਾ ਵੀ ਕਿਸੇ ਚੰਗੇ ਮੁਲਕ ਵਿਚ ਆਪਣੇ ਪਰਿਵਾਰਾਂ ਨਾਲ ਗੁਜ਼ਰ ਸਕੇ। ਹੁਣ ਹਾਲਾਤ ਅਜਿਹੇ ਬਣ ਚੁੱਕੇ ਹਨ ਕਿ ਹਰ ਕੋਈ ਅਪਣੇ ਬੱਚਿਆਂ ਨੂੰ ਕਿਸੇ ਵੀ ਹੀਲੇ ਪੰਜਾਬ 'ਚੋਂ ਕੱਢ ਦੇਣਾ ਚਾਹੁੰਦਾ ਹੈ, ਉਹਦੇ ਲਈ ਭਾਵੇਂ ਜ਼ਮੀਨਾਂ-ਜਾਇਦਾਦਾਂ ਵੀ ਕਿਉਂ ਨਾ ਵੇਚਣੀਆਂ ਪੈਣ। ਓਧਰ ਪੰਜਾਬ ਦੇ ਜਾਏ ਬਾਹਰ ਜਾ ਰਹੇ ਹਨ ਤੇ ਏਧਰ ਬਾਹਰਲੇ ਸੂਬਿਆਂ ਤੋ ਆ ਕੇ ਮਜ਼ਦੂਰੀ ਅਤੇ ਕਾਰੋਬਾਰ ਕਰਨ ਦੇ ਨਾਲ ਨਾਲ ਵਸਣ ਵਾਲੇ ਪਰਵਾਸੀਆਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਚੰਡੀਗੜ, ਲੁਧਿਆਣਾ, ਅੰਮ੍ਰਿਤਸਰ ਵਰਗੇ ਮਹਾਂਨਗਰਾਂ ਵਿਚ ਅਤੇ ਉਹਨਾਂ ਦੇ ਆਲੇ ਦੁਆਲੇ ਦੇ ਪਿੰਡਾਂ ਵਿਚ ਪਰਵਾਸੀਆਂ ਦਾ ਬੋਲਬਾਲਾ ਹੈ।ਇਸ ਸਾਰੇ ਵਰਤਾਰੇ ਦੇ ਜੁੰਮੇਵਾਰ ਭਾਵੇਂ ਦਿੱਲੀ 'ਤੇ ਰਾਜ ਕਰਨ ਵਾਲੇ ਹਨ, ਪਰੰਤੂ ਸਾਡੇ ਆਪਣਿਆਂ ਦੀ ਗੱਲ ਵੀ ਉਪਰ ਕੀਤੀ ਜਾ ਚੁੱਕੀ ਹੈ, ਜਿਹੜੇ ਖੁਦ ਕੁਹਾੜੇ ਦੇ ਦਸਤੇ ਬਣਨ ਲਈ ਆਪਣੇ ਆਪ ਨੂੰ ਪੇਸ਼ ਕਰਨ ਵਿੱਚ ਇੱਕ ਦੂਜੇ ਨੂੰ ਪਛਾੜ ਰਹੇ ਹਨ। ਅੱਜ ਪੰਜਾਬ ਦੇ ਹਾਲਾਤ ਇਸ ਤਰ੍ਹਾਂ ਦੇ ਬਣ ਗਏ ਹਨ, ਕਿ ਇੱਥੇ ਹਰ ਕੋਈ ਵਿਕਣ ਨੂੰ ਤਿਆਰ ਖੜ੍ਹਾ ਹੈ। ਪਿਛਲੇ ਸਾਲ ਬੇਅਦਬੀਆਂ ਦਾ ਹਿਸਾਬ ਲੈਣ ਲਈ ਲੱਗੇ ਬਰਗਾੜੀ ਮੋਰਚੇ ਦੀ ਸਮਾਪਤੀ ਮੌਕੇ ਮੋਰਚਾ ਪਰਬੰਧਕਾਂ ਵੱਲੋਂ ਲੋਕਾਂ ਨੂੰ ਇਹ ਭਰੋਸਾ ਦੇ ਕੇ ਮੋਰਚਾ ਖਤਮ ਕਰ ਦਿੱਤਾ ਗਿਆ ਸੀ ਕਿ ਸਰਕਾਰ ਨੇ ਸਾਰੀਆਂ ਮੰਗਾਂ ਮੰਨ ਲਈਆਂ ਹਨ ਅਤੇ ਰਹਿੰਦੀਆਂ ਜਲਦੀ ਮੰਨ ਲਈਆਂ ਜਾਣਗੀਆਂ, ਜਿਨ੍ਹਾਂ ਵਿਚ ਬੰਦੀ ਸਿੱਖਾਂ ਦੀ ਰਿਹਾਈ ਅਤੇ ਪੰਜਾਬ ਤੋਂ ਬਾਹਰਲੀਆਂ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਨੂੰ ਪੰਜਾਬ ਵਿੱਚ ਤਬਦੀਲ ਕਰਨਾ ਸ਼ਾਮਿਲ ਸੀ। ਸਿੱਖ ਕੈਦੀਆਂ ਵਾਲੇ ਮੁੱਦੇ 'ਤੇ ਮੋਰਚਾ ਪਰਬੰਧਕ ਜ਼ਿਆਦਾ ਜ਼ੋਰ ਦੇ ਕੇ ਦਲੀਲਾਂ ਦਿੰਦੇ ਰਹੇ ਹਨ ਕਿ ਸਰਕਾਰ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਤੇ ਆਉਣ ਵਾਲੇ ਕੁਝ ਦਿਨਾਂ ਵਿੱਚ ਹੀ ਇਸ ਤੇ ਅਮਲ ਸ਼ੁਰੂ ਹੋ ਜਾਵੇਗਾ।ਭਾਵੇਂ ਆਮ ਸਿੱਖਾਂ ਵੱਲੋਂ ਇਸ ਪੰਥ ਵਿਰੋਧੀ ਸਮਝੌਤੇ ਕਰਕੇ ਮੋਰਚਾ ਚਲਾਉਣ ਵਾਲੇ ਜਥੇਦਾਰਾਂ ਨੂੰ ਪਾਣੀ ਪੀ ਪੀ ਕੋਸਿਆ ਗਿਆ ਸੀ ਪਰ ਇਸ ਵਿਰੋਧਤਾ ਦੇ ਬਾਵਜੂਦ ਜਥੇਦਾਰਾਂ ਸਮੇਤ ਮੋਰਚਾ ਪ੍ਰਬੰਧਕ ਆਪਣੇ ਇਸ ਫੈਸਲੇ ਨੂੰ ਸਹੀ ਠਹਿਰਾਉਂਦੇ ਆ ਰਹੇ ਹਨ, ਜਦੋਂਕਿ ਹਾਲਾਤ ਇਹ ਬਣ ਰਹੇ ਹਨ ਕਿ ਸਰਕਾਰਾਂ ਨੇ ਪੰਜਾਬੋਂ ਬਾਹਰ ਜੇਲ੍ਹਾਂ ਵਿੱਚ ਬੰਦ ਸਿੱਖਾਂ ਨੂੰ ਤਾਂ ਪੰਜਾਬ ਵਿੱਚ ਕੀ ਲੈ ਕੇ ਆਉਣਾ ਸੀ, ਸਗੋਂ ਪੰਜਾਬ ਵਿੱਚ ਬੰਦ ਸਿੱਖਾਂ ਨੂੰ ਪੰਜਾਬ ਤੋਂ ਬਾਹਰ ਭੇਜਣ ਦੀਆਂ ਤਿਆਰੀਆਂ ਹੋਣ ਲੱਗ ਗਈਆਂ ਹਨ। ਜੱਗੀ ਜੌਹਲ ਅਤੇ ਉਹਨਾਂ ਦੇ ਸਾਥੀਆਂ ਨੂੰ ਪੰਜਾਬ ਤੋਂ ਦਿੱਲੀ ਤਿਹਾੜ ਜੇਲ੍ਹ ਭੇਜਣ ਦੇ ਨਾਦਰਸ਼ਾਹੀ ਫਰਮਾਨ ਨੇ ਜਿੱਥੇ ਸਿੱਖ ਮਨਾਂ ਵਿਚ ਰੋਸ ਦੀ ਲਹਿਰ ਪੈਦਾ ਕਰ ਦਿੱਤੀ ਹੈ, ਓਥੇ ਬਰਗਾੜੀ ਮੋਰਚਾ ਚਲਾਉਣ ਅਤੇ ਪਰਬੰਧਾਂ ਨਾਲ ਜੁੜੇ ਲੋਕਾਂ ਉਤੇ ਵੀ ਮੁੜ ਤੋਂ ਉਂਗਲਾਂ ਉੱਠਣ ਲੱਗੀਆਂ ਹਨ। ਹਕੂਮਤਾਂ ਵੱਲੋਂ ਅਜਿਹੇ ਫੈਸਲੇ ਵੀ ਇਸ ਲਈ ਹੀ ਲਏ ਜਾ ਰਹੇ ਹਨ, ਕਿਉਂਕਿ ਸਿੱਖ ਕੌਮ ਆਪਣੀ ਪਾਟੋਧਾੜ ਕਰਕੇ ਇਨਸਾਫ ਲੈਣ ਦੇ ਸਮਰੱਥ ਨਹੀ ਰਹੀ। ਪੰਥਕ ਆਗੂ ਬਾਦਲਕਿਆਂ ਨੂੰ ਮਾਤ ਦੇਣ ਦੀਆਂ ਗੱਲਾਂ ਕਰਦੇ-ਕਰਦੇ ਆਪਸ ਵਿੱਚ ਹੀ ਡਾਂਗੋ ਸੋਟੀ ਹੋ ਕੇ ਕੌਮ ਦਾ ਜਲੂਸ ਕੱਢਣ ਲੱਗੇ ਹੋਏ ਹਨ। ਅਜਿਹੇ ਸਮੇਂ ਵਿਚ ਪਰਮਾਤਮਾ ਉਤੇ ਟੇਕ ਰੱਖਣ ਤੋਂ ਬਗੈਰ ਹੋਰ ਕੋਈ ਚਾਰਾ ਨਹੀਂ ਰਹਿ ਜਾਂਦਾ। ਸੋ ਆਓ ਸਾਰੇ ਰਲ ਕੇ ਅਰਦਾਸ ਕਰਨ ਦੇ ਨਾਲ ਨਾਲ ਕੋਈ ਅਜਿਹਾ ਉਦਮ ਵੀ ਕਰੀਏ, ਜਿਸ ਨਾਲ ਪੰਜਾਬ ਦੀ ਬਰਬਾਦੀ ਨੂੰ ਰੋਕਿਆ ਜਾ ਸਕੇ। ਨਹੀਂ ਤਾਂ ਉਹ ਦਿਨ ਦੂਰ ਨਹੀਂ, ਬਲਕਿ ਬਹੁਤ ਨੇੜੇ ਆ ਰਹੇ ਹਨ, ਜਿਨ੍ਹਾਂ ਦੀ ਕਲਪਨਾ ਕਰਕੇ ਰੂਹ ਤਕ ਕੰਬ ਜਾਂਦੀ ਹੈ।

# ਯਹੂਦੀਆਂ ਤੋਂ ਸਿੱਖ ਕੌਮ ਸਬਕ ਸਿੱਖੇ

## ਬੁੱਧ ਧਰਮ ਵਾਂਗ ਭਾਰਤ ਵਿੱਚੋਂ ਖਤਮ ਹੋਣ ਦਾ ਮੰਡਰਾ ਰਿਹਾ ਹੈ ਖਤਰਾ

**ਪ੍ਰੋ. ਹਰਦੇਵ ਸਿੰਘ ਵਿਰਕ**

ਸਿੱਖਾਂ ਵਾਂਗ ਯਹੂਦੀਆਂ ਦਾ ਵੀ ਕੋਈ ਹੋਮਲੈਂਡ ਨਹੀਂ ਸੀ। ਅੱਜ ਤੋਂ ਚਾਰ ਹਜ਼ਾਰ ਸਾਲ ਪਹਿਲਾਂ ਉਹ ਇਜ਼ਰਾਈਲ ਦੀ ਧਰਤੀ 'ਤੇ ਕਬੀਲਿਆਂ ਦੇ ਰੂਪ ਵਿੱਚ ਰਹਿੰਦੇ ਸਨ। ਜਦੋਂ ਦੇਸ਼ ਵਿੱਚ ਕਾਲ ਪੈ ਗਿਆ, ਤਾਂ ਉਹ ਮਿਸਰ ਜਾ ਵੱਸੇ। ਜਦੋਂ ਉਨ੍ਹਾਂ ਨੂੰ ਉੱਥੋਂ ਦੇਸ਼ ਨਿਕਾਲਾ ਮਿਲਿਆ ਤਾਂ ਉਨ੍ਹਾਂ ਹਜ਼ਰਤ ਮੂਸਾ ਦੀ ਅਗਵਾਈ ਵਿੱਚ ਚਾਲੀ ਸਾਲ ਖੱਜਲ ਹੁੰਦੇ-ਹੁੰਦੇ ਫਿਰ ਇਜ਼ਰਾਈਲ ਵਿੱਚ ਰਾਜ ਭਾਗ ਕਾਇਮ ਕਰ ਲਿਆ। ਸੁਲੇਮਾਨ ਬਾਦਸ਼ਾਹ ਨੇ ਯੂਰੋਸ਼ਲਮ ਸ਼ਹਿਰ ਨੂੰ ਆਪਣੀ ਰਾਜਧਾਨੀ ਬਣਾ ਕੇ ਯਹੂਦੀਆਂ ਦਾ ਪਹਿਲਾ ਧਾਰਮਿਕ ਸਥਾਨ ਕਾਇਮ ਕੀਤਾ। ਇਹ ਸਮਾਂ ਯਹੂਦੀ ਧਰਮ ਲਈ ਸੁਨਹਿਰੀ ਯੁੱਗ ਮੰਨਿਆ ਜਾਂਦਾ ਹੈ। ਯਹੂਦੀਆਂ ਤੋਂ ਵੀ ਸਿੱਖਾਂ ਵਾਂਗ ਰਾਜਭਾਗ ਸਾਂਭਿਆ ਨਾ ਗਿਆ। ਪਹਿਲਾਂ ਦੇਸ਼ ਦੇ ਦੋ ਟੁਕੜੇ ਹੋਏ ਅਤੇ ਆਪਸੀ ਫੁੱਟ ਦਾ ਫ਼ਾਇਦਾ ਚੁੱਕ ਕੇ ਧਾੜਵੀਆਂ ਨੇ ਹਮਲਾ ਕੀਤਾ। ਇਜ਼ਰਾਈਲ 2700 ਸਾਲ ਦੀ ਗ਼ੁਲਾਮੀ ਭੋਗਦਾ ਰਿਹਾ, ਜਿਸ ਵਿੱਚ ਅਸੀਰੀਅਨ, ਈਰਾਨੀ, ਯੂਨਾਨੀ, ਰੋਮਨ, ਅਰਬ ਅਤੇ ਤੁਰਕ ਹੁਕਮਰਾਨ ਕਾਬਜ਼ ਹੁੰਦੇ ਰਹੇ। ਯਹੂਦੀਆਂ ਨੂੰ ਅਜਿਹੀ ਮਾਰ ਪਈ ਕਿ 19ਵੀਂ ਸਦੀ ਦੇ ਅਖ਼ੀਰ ਤਕ ਉਨ੍ਹਾਂ ਦੀ ਗਿਣਤੀ ਸਿਰਫ਼ ਪੰਜ ਲੱਖ ਹੀ ਰਹਿ ਗਈ। ਉਹ ਈਸਾਈਆਂ ਅਤੇ ਮੁਸਲਮਾਨਾਂ ਤੋਂ ਮਾਰ ਖਾਂਦੇ ਰਹੇ। ਇਹੋ ਹਾਲ ਪੰਜਾਬ ਵਿੱਚ ਸਿੱਖਾਂ ਦਾ ਹੋਇਆ ਸੀ ਜਦੋਂ ਹਕੂਮਤ ਉਨ੍ਹਾਂ ਦੇ ਸਿਰਾਂ ਦਾ ਮੁੱਲ ਪਾ ਕੇ ਕਤਲੇਆਮ ਕਰਵਾ ਰਹੀ ਸੀ। ਸੰਨ 1918 ਈਸਵੀ ਵਿਚ ਅੰਗ੍ਰੇਜ਼ਾਂ ਨੇ ਤੁਰਕੀ ਨੂੰ ਹਰਾ ਕੇ ਫ਼ਿਲਸਤੀਨ ਉੱਪਰ ਕਬਜ਼ਾ ਕਰ ਲਿਆ ਅਤੇ ਸੰਨ 1948 ਵਿੱਚ ਯਹੂਦੀਆਂ ਨੂੰ ਆਪਣਾ ਹੋਮਲੈਂਡ ਵਾਪਸ ਮਿਲ ਗਿਆ। ਇਸ ਹੋਮਲੈਂਡ ਲਈ ਯਹੂਦੀਆਂ ਨੇ ਬੇਮਿਸਾਲ ਕੁਰਬਾਨੀਆਂ ਕੀਤੀਆਂ। ਦੂਸਰੇ ਵਿਸ਼ਵ ਯੁੱਧ ਦੌਰਾਨ ਹਿਟਲਰ ਨੇ ਵੀਹ ਲੱਖ ਯਹੂਦੀ, ਕੈਂਪਾਂ ਵਿਚ ਕੈਦ ਕਰਕੇ ਕਤਲ ਕੀਤੇ। ਉਸ ਨੇ ਇਸ ਕੌਮ ਦਾ ਬੀਜ ਨਾਸ਼ ਕਰਨ ਦੀ ਤਜਵੀਜ਼ ਬਣਾ ਰੱਖੀ ਸੀ। ਉਸ ਸਮੇਂ ਜੋ ਹਿਟਲਰ ਦੀ ਮਾਰ ਤੋਂ ਬਚ ਨਿਕਲੇ, ਉਹ ਸ਼ਰਨਾਰਥੀ ਬਣ ਕੇ ਇਜ਼ਰਾਈਲ ਪਹੁੰਚ ਗਏ। ਬਹੁਤੇ ਯਹੂਦੀ ਪੋਲੈਂਡ ਤੇ ਰੂਸ ਵਿੱਚੋਂ ਇਜ਼ਰਾਈਲ ਆਏ। ਸੰਨ 1948 ਵਿੱਚ ਯਹੂਦੀਆਂ ਦੀ ਆਬਾਦੀ 6 ਲੱਖ ਸੀ ਅਤੇ ਹੁਣ ਇਹ 60 ਲੱਖ ਹੋ ਗਈ ਹੈ। ਇਸ ਦੇ ਦੋ ਕਾਰਨ ਹਨ। ਇੱਕ ਤਾਂ ਦੁਨੀਆ ਦੇ ਕਿਸੇ ਵੀ ਹਿੱਸੇ ਤੋਂ ਕੋਈ ਵੀ ਯਹੂਦੀ ਪਰਿਵਾਰ ਇਜ਼ਰਾਈਲ ਜਾ ਕੇ ਵਸ ਸਕਦਾ ਹੈ ਅਤੇ ਹੁਣ ਵੀ ਰੂਸ ਦੇ ਯਹੂਦੀ ਵਿਗਿਆਨੀ ਇਜ਼ਰਾਈਲ ਆ ਰਹੇ ਹਨ, ਦੂਜਾ ਉਹ ਪਰਿਵਾਰ ਨਿਯੋਜਨ ਨਹੀਂ ਅਪਣਾਉਂਦੇ। ਦੂਜਾ ਕਾਰਨ ਵਧੇਰੇ ਕਾਰਗਰ ਸਾਬਤ ਹੋਇਆ ਹੈ। ਯਹੂਦੀ ਪਰਿਵਾਰ ਨਿਯੋਜਨ ਨਹੀਂ ਕਰਦੇ ਅਤੇ ਵੱਧ ਬੱਚੇ ਪੈਦਾ ਕਰਨੇ ਕੌਮ ਦੀ ਬਿਹਤਰੀ ਲਈ ਜ਼ਰੂਰੀ ਸਮਝਦੇ ਹਨ।




**ਇਜ਼ਰਾਈਲ ਦੇਸ਼ ਯਹੂਦੀ ਹੋਮਲੈਂਡ ਬਣ ਕੇ ਉਭਰਿਆ-** ਯਹੂਦੀਆਂ ਨੂੰ ਆਪਣਾ ਹੋਮਲੈਂਡ ਕਿਵੇਂ ਮਿਲ ਗਿਆ ਜਦਕਿ ਸਿੱਖ ਕੌਮ ਇਸ ਤੋਂ ਕਿਵੇਂ ਵਾਂਝੀ ਰਹਿ ਗਈ ? ਯੂਰਪ ਅਤੇ ਅਮਰੀਕਾ ਵਿੱਚ ਸਭ ਤੋਂ ਚੰਗੇ ਵਿਗਿਆਨੀ ਯਹੂਦੀਆਂ ਵਿੱਚੋਂ ਪੈਦਾ ਹੋਏ ਹਨ। ਹਿਟਲਰ ਦੀ ਮਾਰੂ ਨੀਤੀ ਦਾ ਵਿਰੋਧ ਕਰ ਕੇ ਸਾਰੇ ਯਹੂਦੀ ਵਿਗਿਆਨੀ ਅਮਰੀਕਾ ਜਾ ਵਸੇ ਤੇ ਹਿਟਲਰ ਐਟਮ ਬੰਬ ਤਿਆਰ ਕਰਨ ਵਿਚ ਨਾਕਾਮਯਾਬ ਰਿਹਾ, ਜਦਕਿ ਅਮਰੀਕਾ ਕਾਮਯਾਬ ਹੋ ਗਿਆ। ਲੀਗ ਆਫ ਨੇਸ਼ਨਜ਼ ਤੇ ਯੂ. ਐਨ. ਓ. 'ਚ ਅਮਰੀਕਾ ਦਾ ਬੋਲਬਾਲਾ ਰਿਹਾ ਹੈ। ਯਹੂਦੀ ਅਮਰੀਕਾ ਦੀ ਬੈਂਕਿੰਗ ਇੰਡਸਟਰੀ, ਉੱਥੋਂ ਦੇ ਅਖ਼ਬਾਰਾਂ 'ਤੇ ਕਾਬਜ਼ ਹੋ ਗਏ ਤੇ ਇਸ ਤਰ੍ਹਾਂ ਉੱਥੋਂ ਦੀ ਸਿਆਸਤ ਉੱਪਰ ਵੀ ਹਾਵੀ ਹੋ ਗਏ। ਭਾਵੇਂ ਇਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ, ਪਰੰਤੂ ਵਿਗਿਆਨ, ਟੈਕਨਾਲੋਜੀ ਤੇ ਵਪਾਰਕ ਖੇਤਰ ਵਿਚ ਮੋਹਰੀ ਹਨ। ਅੰਗ੍ਰੇਜ਼ ਸਰਕਾਰ ਨੇ ਫ਼ਿਲਸਤੀਨ ਦੀ ਵੰਡ ਤੋਂ ਪਹਿਲਾਂ ਯਹੂਦੀਆਂ ਅੱਗੇ ਸੁਝਾਅ ਰੱਖਿਆ ਕਿ ਉਹ ਅਫ਼ਰੀਕਾ ਦੇ ਯੂਗਾਂਡਾ ਦੇਸ਼ ਨੂੰ ਹੋਮਲੈਂਡ ਬਣਾ ਲੈਣ, ਪਰ ਯਹੂਦੀ ਅੜ ਗਏ ਅਤੇ ਆਪਣੇ ਜੱਦੀ ਪੁਸ਼ਤੀ ਦੇਸ ਇਜ਼ਰਾਈਲ ਦੀ ਮੰਗ ਕਰਨ ਲੱਗੇ। ਅਮਰੀਕਾ ਤੇ ਯੂ. ਐਨ. ਓ. ਦੀ ਮਦਦ ਨਾਲ ਉਹ ਅੰਗ੍ਰੇਜ਼ ਸਰਕਾਰ ਉੱਪਰ ਹਾਵੀ ਹੋ ਗਏ ਅਤੇ ਇਜ਼ਰਾਈਲ ਦੇਸ਼ ਦੁਨੀਆ ਦੇ ਨਕਸ਼ੇ 'ਤੇ ਯਹੂਦੀ ਹੋਮਲੈਂਡ ਬਣ ਕੇ ਉਭਰਿਆ। ਈਸਾਈ ਧਰਮ ਵਾਲੇ ਵੀ ਅਰਬਾਂ ਵਾਂਗ ਯਹੂਦੀਆਂ ਦੇ ਜਾਨੀ ਦੁਸ਼ਮਣ ਹੀ ਰਹੇ ਹਨ, ਪਰ ਯਹੂਦੀ ਲਾਬੀ ਦੇ ਜ਼ੋਰਦਾਰ ਪ੍ਰਭਾਵ ਕਾਰਨ ਇਸਾਈ ਦੇਸਾਂ ਨੇ ਇਜ਼ਰਾਈਲ ਘੜਨ ਵਿੱਚ ਯੋਗਦਾਨ ਪਾਇਆ।

### ਸਿੱਖ ਕੀ ਕਰਨ ?

ਯਹੂਦੀਆਂ ਨੇ ਆਪਣੇ ਧਰਮ ਅਤੇ ਦੇਸ਼ ਪ੍ਰਤੀ ਜੋ ਵਤੀਰਾ ਅਪਣਾ ਰੱਖਿਆ ਹੈ, ਉਹ ਬੇਮਿਸਾਲ ਹੈ। ਹਰ ਮਰਦ ਅਤੇ ਔਰਤ ਇਜ਼ਰਾਈਲ ਦੀ ਆਜ਼ਾਦੀ ਲਈ ਜਾਨ ਨਿਛਾਵਰ ਕਰਨ ਲਈ ਤਿਆਰ ਰਹਿੰਦਾ ਹੈ। ਘਰਾਂ 'ਚ ਧਰਮ ਦੀ ਪਕੜ ਕਾਇਮ ਹੈ ਅਤੇ ਪੁਰਾਤਨ ਖ਼ਾਲਸੇ ਵਾਂਗ ਕੁਰਬਾਨ ਹੋਣ ਦੀ ਪਰੰਪਰਾ ਧਰਮ ਤੋਂ ਹੀ ਮਿਲਦੀ ਹੈ। ਸਿੱਖਾਂ ਦੀ ਸਮੱਸਿਆ ਇਹ ਹੈ ਕਿ ਇਨ੍ਹਾਂ ਦੀ ਸਿਆਸੀ ਪਾਰਟੀ ਅਕਾਲੀ ਦਲ ਹੁਣ ਸਿੱਖਾਂ ਦੀ ਅਗਵਾਈ ਨਹੀਂ ਕਰ ਰਹੀ, ਸਗੋਂ ਕੱਟੜ ਹਿੰਦੂ ਪਾਰਟੀ ਦੀ ਭਾਈਵਾਲ ਬਣ ਕੇ ਸਿੱਖੀ ਦਾ ਨਿਘਾਰ ਕਰ ਰਹੀ ਹੈ। ਸਾਡੀ ਧਾਰਮਿਕ ਸੰਸਥਾ ਸ਼੍ਰੋਮਣੀ ਕਮੇਟੀ 'ਤੇ ਅਕਾਲੀ ਦਲ ਦਾ ਕਬਜ਼ਾ ਹੋਣ ਕਰ ਕੇ ਇਸ ਤੋਂ ਕੋਈ ਚੰਗੀ ਆਸ ਰੱਖਣੀ ਪਾਣੀ ਵਿੱਚ ਮਧਾਣੀ ਮਾਰਨ ਵਾਲੀ ਗੱਲ ਹੈ। ਜੋ ਸੱਭਿਆਚਾਰ ਇਸ ਦੀ ਸਿੱਖਿਆ 'ਤੇ ਆਧਾਰਿਤ ਹੋਵੇਗਾ, ਉਹ ਵਿਸ਼ਵ ਪੱਧਰੀ ਹੋਣ ਦਾ ਦਾਅਵਾ ਕਰ ਸਕਦਾ ਹੈ। ਸਿਧਾਂਤਕ ਤੌਰ 'ਤੇ ਇਹ ਗੱਲ ਠੀਕ ਹੈ, ਪਰੰਤੂ ਨਿਰੇ ਸਿਧਾਂਤ ਦੇ ਆਸਰੇ ਜਿਊਣਾ ਨਿਰਾਰਥਕ ਸਿੱਧ ਹੁੰਦਾ ਹੈ। ਬੁੱਧ ਧਰਮ ਚੰਗੇ ਸਿਧਾਂਤਾਂ ਦੇ ਬਾਵਜੂਦ ਭਾਰਤ ਵਿੱਚੋਂ ਕੂਚ ਕਰ ਗਿਆ। ਹੁਣ ਇਹ ਖ਼ਤਰਾ ਭਾਰਤ 'ਚ ਸਿੱਖ ਧਰਮ ਉੱਪਰ ਮੰਡਰਾ ਰਿਹਾ ਹੈ। ਪ੍ਰੋ. ਪੂਰਨ ਸਿੰਘ ਦਾ ਕਹਿਣਾ ਹੈ ਕਿ ਜੇਕਰ ਸਿੱਖ ਆਪਣੇ ਸੱਭਿਆਚਾਰ ਦੀ ਖ਼ੈਰ ਚਾਹੁੰਦੇ ਹਨ, ਤਾਂ ਸਿੱਖ ਹੋਮਲੈਂਡ ਦੀ ਲੋੜ ਵੀ ਪੈ ਸਕਦੀ ਹੈ। ਪ੍ਰੋ. ਪੂਰਨ ਸਿੰਘ ਤਾਂ ਖ਼ਾਲਸਾ ਕਾਮਨਵੈਲਥ ਦੀ ਰੂਪ-ਰੇਖਾ ਵੀ ਪੇਸ਼ ਕਰਦੇ ਹਨ, ਜੋ 'ਸਪਿਰਟ ਆਫ਼ ਦੀ ਸਿੱਖ' 'ਚ ਅੰਕਿਤ ਹੈ।

# ਭਾਰਤੀ ਸੁਪਰੀਮ ਕੋਰਟ ਦਾ ਸਿੱਖ ਨੌਜਵਾਨਾਂ ਨੂੰ ਤਿਹਾੜ ਜੇਲ੍ਹ ਭੇਜਣ ਦਾ ਫੈਸਲਾ ਸ਼ੱਕ ਦੇ ਘੇਰੇ 'ਚ



- ਭਾਰਤੀ ਸੁਪਰੀਮ ਕੋਰਟ ਦੇ ਉਕਤ ਫੈਸਲੇ ਦੀ ਨਕਲ ਸਾਹਮਣੇ ਆਉਣ 'ਤੇ ਨਸਲਵਾਦੀ ਫੈਸਲੇ ਦਾ ਭੇਦ ਖੁੱਲਿਆ
- ਗਵਾਹਾਂ ਨੂੰ ਪ੍ਰੇਸ਼ਾਨ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਕਰ ਰਹੀ ਹੈ ਪਰ ਅਦਾਲਤ ਦੋਸ਼ ਮੜ੍ਹ ਰਹੀ ਏ ਗ੍ਰਿਫਤਾਰ ਸਿੱਖ ਨੌਜਵਾਨਾਂ 'ਤੇ
- ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਗਵਾਹਾਂ ਨੂੰ ਡਰਾ ਕੇ ਸਿੱਖ ਨੌਜਵਾਨਾਂ ਨੂੰ ਦਿਵਾਉਣਾ ਚਾਹੁੰਦੀ ਏ ਸਜ਼ਾ
- ਨੈਸ਼ਨਲ ਇਨਵੈਸਟੀਗੇਸ਼ਨ ਤੋਂ ਡਰਦਾ ਗਵਾਹ ਰਾਮਪਾਲ ਕਰ ਚੁੱਕਾ ਹੈ ਖੁਦਕੁਸ਼ੀ
- ਅਦਾਲਤੀ ਪ੍ਰਕਿਰਿਆ ਨੂੰ ਪ੍ਰਭਾਵਿਤ ਕਰ ਰਹੀ ਹੈ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ

**ਚੰਡੀਗੜ੍ਹ/ਏਟੀ ਨਿਊਜ਼ :**
ਭਾਰਤ ਦੀ ਸੁਪਰੀਮ ਕੋਰਟ ਵੱਲੋਂ ਬਰਤਾਨਵੀ ਸਿੱਖ ਨਾਗਰਿਕ ਜਗਤਾਰ ਸਿੰਘ ਉਰਫ ਜੱਗੀ ਜੌਹਲ ਸਮੇਤ ਹੋਰਨਾਂ ਸਿੱਖ ਨੌਜਵਾਨਾਂ, ਜਿਨ੍ਹਾਂ ਨੂੰ ਭਾਰਤ ਦੀ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਵੱਲੋਂ ਵੱਖ-ਵੱਖ ਮਾਮਲਿਆਂ ਵਿਚ ਗ੍ਰਿਫਤਾਰ ਕੀਤਾ ਗਿਆ ਹੈ, ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚੋਂ ਬਦਲ ਕੇ ਤਿਹਾੜ ਜੇਲ੍ਹ ਵਿਚ ਭੇਜਣ ਅਤੇ ਇਨ੍ਹਾਂ ਮਾਮਲਿਆਂ ਦੀ ਸੁਣਵਾਈ ਮੁਹਾਲੀ ਦੀ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਅਦਾਲਤ ਤੋਂ ਬਦਲ ਕੇ ਦਿੱਲੀ ਦੀ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਅਦਾਲਤ ਤੋਂ ਕਰਵਾਉਣ ਦੇ ਫੈਸਲੇ ਦੀ ਅਸਲੀਅਤ ਉਸ ਵੇਲੇ ਜੱਗ ਜ਼ਾਹਰ ਹੋ ਗਈ ਜਦੋਂ ਭਾਰਤੀ ਸੁਪਰੀਮ ਕੋਰਟ ਦੇ ਉਕਤ ਫੈਸਲੇ ਦੀ ਨਕਲ ਸਾਹਮਣੇ ਆਈ।

ਭਾਰਤੀ ਸੁਪਰੀਮ ਕੋਰਟ ਨੇ ਇਸ ਫੈਸਲੇ ਰਾਹੀਂ ਐਨਆਈਏ ਵੱਲੋਂ ਗ੍ਰਿਫਤਾਰ ਕੀਤੇ ਵਿਅਕਤੀਆਂ ਨੂੰ ਪੰਜਾਬ ਦੀ ਜੇਲ੍ਹ ਵਿਚੋਂ ਬਦਲ ਕੇ ਤਿਹਾੜ ਜੇਲ੍ਹ ਵਿਚ ਭੇਜਣ ਅਤੇ ਇਨ੍ਹਾਂ ਮਾਮਲਿਆਂ ਦੀ ਸੁਣਵਾਈ ਮੁਹਾਲੀ ਦੀ ਐਨਆਈਏ ਅਦਾਲਤ ਤੋਂ ਬਦਲ ਕੇ ਦਿੱਲੀ ਦੀ ਐਨਆਈਏ ਅਦਾਲਤ ਕੋਲੋਂ ਕਰਵਾਉਣ ਪਿੱਛੇ ਇਹ ਕਾਰਨ ਦੱਸਿਆ ਹੈ ਕਿ 'ਇਨ੍ਹਾਂ ਮਾਮਲਿਆਂ ਦੇ ਕਈ ਗਵਾਹ ਗੋਲੀਆਂ ਮਾਰ ਕੇ ਮਾਰੇ ਜਾ ਚੁੱਕੇ ਹਨ'।

ਸੁਪਰੀਮ ਕੋਰਟ ਵੱਲੋਂ ਆਪਣੇ ਫੈਸਲੇ ਲਈ ਦਿੱਤਾ ਗਿਆ ਆਧਾਰ ਬਿਲਕੁਲ ਹੀ ਬੇਬੁਨਿਆਦ ਹੈ ਕਿਉਂਕਿ ਕਈ ਗਵਾਹ ਤਾਂ ਇਕ ਪਾਸੇ ਰਹੇ ਕਿਸੇ ਇਕ ਵੀ ਗਵਾਹ ਨੂੰ ਮਾਰਨ ਦੀ ਘਟਨਾ ਵੀ ਨਹੀਂ ਵਾਪਰੀ। ਗਵਾਹਾਂ ਨੂੰ ਪ੍ਰੇਸ਼ਾਨ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਕਰ ਰਹੀ ਹੈ ਪਰ ਅਦਾਲਤ ਇਸ ਦਾ ਦੋਸ਼ ਗ੍ਰਿਫਤਾਰ ਸਿੱਖ ਨੌਜਵਾਨਾਂ ਸਿਰ ਮੜ੍ਹ ਰਹੀ ਹੈ।

ਸਿਤਮ ਦੀ ਗੱਲ ਇਹ ਹੈ ਕਿ ਭਾਰਤੀ ਸੁਪਰੀਮ ਕੋਰਟ ਨੇ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਦੀ ਅਰਜ਼ੀ ਗਵਾਹਾਂ ਦੇ ਮਾਰੇ ਜਾਣ ਦੇ ਆਧਾਰ ਤੇ ਮਨਜ਼ੂਰ ਕੀਤੀ ਹੈ ਪਰ ਅਸਲ ਵਿਚ ਗਵਾਹਾਂ ਨੂੰ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਵੱਲੋਂ ਹੀ ਇਸ ਹੱਦ ਤੱਕ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਕਿ ਇਕ ਗਵਾਹ ਰਾਮਪਾਲ ਨੇ ਦਬਾਅ ਨਾ ਝੱਲਦਿਆਂ ਖੁਦਕੁਸ਼ੀ ਕਰ ਲਈ।

ਸ਼ਿਵ ਸੈਨਾ ਆਗੂ ਦੁਰਗਾ ਗੁਪਤਾ ਉੱਤੇ 23 ਅਪ੍ਰੈਲ 20 16 ਨੂੰ ਅਣਪਛਾਤੇ ਬੰਦਿਆਂ ਵੱਲੋਂ ਕੀਤੇ ਹਮਲੇ, ਜਿਸ ਵਿਚ ਕਿ ਉਸਦੀ ਮੌਤ ਹੋ ਗਈ ਸੀ, ਦੇ ਮਾਮਲੇ ਨਾਲ ਸੰਬੰਧਤ ਗਵਾਹ ਰਾਮਪਾਲ ਨੂੰ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਵੱਲੋਂ ਗ੍ਰਿਫਤਾਰ ਕੀਤੇ ਸਿੱਖ ਨੌਜਵਾਨਾਂ ਖਿਲਾਫ 'ਚਸ਼ਮਦੀਦ ਗਵਾਹ' ਬਣਨ ਲਈ ਦਬਾਅ ਬਣਾਇਆ ਜਾ ਰਿਹਾ ਸੀ। ਅਸਲ ਵਿਚ ਰਾਮਪਾਲ ਉਹ ਪਹਿਲਾ ਬੰਦਾ ਸੀ ਜੋ ਕਿ ਦੁਰਗਾ ਗੁਪਤਾ ਨੂੰ ਗੋਲੀਆਂ ਲੱਗਣ ਤੋਂ ਬਾਅਦ ਮੌਕੇ ਤੇ ਪਹੁੰਚਿਆ ਸੀ ਤੇ ਉਸ ਨੇ ਦੁਰਗਾ ਨੂੰ ਹਸਪਤਾਲ ਪਹੁੰਚਾਇਆ ਸੀ। ਰਾਮਪਾਲ ਦੇ ਪਰਿਵਾਰ ਮੁਤਾਬਿਕ ਉਹਨੇ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੂੰ ਦੱਸ ਦਿੱਤਾ ਸੀ ਕਿ ਜਦੋਂ ਉਹ ਘਟਨਾ ਵਾਲੀ ਥਾਂ ਤੇ ਪੁੱਜਾ ਸੀ ਤਾਂ ਉਥੇ ਜ਼ਖਮੀ ਦੁਰਗਾ ਗੁਪਤਾ ਹੀ ਸੀ ਜਿਸ ਨੂੰ ਉਹਨੇ ਹਸਪਤਾਲ ਪਹੁੰਚਾ ਦਿੱਤਾ ਸੀ। ਪਰ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਉਸ ਉੱਤੇ ਦਬਾਅ ਪਾ ਰਹੀ ਸੀ ਕਿ ਉਹ ਇਹ ਗਵਾਹੀ ਦੇਵੇ ਕਿ ਉਸ ਨੇ ਹਮਲਾਵਰਾਂ ਨੂੰ ਦੁਰਗਾ ਗੁਪਤਾ ਨੂੰ ਗੋਲੀਆਂ ਮਾਰਦਿਆਂ ਵੇਖਿਆ ਸੀ ਤੇ ਉਹ ਉਨ੍ਹਾਂ ਵਿਅਕਤੀਆਂ ਦੀ ਹਮਲਾਵਰਾਂ ਵਜੋਂ ਸ਼ਨਾਖਤ ਕਰੇ ਜਿਨ੍ਹਾਂ ਉੱਤੇ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੇ ਇਸ ਹਮਲੇ ਦਾ ਦੋਸ਼ ਲਾਇਆ ਹੈ।

ਪਰਿਵਾਰ ਮੁਤਾਬਿਕ ਰਾਮਪਾਲ ਇੰਝ ਝੂਠੀ ਗਵਾਹੀ ਦੇਣ ਲਈ ਤਿਆਰ ਨਹੀਂ ਸੀ ਜਿਸ ਕਾਰਨ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਉਸ ਨੂੰ ਡਰਾ ਧਮਕਾ ਰਹੀ ਸੀ। ਪਰਿਵਾਰ ਨੇ ਖ਼ਬਰ ਅਦਾਰਿਆ ਨੂੰ ਦੱਸਿਆ ਕਿ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਵੱਲੋਂ ਰਾਮਪਾਲ ਨੂੰ ਦਿੱਲੀ ਲਿਜਾ ਕੇ ਉਸਦੀ ਦੀ 'ਇੰਟੈਰੋਗੇਸ਼ਨ' ਕਰਨ ਦੀ ਧਮਕੀ ਤੋਂ ਬਾਅਦ ਰਾਮਪਾਲ ਇੰਨਾ ਪ੍ਰੇਸ਼ਾਨ ਹੋ ਗਿਆ ਸੀ ਕਿ ਉਸ ਨੇ 23 ਜਨਵਰੀ, 2018 ਨੂੰ ਨਹਿਰ ਵਿਚ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਨਹਿਰ ਵਿਚ ਛਾਲ ਮਾਰਨ ਤੋਂ ਪਹਿਲਾਂ ਉਸਨੇ ਆਪਣੇ ਪਰਿਵਾਰ ਨੂੰ ਫੋਨ ਰਾਹੀਂ ਗੱਲ ਕਰਕੇ ਖੁਦਕੁਸ਼ੀ ਦਾ ਕਾਰਨ ਦੱਸ ਦਿੱਤਾ ਸੀ ਕਿ ਉਹ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਵੱਲੋਂ ਪ੍ਰੇਸ਼ਾਨ ਕੀਤੇ ਜਾਣ ਕਰਕੇ ਇਹ ਕਦਮ ਚੁੱਕ ਰਿਹਾ ਹੈ।

## ਅਦਾਲਤੀ ਫੈਸਲਾ ਸਵਾਲਾਂ ਦੇ ਘੇਰੇ ਵਿਚ

ਭਾਰਤੀ ਸੁਪਰੀਮ ਦਾ ਫੈਸਲਾ ਕਈ ਕਾਰਨਾ ਕਰਕੇ ਸਵਾਲਾਂ ਦੇ ਘੇਰੇ ਵਿਚ ਹੈ। ਸਭ ਤੋਂ ਪਹਿਲਾ ਤੇ ਵੱਡਾ ਅਧਾਰ ਇਹ ਹੈ ਕਿ ਅਦਾਲਤ ਨੇ ਗਲਤ ਬਿਆਨੀ (ਕਿ ਕਈ ਗਵਾਹ ਗੋਲੀਆਂ ਮਾਰ ਕੇ ਮਾਰੇ ਜਾ ਚੁੱਕੇ ਹਨ) ਦੇ ਆਧਾਰ ਤੇ ਫੈਸਲਾ ਸੁਣਾਇਆ ਹੈ। ਦੂਜਾ ਕਿ ਪਹਿਲਾਂ ਇਸ ਮਾਮਲੇ ਦੀ ਸੁਣਵਾਈ ਜੁਲਾਈ ਵਿਚ ਹੋਣੀ ਸੀ ਪਰ ਅਚਾਨਕ ਹੀ ਇਸ ਮਾਮਲੇ ਦੀ ਸੁਣਵਾਈ ਦੀ ਤਰੀਕ ਦੋ ਮਹੀਨੇ ਅਗੇਤੀ ਕਰਕੇ 7 ਮਈ ਨੂੰ ਸੁਣਵਾਈ ਰੱਖ ਲਈ ਗਈ। ਸੁਣਵਾਈ ਮੌਕੇ ਜੱਜਾਂ ਨੇ ਸਿੱਖ ਨੌਜਵਾਨਾਂ ਦੇ ਵਕੀਲਾਂ ਦਾ ਪੱਖ ਸੁਣਿਆ ਹੀ ਨਹੀਂ ਤੇ ਮਹਿਜ ਅੱਧੇ ਮਿੰਟ ਵਿਚ ਹੀ ਫੈਸਲਾ ਸੁਣਾ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਪਹਿਲਾਂ ਆ ਰਹੀ ਜੁਲਾਈ ਵਿਚਲੀ ਸੁਣਵਾਈ ਤੋਂ ਪਹਿਲਾਂ ਸੁਪਰੀਮ ਕੋਰਟ ਵਿਚ ਛੁੱਟੀਆਂ ਆ ਜਾਣੀਆਂ ਸਨ ਜਿਸ ਕਾਰਨ 'ਰੋਸਟਰ' ਬਦਲ ਜਾਣਾ ਸੀ ਤੇ ਜੁਲਾਈ ਵਿਚ ਇਸ ਮਾਮਲੇ ਦੀ ਸੁਣਵਾਈ ਕਿਸੇ ਹੋਰ ਬੈਂਚ ਕੋਲ ਚਲੀ ਜਾਣੀ ਸੀ। ਇਸ ਲਈ ਮੌਜੂਦਾ ਜੱਜਾਂ ਕੋਲੋਂ ਸੁਣਵਾਈ ਕਰਵਾਉਣ ਲਈ ਹੀ ਇਹ ਤਰੀਕ ਦੋ ਮਹੀਨੇ ਅਗੇਤੀ ਕੀਤੀ ਗਈ ਹੈ। ਜ਼ਾਹਿਰ ਹੈ ਕਿ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਕਿਵੇਂ ਅਦਾਲਤੀ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਕੇ ਆਪਣੀ ਮਰਜੀ ਦੇ ਫੈਸਲੇ ਕਰਵਾ ਰਹੀ ਹੈ ਕਿਉਂਕਿ ਇੰਨਾ ਕੁਝ ਇਤਫਾਕ ਵੱਸ ਨਹੀਂ ਹੋ ਸਕਦਾ ਹੈ ਕਿ ਸੁਣਵਾਈ ਦੋ ਮਹੀਨੇ ਅਗੇਤੀ ਹੋ ਜਾਵੇ ਤੇ ਜੱਜ 30 ਸਕਿੰਟ ਵਿਚ ਬਿਨ੍ਹਾਂ ਬਚਾਅ ਪੱਖ ਨੂੰ ਸੁਣੇ ਹੀ ਫੈਸਲਾ ਦੇ ਦੇਣ।

## ਸਿੱਖ ਨੌਜਵਾਨਾਂ ਨੂੰ ਤਿਹਾੜ ਲਿਜਾਣ ਤੇ ਬਜਿੱਦ ਏਜੰਸੀ

ਇਸ ਮਾਮਲੇ ਨਾਲ ਜੁੜੀ ਕਾਰਵਾਈ ਦੇ ਤੱਥ ਦੱਸਦੇ ਹਨ ਕਿ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਕਿਸੇ ਵੀ ਕੀਮਤ ਉੱਤੇ ਸਿੱਖ ਨੌਜਵਾਨਾਂ ਨੂੰ ਤਿਹਾੜ ਜੇਲ੍ਹ ਵਿਚ ਲਿਜਾਣ ਲਈ ਬਜਿੱਦ ਹੈ। ਇਸ ਲਈ ਪਹਿਲਾਂ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਵੱਲੋਂ ਕੇਂਦਰ ਸਰਕਾਰ ਤੋਂ ਇਕ ਫੁਰਮਾਨ ਜਾਰੀ ਕਰਵਾ ਲਿਆ ਗਿਆ ਸੀ ਕਿ ਇਨ੍ਹਾਂ ਨੌਜਵਾਨਾਂ ਨੂੰ ਪੰਜਾਬ ਤੋਂ ਬਦਲ ਕੇ ਦਿੱਲੀ ਭੇਜ ਦਿੱਤਾ ਜਾਵੇ। ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੇ ਇਸ ਉਕਤ ਫੁਰਮਾਨ ਬਾਰੇ ਪੰਜਾਬ ਸਰਕਾਰ ਤੇ ਦਿੱਲੀ ਸਰਕਾਰ ਕੋਲੋਂ 'ਕੋਈ ਇਤਰਾਜ਼ ਨਹੀਂ' ਵੀ ਹਾਸਲ ਕਰ ਲਿਆ ਸੀ। ਪਰ ਜਦੋਂ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੇ ਇਸ ਬਾਰੇ ਮੁਹਾਲੀ ਦੀ ਤਤਕਾਲੀ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਜੱਜ ਮਿਸ ਅੰਸ਼ੁਲ ਬੇਰੀ ਤੋਂ ਇਜਾਜ਼ਤ ਮੰਗੀ ਤਾਂ ਬਚਾਅ ਪੱਖ ਦੇ ਵਕੀਲਾਂ ਨੇ ਅਦਾਲਤ ਵਿਚ ਅਹਿਮ ਕਾਨੂੰਨੀ ਨੁਕਤੇ ਖੜ੍ਹੇ ਕਰਕੇ ਨੈਸ਼ਨਲ  ਏਜੰਸੀ ਦੀ ਅਰਜ਼ੀ ਨੂੰ ਚਣੌਤੀ ਦਿੱਤੀ।

ਬਚਾਅ ਪੱਖ ਨੇ ਅਦਾਲਤ ਵਿਚ ਕਿਹਾ ਕਿ ਜਦੋਂ ਕਿਸੇ ਮੁਕੱਦਮੇਵਾਰ ਬੰਦੀ (ਅੰਡਰ-ਟਰਾਇਲ) ਨੂੰ ਕਿਸੇ ਸੂਬੇ ਤੋਂ ਬਾਹਰ ਤਬਦੀਲ ਕਰਨ ਲਈ ਕੋਈ ਵੀ ਕਾਨੂੰਨ ਨਹੀਂ ਹੈ ਤਾਂ ਕੇਂਦਰ ਸਰਕਾਰ ਨੂੰ ਇਨ੍ਹਾਂ ਨੌਜਵਾਨਾਂ ਨੂੰ ਪੰਜਾਬ ਵਿਚੋਂ ਬਦਲ ਕੇ ਤਿਹਾੜ ਜੇਲ੍ਹ ਭੇਜਣ ਦਾ ਹੱਕ ਕਿਵੇਂ ਹਾਸਲ ਹੋ ਗਿਆ ? ਇਸ ਲਈ ਕਾਨੂੰਨ ਦੀਆਂ ਨਜ਼ਰਾਂ ਵਿਚ ਕੇਂਦਰ ਦੇ ਫੁਰਮਾਨ ਦੀ ਕੋਈ ਕੀਮਤ ਨਹੀਂ ਹੈ।

ਦੂਜਾ, ਕਿ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਮੁਹਾਲੀ ਪੰਜਾਬ ਦੀ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਅਦਾਲਤ ਹੈ ਜਿਸ ਦਾ ਅਧਿਕਾਰ ਖੇਤਰ ਪੰਜਾਬ ਤੱਕ ਸੀਮਤ ਹੈ ਤੇ ਇਹ ਅਦਾਲਤ ਆਪਣੀ ਅਧਿਕਾਰ ਹੇਠਲੇ ਮੁਕੱਦਮੇ ਦੇ ਬੰਦੀਆਂ ਨੂੰ ਕਿਸੇ ਵੀ ਅਜਿਹੀ ਜੇਲ੍ਹ ਵਿਚ ਭੇਜਣ ਦੇ ਹੁਕਮ ਨਹੀਂ ਸੁਣਾ ਸਕਦੀ ਜਿਹੜੀ ਕਿ ਅਦਲਾਤ ਦੇ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਹੋਵੇ। ਅਦਾਲਤ ਨੇ ਇਸ ਬਾਰੇ ਨੈ.ਇ.ਏ ਤੋਂ ਜਵਾਬ ਮੰਗੇ ਤੇ ਸੰਤੁਸ਼ਟੀਜਨਕ ਜਵਾਬ ਨਾ ਮਿਲਣ ਤੇ ਉਕਤ ਕਾਨੂੰਨੀ ਨੁਕਤਿਆਂ ਨੂੰ ਜਾਇਜ਼ ਦੱਸਦਿਆਂ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਦੀ ਅਰਜ਼ੀ ਖਾਰਜ ਕਰ ਦਿੱਤੀ।

**ਇਸ ਮਾਮਲੇ ਨਾਲ ਜੁੜੀ ਕਾਰਵਾਈ ਦੇ ਤੱਥ ਦੱਸਦੇ ਹਨ ਕਿ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਕਿਸੇ ਵੀ ਕੀਮਤ ਉੱਤੇ ਸਿੱਖ ਨੌਜਵਾਨਾਂ ਨੂੰ ਤਿਹਾੜ ਜੇਲ੍ਹ ਵਿਚ ਲਿਜਾਣ ਲਈ ਬਜਿੱਦ ਹੈ। ਇਸ ਲਈ ਪਹਿਲਾਂ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਵੱਲੋਂ ਕੇਂਦਰ ਸਰਕਾਰ ਤੋਂ ਇਕ ਫੁਰਮਾਨ ਜਾਰੀ ਕਰਵਾ ਲਿਆ ਗਿਆ ਸੀ ਕਿ ਇਨ੍ਹਾਂ ਨੌਜਵਾਨਾਂ ਨੂੰ ਪੰਜਾਬ ਤੋਂ ਬਦਲ ਕੇ ਦਿੱਲੀ ਭੇਜ ਦਿੱਤਾ ਜਾਵੇ। ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੇ ਇਸ ਉਕਤ ਫੁਰਮਾਨ ਬਾਰੇ ਪੰਜਾਬ ਸਰਕਾਰ ਤੇ ਦਿੱਲੀ ਸਰਕਾਰ ਕੋਲੋਂ 'ਕੋਈ ਇਤਰਾਜ਼ ਨਹੀਂ' ਵੀ ਹਾਸਲ ਕਰ ਲਿਆ ਸੀ। ਪਰ ਜਦੋਂ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੇ ਇਸ ਬਾਰੇ ਮੁਹਾਲੀ ਦੀ ਤਤਕਾਲੀ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਜੱਜ ਮਿਸ ਅੰਸ਼ੁਲ ਬੇਰੀ ਤੋਂ ਇਜਾਜ਼ਤ ਮੰਗੀ ਤਾਂ ਬਚਾਅ ਪੱਖ ਦੇ ਵਕੀਲਾਂ ਨੇ ਅਦਾਲਤ ਵਿਚ ਅਹਿਮ ਕਾਨੂੰਨੀ ਨੁਕਤੇ ਖੜ੍ਹੇ ਕਰਕੇ ਨੈਸ਼ਨਲ  ਏਜੰਸੀ ਦੀ ਅਰਜ਼ੀ ਨੂੰ ਚਣੌਤੀ ਦਿੱਤੀ।**

## ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਅਦਾਲਤੀ ਪ੍ਰਕਿਰਿਆ ਨੂੰ ਕਰ ਰਹੀ ਏ ਪ੍ਰਭਾਵਿਤ

ਮਿਸ ਅੰਸ਼ੁਲ ਬੇਰੀ ਦੀ ਅਦਾਲਤ ਵੱਲੋਂ ਕਾਨੂੰਨੀ ਨੁਕਤਿਆਂ ਮੁਤਾਬਕ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਦੀ ਅਰਜ਼ੀ ਨਾਮਨਜ਼ੂਰ ਕਰਨ ਤੋਂ ਬਾਅਦ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੇ ਕੇਂਦਰ ਸਰਕਾਰ ਕੋਲੋਂ ਨਵਾਂ ਫੁਰਮਾਨ ਜਾਰੀ ਕਰਵਾ ਕੇ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਅਦਾਲਤ ਦੇ ਹੱਕ ਮਿਸ ਅੰਸ਼ੁਲ ਬੇਰੀ ਦੀ ਅਦਾਲਤ ਤੋਂ ਬਦਲ ਕੇ ਮੁਹਾਲੀ ਦੇ ਇਕ ਹੋਰ ਜੱਜ ਨਿਰਭਉ ਸਿੰਘ ਗਿੱਲ ਕੋਲ ਤਬਦੀਲ ਕਰਵਾ ਲਏ। ਜੱਜ ਨਿਰਭਉ ਸਿੰਘ ਗਿੱਲ ਦੀ ਅਦਾਲਤ ਵਿਚ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੇ ਇਹ ਅਰਜ਼ੀ ਲਾ ਦਿੱਤੀ ਕਿ ਇਸ ਮਾਮਲੇ ਦੇ ਕਈ ਗਵਾਹਾਂ ਅਤੇ ਉਨ੍ਹਾਂ ਦੀ ਗਵਾਹੀ ਬਾਰੇ ਨੈ.ਇ. ਏ. ਕਿਸੇ ਨੂੰ ਵੀ ਜਾਣਕਾਰੀ ਨਹੀਂ ਦੇਵੇਗੀ। ਜਦੋਂ ਬਚਾਅ ਪੱਖ ਨੇ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਅਦਾਲਤ ਵਿਚ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਦੀ ਅਰਜ਼ੀ ਵਿਚਲੀਆਂ ਕਾਨੂੰਨੀ ਖਾਮੀਆਂ ਉਜਾਗਰ ਕਰ ਦਿੱਤੀਆਂ ਤਾਂ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੇ ਅਦਾਲਤ ਕੋਲੋਂ ਆਪਣੀ ਅਰਜ਼ੀ ਵਾਪਸ ਲੈ ਕੇ ਮੁੜ੍ਹ ਸੋਧ ਕੇ ਅਰਜ਼ੀ ਦਾਖਲ ਕਰਨ ਦੀ ਮੰਗ ਕੀਤੀ ਤੇ ਅਦਾਲਤ ਵੱਲੋਂ ਇਜਾਜ਼ਤ ਦਿੱਤੇ ਜਾਣ ਤੇ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੇ ਮੁੜ੍ਹ ਸੋਧ ਕੇ ਅਰਜ਼ੀ ਦਾਖਲ ਕੀਤੀ ਜਿਸ ਵਿਚ ਕਿਹਾ ਗਿਆ ਕਿ ਬਚਾਅ ਪੱਖ ਕੋਲੋਂ ਇਸ ਮਾਮਲੇ ਦੇ ਕਈ ਗਵਾਹਾਂ ਅਤੇ ਉਨ੍ਹਾਂ ਦੀ ਗਵਾਹੀ ਬਾਰੇ ਜਾਣਕਾਰੀ ਗੁਪਤ ਰੱਖਣ ਦੀ ਇਜਾਜ਼ਤ ਦਿੱਤੀ ਜਾਵੇ। ਇਸ ਅਰਜ਼ੀ ਬਾਰੇ ਵੀ ਬਚਾਅ ਪੱਖ ਨੇ ਕਈ ਕਾਨੂੰਨੀ ਨੁਕਤੇ ਅਦਾਲਤ ਦੇ ਧਿਆਨ ਵਿਚ ਲਿਆਂਦੇ ਤੇ ਅਦਾਲਤ ਵੱਲੋਂ ਇਸ ਮਾਮਲੇ ਤੇ ਵਿਚਾਰ ਕੀਤੀ ਜਾ ਰਹੀ ਸੀ ਪਰ ਇਸੇ ਦੌਰਾਨ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੇ ਭਾਰਤੀ ਸੁਪਰੀਮ ਕੋਰਟ ਕੋਲ ਪਹੁੰਚ ਕਰਕੇ ਕਿਹਾ ਕਿ ਉਹ ਇਨ੍ਹਾਂ ਮਾਮਲਿਆਂ ਦੀ ਸੁਣਵਾਈ ਪੰਜਾਬ ਦੀ ਨੈ.ਇ.ਏ. ਅਦਾਲਤ ਦੇ ਕਿਸੇ ਵੀ ਜੱਜ ਕੋਲੋਂ ਨਹੀਂ ਕਰਵਾਉਣਾ ਚਾਹੁੰਦੀ ਤੇ ਇਹ ਮਾਮਲੇ ਦਿੱਲੀ ਦੀ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਅਦਾਲਤ ਵਿਚ ਬਦਲ ਦਿੱਤੇ ਜਾਣ। ਨਾਲ ਹੀ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੇ ਭਾਰਤੀ ਸੁਪਰੀਮ ਕੋਰਟ ਵੱਲੋਂ ਮੁਹਾਲੀ ਦੀ ਅਦਾਲਤ ਵਿਚ ਚੱਲ ਰਹੀ ਕਾਰਵਾਈ ਉੱਤੇ ਰੋਕ ਲਵਾ ਦਿੱਤੀ। ਨੈ.ਇ.ਏ. ਨੇ ਇਹ ਵੀ ਕਿਹਾ ਕਿ ਇਸ ਮਾਮਲੇ ਵਿਚ ਗ੍ਰਿਫਤਾਰ ਕੀਤੇ ਵਿਅਕਤੀਆਂ ਨੂੰ ਪੰਜਾਬ ਤੋਂ ਬਦਲ ਕੇ ਤਿਹਾੜ ਜੇਲ੍ਹ ਲਿਆਂਦਾ ਜਾਵੇ। ਸੋ, ਇਹ ਸਭ ਦਰਸਾਉਂਦਾ ਹੈ ਕਿ ਇਕ ਤਾਂ ਨੈ.ਇ.ਏ. ਇਨ੍ਹਾਂ ਮਾਮਲਿਆਂ ਵਿਚ ਗ੍ਰਿਫਤਾਰ ਸਿੱਖ ਨੌਜਵਾਨਾਂ ਨੂੰ ਤਿਹਾੜ ਜੇਲ੍ਹ ਵਿਚ ਲਿਜਾਣ ਤੇ ਬਜਿੱਦ ਸੀ ਤੇ ਦੂਜਾ ਮੁਹਾਲੀ ਦੀਆਂ ਅਦਾਲਤ ਵੱਲੋਂ ਕਾਨੂੰਨ ਵਿਚਾਰ ਨੂੰ ਪਹਿਲ ਦੇਣ ਤੋਂ ਬਾਅਦ ਨੈ.ਇ.ਏ. ਵੱਲੋਂ ਇਨ੍ਹਾਂ ਮਾਮਲਿਆਂ ਦੀ ਸੁਣਵਾਈ ਹੀ ਪੰਜਾਬ ਤੋਂ ਬਾਹਰ ਤਬਦੀਲ ਕਰਨ ਦੀ ਅਰਜੀ ਲਾ ਦਿੱਤੀ। ਹੁਣ ਜਦੋਂ ਮਨਘੜਤ ਅਧਾਰ ਤੇ ਭਾਰਤੀ ਸੁਪਰੀਮ ਕੋਰਟ ਨੇ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਦੀ ਅਰਜ਼ੀ ਮਨਜ਼ੂਰ ਕਰ ਲਈ ਹੈ ਤਾਂ ਇਹ ਸਭ ਦਰਸਾਉਂਦਾ ਹੈ ਕਿ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਆਪਣੀ ਮਨਮਰਜੀ ਨਾਲ ਇਨ੍ਹਾਂ ਮਾਮਲਿਆਂ ਦੀ ਸੁਣਵਾਈ ਨੂੰ ਮੋੜਾ ਦੇਣਾ ਚਾਹੁੰਦੀ ਤੇ ਇਸ ਕੰਮ ਲਈ ਅਦਾਲਤੀ ਪ੍ਰਕਿਰਿਆ ਨੂੰ ਪ੍ਰਭਾਵਿਤ ਕੀਤਾ ਜਾ ਰਿਹਾ ਹੈ।



# ਪਾਠਕਾਂ ਦਾ ਨਜ਼ਰੀਆ

## ਪੰਜਾਬ ਵਿਚ ਲੋਕ ਸਭਾ ਚੋਣਾਂ ਦੇ ਨਤੀਜੇ ਸੂਬੇ ਦੀ ਸਿਆਸਤ ਉੱਤੇ ਦੂਰਰਸ ਅਸਰ ਪਾਉਣਗੇ

ਲੋਕ ਸਭਾ ਚੋਣ ਲੜ ਰਹੇ ਘੱਟੋ-ਘੱਟ ਦੋ ਉਮੀਦਵਾਰ ਉਨ੍ਹਾਂ ਦੇ ਮੁੱਦਿਆਂ ਨੂੰ ਉਭਾਰ ਰਹੇ ਹਨ ਜਿਹੜੇ ਚੋਣ ਪ੍ਰਚਾਰ ਦਾ ਹਿੱਸਾ ਤਾਂ ਬਣਦੇ ਹਨ ਪਰ ਚੋਣ ਪ੍ਰਚਾਰ ਵਿਚ ਕਦੇ ਵੀ ਭਾਰੂ ਨਹੀਂ ਰਹੇ। ਇਹ ਮੁੱਦੇ ਹਨ ਕਿਸਾਨਾਂ ਤੇ ਖ਼ੇਤ ਮਜ਼ਦੂਰਾਂ ਦੀਆਂ ਖ਼ੁਦਕਸ਼ੀਆਂ ਅਤੇ ਖਾੜਕੂਵਾਦ ਦੌਰਾਨ ਸੂਬੇ ਵਿਚ ਝੂਠੇ ਮੁਕਾਬਲਿਆਂ ਵਿਚ ਮਾਰੇ ਗਏ ਸੈਂਕੜੇ ਨੌਜਵਾਨ।

ਬਠਿੰਡਾ ਲੋਕ ਸਭਾ ਹਲਕੇ ਤੋਂ ਚੋਣ ਲੜ ਰਹੀ ਮਾਨਸਾ ਜ਼ਿਲ੍ਹੇ ਦੇ ਰੱਲਾ ਪਿੰਡ ਦੀ ਵੀਰਪਾਲ ਕੌਰ ਖੁਦਕੁਸ਼ੀ ਕਰ ਚੁੱਕੇ ਖੇਤ ਮਜ਼ਦੂਰ ਦੀ ਵਿਧਵਾ ਹੈ। ਉਹ ਸੂਬੇ ਵਿਚ ਖੇਤੀ ਸੰਕਟ ਵਿਚੋਂ ਉਪਜੇ ਦੁੱਖ ਤੇ ਪੀੜ ਦੀ ਮੂੰਹ ਬੋਲਦੀ ਤਸਵੀਰ ਹੈ। ਸਿਆਸੀ ਧਿਰਾਂ ਨੇ ਇਸ ਮਾਮਲੇ ਤੋਂ ਮੂੰਹ ਮੋੜੀ ਰੱਖਿਆ ਹੈ। ਲੋਕ ਸਭਾ ਹਲਕਾ ਖਡੂਰ ਸਾਹਿਬ ਦੀ ਉਮੀਦਵਾਰ ਪਰਮਜੀਤ ਕੌਰ ਖਾਲੜਾ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ ਪਤਨੀ ਹੈ ਜਿਸ ਨੂੰ ਪੰਜਾਬ ਪੁਲੀਸ ਨੇ ਘਰੋਂ ਚੁੱਕ ਕੇ ਕਿਧਰੇ ਖਪਾ ਦਿੱਤਾ ਸੀ। ਉਸ ਨੇ ਅੰਮ੍ਰਿਤਸਰ ਜ਼ਿਲ੍ਹੇ ਦੇ ਤਿੰਨ ਸ਼ਮਸ਼ਾਨ ਘਾਟਾਂ ਵਿਚ ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰੇ ਗਏ ਸੈਂਕੜੇ ਸਿੱਖ ਨੌਜਵਾਨਾਂ ਨੂੰ ਅਣਪਛਾਤੀਆਂ ਲਾਸ਼ਾਂ ਕਹਿ ਕੇ ਸੰਸਕਾਰ ਕਰ ਦੇਣ ਦੇ ਮਾਮਲੇ ਤੋਂ ਪਰਦਾ ਚੁੱਕਿਆ ਸੀ। ਸੁਪਰੀਮ ਕੋਰਟ ਨੇ ਅਣਪਛਾਤੀਆਂ ਲਾਸ਼ਾਂ ਦੇ ਇਸ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ ਗਈ ਸੀ ਜਿਸ ਨੇ 1500 ਲਾਸ਼ਾਂ ਦੀ ਪਛਾਣ ਕਰ ਕੇ ਪੰਜਾਬ ਪੁਲੀਸ ਉੱਤੇ ਸਿੱਖ ਨੌਜਵਾਨਾਂ ਨੂੰ ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰਨ ਦੇ ਲੱਗਦੇ ਦੋਸ਼ਾਂ ਦੀ ਪੁਸ਼ਟੀ ਕਰ ਦਿੱਤੀ ਸੀ।

ਅਣਪਛਾਤੀਆਂ ਲਾਸ਼ਾਂ ਦੇ ਸੰਸਕਾਰ ਦੇ ਮਾਮਲੇ ਦੀ ਜਾਂਚ ਜਸਵੰਤ ਸਿੰਘ ਖਾਲੜਾ ਤੋਂ ਬਾਅਦ ਅਗਾਂਹ ਨਹੀਂ ਤੁਰੀ। ਪਰਮਜੀਤ ਕੌਰ ਨੇ ਸੰਨ 1999 ਵਿਚ ਵੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਅਗਵਾਈ ਵਾਲੇ ਸਰਬ ਹਿੰਦ ਅਕਾਲੀ ਦਲ ਵੱਲੋਂ ਇਸੇ ਹਲਕੇ ਤੋਂ ਲੋਕ ਸਭਾ ਚੋਣ ਲੜੀ ਸੀ ਪਰ ਉਸ ਵੇਲੇ ਹਾਲਾਤ ਹੋਰ ਸਨ। ਝੂਠੇ ਪੁਲੀਸ ਮੁਕਾਬਲਿਆਂ ਦਾ ਮਾਮਲਾ ਸੋਸ਼ਲ ਮੀਡੀਏ ਦੇ ਇਸ ਜੁੱਗ ਵਿਚ ਦੁਬਾਰਾ ਉਭਰਿਆ ਹੈ ਅਤੇ ਇਸ ਦੇ ਨਾਲ ਹੀ ਅਕਾਲੀ-ਭਾਜਪਾ ਸਰਕਾਰ ਦੌਰਾਨ ਪ੍ਰਕਾਸ਼ ਸਿੰਘ ਬਾਦਲ ਵੱਲੋਂ ਇਨ੍ਹਾਂ ਮੁਕਾਬਿਲਆਂ ਲਈ ਜ਼ਿੰਮੇਵਾਰ ਸਮਝੇ ਜਾਂਦੇ ਪੁਲੀਸ ਅਫਸਰਾਂ ਨੂੰ ਅਹਿਮ ਅਹੁਦਿਆਂ ਉੱਤੇ ਬਿਠਾਉਣ ਦਾ ਮਾਮਲਾ ਵੀ ਉਭਰ ਗਿਆ ਹੈ।

ਕਾਂਗਰਸ ਨੇ ਇਨ੍ਹਾਂ ਚੋਣਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦਾ ਮੁੱਦਾ ਜ਼ੋਰ-ਸ਼ੋਰ ਨਾਲ ਉਭਾਰਿਆ ਹੈ ਤੇ ਅਕਾਲੀ ਦਲ ਟਾਕਰੇ ਲਈ ਕੈਪਟਨ ਅਮਰਿੰਦਰ ਸਿੰਘ ਵੱਲੋਂ ਗੁਟਕੇ ਉੱਤੇ ਹੱਥ ਰੱਖ ਕੇ ਚਾਰ ਹਫਤਿਆਂ ਵਿਚ ਨਸ਼ਿਆਂ ਦਾ ਲੱਕ ਤੋੜ ਦੇਣ ਦੀ ਖਾਧੀ ਸਹੁੰ ਦਾ ਮਾਮਲਾ ਚੁੱਕ ਰਿਹਾ ਹੈ। ਦੋਹਾਂ ਧਿਰਾਂ ਦੇ ਉਮੀਦਵਾਰਾਂ ਦੇ ਭਾਸ਼ਨਾਂ ਵਿਚ ਇਹੀ ਮੁੱਦੇ ਭਾਰੂ ਹਨ। ਪੰਜਾਬ ਦਾ ਚੋਣ ਇਤਿਹਾਸ ਗਵਾਹ ਹੈ ਕਿ ਇਥੇ ਚੋਣਾਂ ਅਕਸਰ ਜਜ਼ਬਾਤੀ ਮੁੱਦਿਆਂ ਉੱਤੇ ਲੜੀਆਂ ਜਾਂਦੀਆਂ ਰਹੀਆਂ ਹਨ। ਇਹ ਮੁੱਦੇ ਬਠਿੰਡਾ ਤੇ ਫ਼ਰੀਦਕੋਟ ਹਲਕਿਆਂ ਵਿਚ ਭਾਰੂ ਹਨ। ਫ਼ਰੀਦਕੋਟ ਬੇਅਦਬੀ ਘਟਨਾਵਾਂ ਦਾ ਕੇਂਦਰ ਰਿਹਾ ਹੈ ਤੇ ਬਠਿੰਡਾ ਇਸ ਦੇ ਨਾਲ ਲੱਗਦਾ ਹੈ। ਇਥੋਂ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਕੌਰ ਬਾਦਲ ਤੀਜੀ ਵਾਰ ਉਮੀਦਵਾਰ ਹੈ। ਬਠਿੰਡਾ ਤੇ ਫ਼ਰੀਦਕੋਟ ਹਲਕਿਆਂ ਤੋਂ ਬਿਨਾ ਇਸ ਮੁੱਦੇ ਦਾ ਅਸਰ ਹੋਰ ਹਲਕਿਆਂ ਵਿਚ ਵੀ ਸਪੱਸ਼ਟ ਦਿਸ ਰਿਹਾ ਹੈ।

ਅਕਤੂਬਰ 2015 ਵਿਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਨੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ ਸੀ। ਹਾਲਤ ਹੋਰ ਨਾਜ਼ੁਕ ਹੋ ਗਈ, ਜਦੋਂ ਘਟਨਾਵਾਂ ਖ਼ਿਲਾਫ਼ ਰੋਸ ਪ੍ਰਗਟ ਕਰ ਰਹੀ ਸਿੱਖ ਸੰਗਤ ਉੱਤੇ ਪੁਲੀਸ ਨੇ ਗੋਲੀ ਚਲਾ ਦਿੱਤੀ ਅਤੇ ਪਿੰਡ ਬਹਿਬਲ ਕਲਾਂ ਵਿਚ ਦੋ ਸਿੱਖ ਨੌਜਵਾਨ ਮਾਰੇ ਗਏ ਸਨ। ਬਾਦਲ ਪਰਿਵਾਰ ਉਸ ਸਮੇਂ ਤੋਂ ਹੀ ਜ਼ਬਰਦਸਤ ਦਬਾਅ ਥੱਲੇ ਹੈ। ਲੋਕਾਂ ਅੰਦਰ ਇਸ ਮਾਮਲੇ ਨੂੰ ਲੈ ਕੇ ਬਾਦਲਾਂ ਖ਼ਿਲਾਫ਼ ਬੇਹੱਦ ਗੁੱਸਾ ਹੈ। ਪ੍ਰਕਾਸ਼ ਸਿੰਘ ਬਾਦਲ ਵੱਲੋਂ ਲੰਘੇ ਸ਼ਨਿੱਚਰਵਾਰ ਇਕ ਚੋਣ ਸਭਾ ਵਿਚ ਮੁਆਫ਼ੀ ਮੰਗਣ ਤੋਂ ਸਪੱਸ਼ਟ ਹੈ ਕਿ ਉਹ ਇਸ ਮਾਮਲੇ ਬਾਬਤ ਅੰਦਰੋਂ ਡਰੇ ਹੋਏ ਹਨ। ਸੂਬੇ ਦੀ ਚੋਣ ਮੁਹਿੰਮ ਵਿਚ ਇਕ ਗੱਲ ਬਹੁਤ ਅਹਿਮ ਹੈ ਕਿ ਆਮ ਆਦਮੀ ਪਾਰਟੀ ਨੂੰ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਪਾਈਆਂ ਵੋਟਾਂ ਇਸ ਵਾਰੀ ਕਿਸ ਧਿਰ ਵੱਲ ਜਾਣਗੀਆਂ, ਖਾਸ ਕਰ ਕੇ ਮਾਲਵਾ ਖੇਤਰ ਵਿਚ, ਜਿੱਥੇ ਪਾਰਟੀ ਦੀ ਕਾਰਗੁਜ਼ਾਰੀ ਬਿਹਤਰ ਰਹੀ ਸੀ। ਇਹ ਪਾਰਟੀ ਹੁਣ ਹਰ ਰੋਜ਼ ਬਿਖ਼ਰ ਰਹੀ ਹੈ। ਮਾਲਵੇ ਵਿਚ ਚੋਖਾ ਆਧਾਰ ਰੱਖਣ ਵਾਲੇ ਅਤੇ ਤਰ੍ਹਾਂ ਤਰ੍ਹਾਂ ਦੇ ਵਿਵਾਦਾਂ ਵਿਚ ਘਿਰੇ ਹੋਏ ਡੇਰਾ ਸੱਚਾ ਸੌਦਾ ਦਾ ਵੋਟ ਬੈਂਕ ਸਭ ਉਤਰਾਵਾਂ ਚੜ੍ਹਾਵਾਂ ਦੇ ਬਾਵਜੂਦ ਇਕਮੁੱਠ ਹੈ। ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ਾਂ ਦੀ ਸੂਈ ਵੀ ਇਸ ਡੇਰੇ ਵੱਲ ਹੀ ਜਾ ਰਹੀ ਹੈ।

ਪੰਜਾਬ ਦੇ ਚੋਣ ਦ੍ਰਿਸ਼ ਵਿਚ ਇਕ ਹੋਰ ਖਾਸ ਤੱਥ ਇਹ ਹੈ ਕਿ ਸਾਰੀਆਂ ਹੀ ਪਾਰਟੀਆਂ ਦੇ ਉਮੀਦਵਾਰਾਂ ਤੋਂ ਸਾਧਾਰਨ ਬੰਦਾ ਵੀ ਸੁਆਲ ਪੁੱਛਣ ਦੀ ਦਲੇਰੀ ਕਰ ਰਹੇ ਹਨ। ਚੋਣ ਲੜ ਰਹੇ ਮੌਜੂਦਾ ਲੋਕ ਸਭਾ ਜਾਂ ਵਿਧਾਨ ਸਭਾ ਮੈਂਬਰਾਂ ਨੂੰ ਇਸ ਹਾਲਾਤ ਦਾ ਜ਼ਿਆਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਚੋਣ ਵਿਚ ਸਾਹਮਣੇ ਆ ਰਿਹਾ ਸਰਗਰਮ ਦਖ਼ਲਅੰਦਾਜ਼ੀ ਵਾਲੀ ਜਮਹੂਰੀਅਤ ਦਾ ਇਹ ਨਿਸ਼ਾਨ ਇਕੋ ਇਕ ਹਾਂ ਪੱਖੀ ਵਰਤਾਰਾ ਹੈ। ਇਹ ਵਰਤਾਰਾ ਜਾਰੀ ਰਹਿਣਾ ਚਾਹੀਦਾ ਹੈ ਤਾਂ ਕਿ ਲੋਕਾਂ ਵੱਲੋਂ ਚੁਣੇ ਨੁਮਾਇੰਦਿਆਂ ਨੂੰ ਜਵਾਬਦੇਹ ਬਣਾਇਆ ਜਾ ਸਕੇ। ਚੋਣ ਲੜ ਰਹੇ ਕਈ ਉਮੀਦਵਾਰਾਂ ਨਾਲ ਤਇਨਾਤ ਦਰਜਨਾਂ ਸੁਰੱਖਿਆ ਮੁਲਾਜ਼ਮਾਂ ਤੋਂ ਲੋਕ ਔਖੇ ਹਨ। ਹੇਠਲੇ ਪੱਧਰ ਦੇ ਸਿਆਸੀ ਕਾਰਕੁਨ ਇਸ ਪੱਖੋਂ ਸਪੱਸ਼ਟ ਹਨ ਕਿ ਪੰਜਾਬ ਵਿਚ ਲੋਕ ਸਭਾ ਚੋਣਾਂ ਦੇ ਨਤੀਜੇ ਸੂਬੇ ਦੀ ਸਿਆਸਤ ਉੱਤੇ ਦੂਰਰਸ ਅਸਰ ਪਾਉਣਗੇ। ਇਹ ਕਿਹਾ ਤੇ ਸਮਝਿਆ ਜਾ ਰਿਹਾ ਹੈ ਕਿ ਜੇ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਚੋਣ ਜਿੱਤ ਜਾਂਦੇ ਹਨ ਤਾਂ ਇਸ ਦਾ ਸਿੱਧਾ ਅਸਰ ਅਮਰਿੰਦਰ ਸਿੰਘ ਦੀ ਸਰਕਾਰ ਦੇ ਕੰਮਕਾਜ ਉੱਤੇ ਪਵੇਗਾ। ਅਫ਼ਸਰਸ਼ਾਹੀ ਦਾ ਇਕ ਹਿੱਸਾ ਪਹਿਲਾਂ ਹੀ ਬਾਦਲਾਂ ਨਾਲ ਵਫ਼ਾਦਾਰੀ ਨਿਭਾਅ ਰਿਹਾ ਹੈ।

ਪੰਥਕ ਧਿਰਾਂ ਲਈ ਲੋਕ ਸਭਾ ਚੋਣਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਦੀ ਸ਼ੁਰੂਆਤ ਹਨ। ਉਨ੍ਹਾਂ ਦਾ ਨਿਸ਼ਾਨਾ ਬਾਦਲ ਪਰਿਵਾਰ ਨੂੰ ਇਸ ਪੰਥਕ ਸੰਸਥਾ ਨੂੰ ਬਾਦਲ ਪਰਿਵਾਰ ਦੀ ਜਕੜ ਤੋਂ ਮੁਕਤ ਕਰਾਉਣਾ ਹੈ। ਇਹ ਤਾਂ ਹੀ ਸੰਭਵ ਹੈ ਜੇ ਬਾਦਲ ਪਰਿਵਾਰ ਲੋਕ ਸਭਾ ਚੋਣਾਂ ਹਾਰ ਜਾਂਦਾ ਹੈ। ਇਸੇ ਕਰ ਕੇ ਹੀ ਇਹ ਧਿਰਾਂ ਆਪਣੇ ਢੰਗ ਨਾਲ ਚੋਣ ਮੈਦਾਨ ਵਿਚ ਪੂਰੀ ਤਰ੍ਹਾਂ ਸਰਗਰਮ ਹਨ।

**-ਜਗਤਾਰ ਸਿੰਘ**

ਸੰਪਰਕ: 97797-11201

## ਕੀ ਪ੍ਰੋਗਰਾਮ ਹੈ ਪੰਜਾਬ ਦੀਆਂ ਸਿਆਸੀ ਪਾਰਟੀਆਂ ਦਾ ਔਰਤਾਂ ਲਈ ?

ਔਰਤ 'ਤੇ ਹੁੰਦੀ ਹਿੰਸਾ ਦਾ ਹੈ ਜੋ ਸ਼ਾਇਦ ਕੁਝ ਪਾਰਟੀਆਂ ਨੇ ਚੁੱਕਿਆ ਹੋਵੇ। ਉਂਜ, ਕੀ ਉਹ ਪਾਸੇ ਵਾਕਈ ਇਮਾਨਦਾਰੀ ਨਾਲ ਤਵੱਜੋ ਦੇਣ ਲਈ ਤਿਆਰ ਹਨ ? ਬਲਾਤਕਾਰ, ਜਿਨਸੀ ਹਿੰਸਾ, ਵਿਆਹ ਤੋਂ ਬਾਅਦ ਬਲਾਤਕਾਰ, ਘਰੇਲੂ ਹਿੰਸਾ, ਦਹੇਜ, ਭਰੂਣ ਹੱਤਿਆ, ਇੱਜ਼ਤ ਦੇ ਨਾਂ 'ਤੇ ਹੱਤਿਆ (ਆਨਰ ਕਿਲਿੰਗ) ਵਰਗੇ ਰੌਂਗਟੇ ਖੜ੍ਹੇ ਕਰ ਦੇਣ ਵਾਲੇ ਅਤਿਆਚਾਰ; ਸੂਖਮ ਤੇ ਨਿੱਕੇ ਪੱਧਰ ਦੀ ਪਿਤਰਕੀ ਜਿਵੇਂ ਔਰਤਾਂ ਨੂੰ ਬੱਚਾ ਸਮਝਣਾ, ਵਾਰ ਵਾਰ ਗੱਲ ਕੱਟਣਾ, ਔਰਤ ਨੂੰ ਬੇਵਕੂਫ ਸਮਝ ਕੇ ਗਿਆਨ ਘੋਟਣਾ; ਬੁਨਿਆਦੀ-ਸੰਸਥਾਈ ਪਿਤਰਕੀ ਜਿਵੇਂ ਔਰਤ ਨੂੰ ਜ਼ਮੀਨ ਤੇ ਹੋਰ ਆਰਥਿਕ/ਉਤਪਾਦਨ ਦੇ ਸਾਧਨਾਂ ਵਿਚ ਵਿਚ ਬਰਾਬਰ ਹਿੱਸਾ ਨਾ ਦੇਣਾ, ਔਰਤ ਨੂੰ ਵਿਆਹ ਕਰਵਾ ਕੇ ਕਿਸੇ ਹੋਰ ਘਰ ਨੌਕਰਾਣੀ ਬਣਾ ਕੇ ਭੇਜਣਾ ਤੇ ਔਰਤ ਦੀ ਜ਼ਿੰਦਗੀ ਨੂੰ ਮਰਦਾਂ ਨਾਲ ਰਿਸ਼ਤਿਆਂ ਮੁਤਾਬਕ ਪ੍ਰੀਭਾਸ਼ਿਤ ਕਰਨਾ, ਇਹ ਸਭ ਉਹ ਵਰਤਾਰੇ ਹਨ ਜੋ ਔਰਤ ਦੀ ਜ਼ਿੰਦਗੀ ਨੂੰ ਨਰਕ ਬਣਾਉਂਦੇ ਹਨ।

ਕੀ ਕਿਸੇ ਸਿਆਸੀ ਪਾਰਟੀ ਨੇ ਇਨ੍ਹਾਂ ਔਰਤਾਂ ਬਾਰੇ ਗੱਲ ਕੀਤੀ ਹੈ ? ਕੀ ਕਿਸੇ ਪਾਰਟੀ ਨੇ ਇਸ ਵਾਰਚੋਣਾਂ ਵਿਚ ਔਰਤ ਦੀ ਆਜ਼ਾਦੀ ਲਈ ਆਵਾਜ਼ ਬੁਲੰਦ ਕੀਤੀ ਹੈ ? ਕੀ ਕਿਸੇ ਸਿਆਸੀ ਆਗੂ ਨੇ ਸਮਕਾਲੀ ਔਰਤ ਦੀ ਹਾਲਤ ਲਈ ਕੋਈ ਢੁੱਕਵਾਂ ਅਗਾਂਹਵਧੂ ਬਦਲ ਪੇਸ਼ ਕੀਤਾ ਹੈ ? ਕੀ ਪ੍ਰੋਗਰਾਮ ਹੈ ਪੰਜਾਬ ਦੀਆਂ ਸਿਆਸੀ ਪਾਰਟੀਆਂ ਦਾ ਔਰਤਾਂ ਲਈ ? ਇਹ ਕੁਝ ਸਵਾਲ ਹਨ ਜਿਨ੍ਹਾਂ ਬਾਰੇ ਸੋਚਣਾ ਇਸ ਸੂਬੇ ਦੀ ਹਰ ਜਾਗਰੂਕ ਔਰਤ ਦੀ ਲੋੜ ਅਤੇ ਫ਼ਰਜ਼ ਹੈ।

**-ਨਿਕਿਤਾ ਆਜ਼ਾਦ**

## ਵਿਦਿਆ ਦਾ ਵਪਾਰੀਕਰਨ

ਸਿੱਖਿਆ ਦੇ ਨਿੱਜੀਕਰਨ ਦਾ ਦੂਸਰਾ ਵੱਡਾ ਨੁਕਸਾਨ ਸਥਾਨਕ ਭਾਸ਼ਾਵਾਂ ਅਤੇ ਸਭਿਆਚਾਰ ਨੂੰ ਖੋਰਾ ਲਾਉਣਾ ਸਾਹਮਣੇ ਆਇਆ ਹੈ। ਬਹੁਤ ਸਾਰੇ ਅੰਗਰੇਜ਼ੀ ਮਾਧਿਅਮ ਸਕੂਲਾਂ ਵਿਚ ਮਾਤ ਭਾਸ਼ਾ ਬੋਲਣ 'ਤੇ ਹੀ ਪੂਰੀ ਤਰ੍ਹਾਂ ਪਾਬੰਦੀ ਹੁੰਦੀ ਹੈ। ਇਨ੍ਹਾਂ ਸਕੂਲਾਂ ਦੁਆਰਾ ਸਿਖਾਏ ਅਤੇ ਪੇਸ਼ ਕੀਤੇ ਜਾਂਦੇ ਸੱਭਿਆਚਾਰਕ ਪ੍ਰੋਗਰਾਮ ਸਥਾਨਕ ਸਭਿਆਚਾਰ ਤੋਂ ਪੂਰੀ ਤਰ੍ਹਾਂ ਸੱਖਣੇ ਹੁੰਦੇ ਹਨ। ਇਸ ਦੇ ਦੂਰ-ਰਸੀ ਸਿੱਟੇ ਮਾੜੇ ਹਾਸਲ ਹੋ ਰਹੇ ਹਨ। ਪਿਛਲੇ ਸਮਿਆਂ ਵਿਚ ਪੰਜਾਬ ਦੀਆਂ ਸੰਚਾਲਤ ਕੀਤੀਆਂ ਗਈਆਂ ਸਿਵਲ ਸੇਵਾਵਾਂ ਪ੍ਰੀਖਿਆਵਾਂ ਵਿਚ ਪੰਜਾਬੀ ਵਿਸ਼ੇ ਦੀ ਹੁੰਦੀ ਦੁਰਗਤ ਸਾਹਮਣੇ ਆਈ ਸੀ। ਯਾਦ ਰਹੇ, ਇਸ ਤਰ੍ਹਾਂ ਦੀ ਕਰੜੀ ਪ੍ਰੀਖਿਆ ਵਾਲੀਆਂ ਪ੍ਰੀਖਿਆਵਾਂ ਵਿਚ ਆਮ ਤੌਰ 'ਤੇ ਨਿੱਜੀ ਸਕੂਲਾਂ ਵਿਚੋਂ ਸਿੱਖਿਆ ਹਾਸਲ ਕਰਨ ਵਾਲੇ ਵਿਦਿਆਰਥੀ ਹੀ ਪ੍ਰੀਖਿਆਰਥੀ ਹੁੰਦੇ ਹਨ। ਦੇਖਿਆ ਜਾਵੇ ਤਾਂ ਅੰਗਰੇਜ਼ੀ ਹਕੂਮਤ ਦੀ ਧਰਮ ਅਤੇ ਸੱਭਿਆਚਾਰ ਦੇ ਪਾਸਾਰ ਵਾਲੀ ਨੀਤੀ ਦੇ ਖ਼ਿਲਾਫ਼ ਸ਼ੁਰੂ ਕੀਤੀਆਂ ਸੰਸਥਾਵਾਂ ਹੁਣ ਪੁੱਠਾ ਗੇੜਾ ਦੇ ਰਹੀਆਂ ਹਨ।

ਕੁਝ ਇਕ ਪੱਧਰ 'ਤੇ ਭਾਵੇਂ ਸਰਕਾਰੀ ਸਕੂਲਾਂ ਨੂੰ ਬਚਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ ਪਰ ਸਰਕਾਰਾਂ, ਤੇ ਵਿਸ਼ੇਸ਼ ਕਰਕੇ ਸਿਆਸਤਦਾਨਾਂ ਦੀਆਂ ਨੀਤਾਂ ਵਿਚ ਖੋਟ ਸਪੱਸ਼ਟ ਦਿਸਦੇ ਹੋਣ ਕਰਕੇ ਇਹ ਸੁਧਾਰ ਹੋਣੇ ਨਾਮੁਮਕਿਨ ਜਾਪ ਰਹੇ ਹਨ। ਨਿੱਜੀਕਰਨ ਦੇ ਖ਼ਤਰਨਾਕ ਰੁਝਾਨਾਂ ਨੂੰ ਭਾਂਪਦੇ ਹੋਏ ਸਾਨੂੰ ਹਰ ਪੱਧਰ 'ਤੇ ਇਸ ਦੇ ਖ਼ਿਲਾਫ਼ ਯਤਨ ਕਰਨੇ ਚਾਹੀਦੇ ਹਨ।

**-ਗੁਰਦੀਪ ਸਿੰਘ**

## ਹਰਿਆਣੇ ਦੇ ਸਿੱਖਾਂ ਤੇ ਪੰਜਾਬੀਆਂ ਦਾ ਦੁਖਾਂਤ

ਜਿਸ ਹਰਿਆਣੇ ਨੂੰ ਅੱਜ ਨੰਬਰ ਇਕ ਹਰਿਆਣਾ ਕਿਹਾ ਜਾਂਦਾ ਹੈ ਉਸ ਵਿਚੋਂ ਹਰਿਆਣੇ ਦੇ ਸਿੱਖਾਂ ਅਥਵਾ ਪੰਜਾਬੀਆਂ ਦੇ ਖ਼ੂਨ ਪਸੀਨੇ ਦੀ ਮਹਿਕ ਨੂੰ ਕਿਸੇ ਵੀ ਤਰ੍ਹਾਂ ਅਣਗੌਲਿਆ ਨਹੀਂ ਕੀਤਾ ਜਾ ਸਕਦਾ ਪਰ ਦੁਖਾਂਤ ਇਹ ਹੈ ਕਿ ਬਾਵਜੂਦ ਇਸ ਦੇ ਸੰਨ 1966 ਤੋਂ ਲੈ ਕੇ ਅੱਜ ਤੱਕ ਪਿਛਲੇ 52 ਸਾਲਾਂ ਦੇ ਲੰਮੇ ਸਮੇਂ ਤੋਂ ਹਰਿਆਣੇ ਦੇ ਸਿੱਖਾਂ ਨੂੰ ਉਨ੍ਹਾਂ ਦਾ ਬਣਦਾ ਵਾਜਬ ਹੱਕ ਤੇ ਸਨਮਾਨ ਮਿਲਣਾ ਤਾਂ ਇਕ ਪਾਸੇ ਰਿਹਾ ਉਲਟਾ ਉਨ੍ਹਾਂ ਨਾਲ ਸ਼ਰਨਾਰਥੀ, ਬਾਹਰਲੇ ਤੇ ਬੇਗਾਨੇ ਮੰਨ ਕੇ ਹਰਿਆਣੇ ਦੇ ਦੂਜੇ ਦਰਜੇ ਦੇ ਨਾਗਰਿਕਾਂ ਵਾਲਾ ਵਿਵਹਾਰ ਹੀ ਕੀਤਾ ਜਾਂਦਾ ਰਿਹਾ ਹੈ। ਹਰਿਆਣਾ ਬਣਦਿਆਂ ਹੀ ਕਾਂਗਰਸ ਪਾਰਟੀ ਦਾ ਆਗੂ ਚੌਧਰੀ ਬੰਸੀ ਲਾਲ ਜਦੋਂ ਹਰਿਆਣਾ ਦਾ ਮੁੱਖ ਮੰਤਰੀ ਬਣਿਆ ਤਾਂ ਉਸ ਨੇ ਹਰਿਆਣੇ ਵਿਚੋਂ ਸਭ ਤੋਂ ਪਹਿਲਾਂ ਪੰਜਾਬੀ ਭਾਸ਼ਾ ਨੂੰ ਖ਼ਤਮ ਕਰਕੇ ਤੇਲਗੂ ਭਾਸ਼ਾ, ਜਿਸ ਦਾ ਨਾਂਅ ਤੱਕ ਵੀ ਕੋਈ ਹਰਿਆਣਵੀ ਨਹੀਂ ਸੀ ਜਾਣਦਾ, ਦੂਜੀ ਭਾਸ਼ਾ ਬਣਾ ਦਿੱਤੀ। ਲੰਮੇ ਤੇ ਕਰੜੇ ਸੰਘਰਸ਼ ਤੋਂ ਬਾਅਦ ਭਾਵੇਂ ਪਿਛਲੇ ਸਮੇਂ ਵਿਚ ਭੂਪਿੰਦਰ ਸਿੰਘ ਹੁੱਡਾ ਦੀ ਸਰਕਾਰ ਸਮੇਂ ਵਿਧਾਨ ਸਭਾ ਵਿਚੋਂ ਮਤਾ ਪਾਸ ਕਰਵਾ ਕੇ ਪੰਜਾਬੀ ਭਾਸ਼ਾ ਦਾ ਦੂਜੀ ਭਾਸ਼ਾ ਦੇ ਰੂਪ ਵਿਚ ਨੋਟੀਫਿਕੇਸ਼ਨ ਤਾਂ ਕਰਵਾ ਲਿਆ ਗਿਆ ਪਰੰਤੂ ਅੱਜ ਵੀ ਅਮਲੀ ਰੂਪ ਵਿਚ ਪੰਜਾਬੀ ਨੂੰ ਹਰਿਆਣੇ ਵਿਚ ਦੂਜੀ ਭਾਸ਼ਾ ਵਜੋਂ ਲਾਗੂ ਨਹੀਂ ਕੀਤਾ ਗਿਆ। ਉਲਟਾ ਕਈ ਵਾਰੀ ਸਮੇਂ ਸਮੇਂ ਸਰਕਾਰਾਂ ਵਲੋਂ ਅਜਿਹੀਆਂ ਨੀਤੀਆਂ ਅਤੇ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ ਜਿਨ੍ਹਾਂ ਨਾਲ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਨੂੰ ਖ਼ਤਮ ਕਰਨ ਦੇ ਯਤਨ ਕੀਤੇ ਜਾਂਦੇ ਹਨ। ਕਿਸੇ ਵੀ ਕੌਮ ਦੀ ਭਾਸ਼ਾ ਦਾ ਸਬੰਧ ਉਸ ਕੌਮ ਦੀ ਸੱਭਿਅਤਾ, ਸੰਸਕ੍ਰਿਤੀ, ਵਿਰਾਸਤ ਇਤਿਹਾਸ ਤੇ ਪਰੰਪਰਾ ਨਾਲ ਹੁੰਦਾ ਹੈ ਜੋ ਉਸ ਕੌਮ ਦੀ ਹੋਂਦ ਤੇ ਪਛਾਣ ਦੇ ਲਖਾਇਕ ਹੁੰਦੇ ਹਨ। ਪੰਜਾਬੀ ਭਾਸ਼ਾ ਸਿੱਖਾਂ ਅਥਵਾ ਪੰਜਾਬੀਆਂ ਦੀ ਮਾਂ-ਬੋਲੀ ਹੈ ਜਿਸ ਦਾ ਸਬੰਧ ਪੰਜਾਬੀ ਸੱਭਿਆਚਾਰ ਨਾਲ ਹੈ, ਪੰਜਾਬ ਦੀ ਸੱਭਿਅਤਾ ਨਾਲ ਹੈ, ਇਤਿਹਾਸ ਨਾਲ ਹੈ, ਗੁਰੂਆਂ ਨਾਲ ਹੈ, ਗੁਰਬਾਣੀ ਨਾਲ ਹੈ। ਇਸ ਸਾਰੇ ਕੁਝ ਦਾ ਸਬੰਧ ਸਿੱਖਾਂ ਦੀ ਪਹਿਚਾਣ ਨਾਲ ਹੈ, ਹੋਂਦ ਨਾਲ ਹੈ। ਜੇ ਪੰਜਾਬੀ ਖ਼ਤਮ ਹੋ ਗਈ ਤਾਂ ਇਹ ਸਾਰਾ ਕੁਝ ਖ਼ਤਮ ਹੋ ਜਾਵੇਗਾ, ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਵਿਰਸੇ, ਆਪਣੀ ਪਰੰਪਰਾ, ਆਪਣੇ ਇਤਿਹਾਸ ਤੋਂ ਵਿਛੁੰਨ ਜਾਣਗੀਆਂ, ਜਿਸ ਨਾਲ ਸਾਡੀ ਹੋਂਦ, ਸਾਡੀ ਪਹਿਚਾਣ ਖ਼ਤਮ ਹੋ ਜਾਵੇਗੀ । ਸੰਨ 1966 ਤੋਂ ਲੈ ਕੇ ਅੱਜ ਤਕ ਹਰਿਆਣੇ ਦੀ ਕਿਸੇ ਵੀ ਸਿਆਸੀ ਪਾਰਟੀ ਨੇ ਹਰਿਆਣੇ ਦੇ ਸਿੱਖਾਂ ਨੂੰ ਆਬਾਦੀ ਦੇ ਮੁਤਾਬਿਕ ਉਨ੍ਹਾਂ ਦਾ ਬਣਦਾ ਰਾਜਸੀ ਹੱਕ ਜਾਂ ਹਿੱਸੇਦਾਰੀ ਤਾਂ ਕੀ ਕਿਸੇ ਕਾਰਪੋਰੇਸ਼ਨ, ਕਮੀਸ਼ਨ, ਜਾਂ ਕਿਸੇ ਸਰਕਾਰੀ ਅਦਾਰੇ ਜਾਂ ਸੰਸਥਾ ਦੇ ਉੱਚੇ ਅਹੁਦਿਆਂ ਉਤੇ ਵੀ ਨਿਯੁਕਤ ਕਰਨ ਨੂੰ ਕੋਈ ਤਰਜੀਹ ਨਹੀਂ ਦਿੱਤੀ। ਵਿਧਾਨ ਪਾਲਿਕਾ, ਕਾਰਜਪਾਲਿਕਾ ਤੇ ਨਿਆਂਪਾਲਿਕਾ ਕਿਸੇ ਵਿਚ ਵੀ ਸਿੱਖਾਂ ਦੇ ਨੁਮਾਇੰਦਿਆਂ ਦੀ ਅਣਹੋਂਦ ਹਰਿਆਣੇ ਦੀ 15 ਲੱਖ ਤੋਂ ਉੱਪਰ ਦੀ ਸਿੱਖ ਆਬਾਦੀ ਨਾਲ ਜਿੱਥੇ ਵੱਡਾ ਧੋਖਾ ਤੇ ਅਨਿਆਂ ਹੈ ਉੱਥੇ ਨਾਲ ਹੀ ਇਸ ਨੂੰ ਸਿੱਖਾਂ ਦੇ ਵੱਕਾਰ ਤੇ ਸਨਮਾਨ ਨੂੰ ਵੀ ਠੇਸ ਪਹੁੰਚਾਉਣ ਤੋਂ ਘੱਟ ਨਹੀਂ ਕਿਹਾ ਜਾ ਸਕਦਾ। ਮਹੱਤਵਪੂਰਨ ਗੱਲ ਇਹ ਹੈ ਕਿ ਸਮਾਜਿਕ, ਆਰਥਿਕ ਪੜ੍ਹਾਈ ਲਿਖਾਈ ਅਤੇ ਹਰ ਪੱਖੋਂ ਸਮੱਰਥ ਅਤੇ ਯੋਗ ਹੋਣ ਦੇ ਬਾਵਜੂਦ ਰਾਜਨੀਤਕ ਪੱਖੋਂ ਕਮਜ਼ੋਰ ਹੋਣ ਕਰਕੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਪ੍ਰਤੀ ਅੱਜ ਹਰਿਆਣੇ ਦਾ ਸਮੁੱਚਾ ਸਿੱਖ ਭਾਈਚਾਰਾ ਚਿੰਤਾ ਅਤੇ ਨਿਰਾਸ਼ਾ ਦੀ ਸਥਿਤੀ ਵਿਚ ਹੈ। ਉਹ ਸਥਿਤੀ ਦੇ ਸੱਚ ਨੂੰ ਪੂਰੀ ਤਰ੍ਹਾਂ ਸਮਝਦਾ ਹੈ ਅਤੇ ਇਸ ਦੁਖਾਂਤਕ ਸਥਿਤੀ ਵਿਚੋਂ ਬਾਹਰ ਨਿਕਲਣ ਲਈ ਕਿਸੇ ਯੋਗ ਤੇ ਸਮਰੱਥ ਸਿਆਸੀ ਸਰਪ੍ਰਸਤੀ ਦੀ ਤਲਾਸ਼ ਵਿਚ ਹੈ ਜਿਹੜੀ ਉਸ ਨੂੰ ਉਸ ਦਾ ਖ਼ੁੱਸਿਆ ਹੋਇਆ ਵਕਾਰ, ਸਨਮਾਨ ਤੇ ਹੱਕ ਦਿਵਾ ਸਕੇ।

**-ਪ੍ਰੋ. ਰਜਿੰਦਰ ਸਿੰਘ**

ਸਾਬਕਾ ਚੇਅਰਮੈਨ, ਪੰਜਾਬੀ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ

## ਪ੍ਰਾਪਤੀਆਂ ਮਾਤ ਭਾਸ਼ਾ 'ਚ ਸਿੱਖਿਆ ਹਾਸਲ ਕਰ ਕੇ ਕੀਤੀਆਂ ਜਾ ਸਕਦੀਆਂ ਹਨ

ਦੁਨੀਆ ਭਰ ਦੀ ਖੋਜ ਨੇ ਸਿੱਧ ਕੀਤਾ ਹੈ ਕਿ ਕਿਸੇ ਵੀ ਵਿਸ਼ੇ ਦੀ, ਚਾਹੇ ਉਹ ਵਿਗਿਆਨ ਦਾ ਹੋਵੇ ਜਾਂ ਕੋਈ ਹੋਰ, ਮਾਤ ਭਾਸ਼ਾ 'ਚ ਸਿੱਖਿਆ ਦਾ ਕੋਈ ਹਕੀਕੀ ਬਦਲ ਨਹੀਂ। ਜੋ ਪ੍ਰਾਪਤੀਆਂ ਮਾਤ ਭਾਸ਼ਾ 'ਚ ਸਿੱਖਿਆ ਹਾਸਲ ਕਰ ਕੇ ਕੀਤੀਆਂ ਜਾ ਸਕਦੀਆਂ ਹਨ, ਉਹ ਕਿਸੇ ਹੋਰ ਭਾਸ਼ਾ 'ਚ ਸਿੱਖਿਆ ਪ੍ਰਾਪਤ ਕਰ ਕੇ ਕਰਨੀਆਂ ਸੰਭਵ ਨਹੀਂ। ਮਾਤ ਭਾਸ਼ਾ 'ਚ ਸਿੱਖਿਆ ਦਾ ਬਦਲ ਨਾ ਹੋਣ ਦਾ ਅਰਥ ਹੈ ਕਿ ਜਿਹੜਾ ਸਮਾਜ ਜਾਂ ਦੇਸ਼ ਬੇਗਾਨੀ ਭਾਸ਼ਾ 'ਚ ਸਿੱਖਿਆ ਦਿੰਦਾ ਹੈ, ਉਹ ਕਿਸੇ ਇਕ ਪੱਖ ਤੋਂ ਨਹੀਂ ਸਗੋਂ ਅਨੇਕਾਂ ਪੱਖਾਂ ਤੋਂ ਵੱਡੇ ਘਾਟੇ ਖਾਂਦਾ ਹੈ, ਆਪਣੀਆਂ ਅਗਲੀਆਂ ਪੀੜ੍ਹੀਆਂ ਦੇ ਬਚਪਨ ਤੇ ਜਵਾਨੀ ਨੂੰ ਡੂੰਘੇ ਦੁੱਖਾਂ 'ਚ ਪਾਉਂਦਾ ਹੈ ਅਤੇ ਉਨ੍ਹਾਂ ਦਾ ਭਵਿੱਖ ਹਨੇਰਾ ਕਰਦਾ ਹੈ। ਜਿਸ ਦਰਦਨਾਕ ਇਤਿਹਾਸਕ ਗੇੜ 'ਚ ਅੰਗਰੇਜ਼ੀ ਦਾ ਜੂਲਾ ਸਾਡੀਆਂ ਧੌਣਾਂ 'ਤੇ ਟਿਕਿਆ ਹੈ, ਇਸ ਦੇ ਇਵੇਂ ਟਿਕੇ ਰਹਿਣ ਤੋਂ ਵੱਡੀ 'ਗੁਲਾਮ ਮਾਨਸਿਕਤਾ' ਦੀ ਕੋਈ ਹੋਰ ਮਿਸਾਲ ਨਹੀਂ ਮਿਲ ਸਕਦੀ। ਆਜ਼ਾਦੀ ਹਾਸਲ ਕਰਨ ਲਈ ਸ਼ਹਾਦਤਾਂ ਅਤੇ ਕੁਰਬਾਨੀਆਂ ਦਾ ਅੱਜ ਇਹ ਮੁੱਲ ਪੈ ਰਿਹਾ ਹੈ ਕਿ ਵੱਡਾ ਹਿੱਸਾ ਦੇਸ਼ ਕਹਿ ਰਿਹਾ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਤੋਂ ਬਿਨਾਂ ਕੋਈ ਗਿਆਨ ਨਹੀਂ ਦੇ ਸਕਦੇ, ਜਦੋਂ ਕਿ ਦੁਨੀਆ ਭਰ ਦੀ ਖੋਜ ਤੇ ਤਜਰਬਾ ਦੱਸਦਾ ਹੈ ਕਿ ਇਸ ਨਾਲ ਸਿੱਖਿਆਵੀ, ਭਾਸ਼ਾਈ, ਸੱਭਿਆਚਾਰਕ ਆਦਿ ਅਪੰਗਤਾ ਹੀ ਪੱਲੇ ਪੈਂਦੀ ਹੈ।

**-ਜਗਜੀਤ ਸਿੰਘ**

ਤਕਨੀਕੀ ਸਹਾਇਕ, ਭਾਸ਼ਾ ਵਿਗਿਆਨ ਤੇ ਪੰਜਾਬੀ ਕੋਸ਼ਕਾਰੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਾਲੇ ਮੁੱਦੇ ਨੂੰ 'ਮਰਿਆ ਘੋੜਾ ਕੁੱਟਣਾ' ਕਹਿ ਕੇ ਹਰਸਿਮਰਤ ਬਾਦਲ ਨੇ ਕੀਤੀ ਹੋਰ ਬੇਅਦਬੀ

ਆਪਣੇ ਦਸ ਸਾਲਾ ਰਾਜ ਦੌਰਾਨ ਵੋਟ ਭੁੱਖ ਕਾਰਨ ਕਰਵਾਏ ਬੇਅਦਬੀ ਕਾਂਡ ਨੂੰ ਬਾਦਲ ਪਰਿਵਾਰ ਹਰ ਹੀਲੇ ਦਬਾਉਣਾ ਚਾਹੁੰਦਾ ਹੈ। ਬਰਗਾੜੀ ਅਤੇ ਬਹਿਬਲ ਕਲਾਂ ਵਿਖੇ ਸੰਨ 2015 ਵਿਚ ਵਾਪਰੇ ਇਸ ਘਿਨਾਉਣੇ ਵਾਕਿਆ ਮੌਕੇ ਸਰਕਾਰੀ ਪੱਧਰ 'ਤੇ ਨਿਭਾਈ ਗਈ ਗੈਰ-ਜ਼ਿੰਮੇਵਾਰਾਨਾ ਪਹੁੰਚ ਤੋਂ ਲੈ ਕੇ ਹੁਣ ਤੱਕ ਇਸ ਕਾਂਡ ਦੇ ਅਸਲ ਦੋਸ਼ੀਆਂ ਤੱਕ ਪਹੁੰਚਣ ਲਈ ਜਿੰਨੀਆਂ ਵੀ ਜਾਂਚ-ਪੜਤਾਲਾਂ ਜਾਂ ਹੋਰ ਪ੍ਰਸ਼ਾਸਕੀ ਕਾਰਵਾਈਆਂ ਹੋਈਆਂ, ਉਨ੍ਹਾਂ ਸਭ ਦਾ ਬਾਦਲ ਦਲ, ਖਾਸ ਕਰ ਬਾਦਲ ਪਰਿਵਾਰ ਸਿੱਧਾ ਵਿਰੋਧ ਹੀ ਕਰਦਾ ਆ ਰਿਹਾ ਹੈ।

ਆਪੇ ਬਿਠਾਏ ਜੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਰਾਜਕੀ ਪੱਧਰ 'ਤੇ ਰਿਸੀਵ ਨਾ ਕਰਨ ਤੋਂ ਲੈ ਕੇ ਬੇਅਦਬੀ ਮੁੱਦੇ 'ਤੇ ਜੁੜੇ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦਾ ਬਾਈਕਾਟ, ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਅਹਿਮ ਰਿਪੋਰਟ ਨੂੰ ਰੱਦੀ ਦੇ ਭਾਅ ਵੇਚਣ ਦੇ ਡਰਾਮੇ ਅਤੇ ਹੁਣ ਆਨੇ ਬਹਾਨੇ 'ਸਿੱਟ' ਦੇ ਮੈਂਬਰ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਅਹੁਦਿਓਂ ਲਾਹੁਣ ਤੱਕ ਬਾਦਲ ਪਿਓ-ਪੁੱਤਰ ਦੀ ਇਹੋ ਕੋਸ਼ਿਸ਼ ਰਹੀ ਹੈ ਕਿ ਯਾ ਰੱਬਾ ਜਾਂਚ ਪੜਤਾਲ ਦੀ ਇਹ ਫਾਹੀ ਸਾਥੋਂ ਦੂਰ ਹੀ ਰਹੇ। ਹੁਣ ਇਸੇ ਲੜੀ ਵਿਚ ਵਾਧਾ ਕੀਤਾ ਹੈ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਕੌਰ ਬਾਦਲ ਨੇ ਜੋ ਕੇਂਦਰੀ ਮੰਤਰੀ ਵੀ ਹਨ। ਅੰਗਰੇਜ਼ੀ ਟ੍ਰਿਬਿਊਨ ਵਿਚ ਬੀਬੀ ਬਾਦਲ ਦੀ ਇੰਟਰਵਿਊ ਛਪੀ ਹੈ, ਜਿਸ ਵਿਚ ਉਨ੍ਹਾਂ ਪੱਤਰਕਾਰਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਾਲੇ ਮਸਲੇ ਬਾਬਤ ਕੀਤੇ ਸਵਾਲ ਦੇ ਜਵਾਬ ਵਿਚ ਇਹ ਹੋਛੀ ਗੱਲ ਕਹੀ, ਕਿ ਇਹ ਮੁੱਦਾ ਤਾਂ ਹੁਣ 'ਮਰਿਆ ਘੋੜਾ ਕੁੱਟਣ' ਵਾਲੀ ਗੱਲ ਹੀ ਹੈ, (9t is like Flogging a dead Horse)। ਬੀਬਾ ਜੀ ਦੇ ਪਤੀ ਸੁਖਬੀਰ ਸਿੰਘ ਬਾਦਲ ਜੋ ਅਕਾਲੀ ਦਲ ਦੇ ਪ੍ਰਧਾਨ ਹਨ, ਵੀ ਹਮੇਸ਼ਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਾਲੇ ਮੁੱਦੇ ਨੂੰ ਬੜੇ ਹੀ ਹਲਕੇ ਪੱਧਰ 'ਤੇ ਲੈਂਦਿਆਂ ਕਹਿ ਦਿੰਦੇ ਨੇ ਕਿ ਇਨ੍ਹਾਂ ਚੋਣਾਂ ਵਿਚ ਇਹ ਕੋਈ ਮੁੱਦਾ ਨਹੀਂ ਹੈ। ਪਰ ਬੀਬਾ ਹਰਸਿਮਰਤ ਨੇ ਤਾਂ ਆਪਣੇ ਪਤੀ ਤੋਂ ਦੋ ਰੱਤੀਆਂ 'ਤੇ ਜਾ ਕੇ ਲੱਖਾਂ ਸਿੱਖਾਂ ਦੇ ਹਿਰਦਿਆਂ ਵਿਚ ਖੰਜਰ ਵਾਂਗ ਖੁੱਭੇ ਹੋਏ ਬੇਅਦਬੀ ਕਾਂਡ ਨੂੰ 'ਮਰਿਆ ਘੋੜਾ' ਹੀ ਬਣਾ ਦਿੱਤਾ। ਅਜਿਹਾ ਬੇਹੂਦਾ ਸ਼ਬਦ ਵਰਤ ਕੇ ਕੀ ਬੀਬੀ ਹਰਸਿਮਰਤ ਨੇ ਬਾਦਲ ਪਰਿਵਾਰ ਨੂੰ ਇਕ ਹੋਰ ਬੇਅਦਬੀ ਦਾ ਗੁਨਾਹਗਾਰ ਨਹੀਂ ਬਣਾ ਦਿੱਤਾ ?

ਇਕ ਮੌਕੇ 'ਆਪ' ਦੇ ਮੈਨੀਫੈਸਟੋ ਦੇ ਕਵਰ ਪੇਜ਼ 'ਤੇ ਸ੍ਰੀ ਦਰਬਾਰ ਸਾਹਿਬ ਦੀ ਫੋਟੋ ਹੇਠ ਛਪੀ ਝਾੜੂ ਦੀ ਫੋਟੋ ਵਿਰੁੱਧ 'ਧਾਰਮਿਕ ਅਵੱਗਿਆ' ਦਾ ਹੋ-ਹੱਲਾ ਮਚਾਉਣ ਵਾਲੇ ਬਾਦਲ ਦਲ ਵਾਲੇ ਸਿੱਖ ਭਰਾ ਕੀ ਹੁਣ 'ਮਰਿਆ ਘੋੜਾ ਕੁੱਟਣ' ਵਾਲੇ ਅਭੱਦਰ ਸ਼ਬਦ ਵਿਰੁੱਧ ਆਵਾਜ਼ ਚੁੱਕਣਗੇ ?

**-ਤਰਲੋਚਨ ਸਿੰਘ ਦੁਪਾਲਪੁਰ**

ਕੈਲੀਫੋਰਨੀਆ (ਯੂਐਸਏ.)-011-408-915-1268

# ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਕਾਰਨ

**ਡਾ. ਸਰਬਜਿੰਦਰ ਸਿੰਘ**

ਗੁਰੂ ਨਾਨਕ ਪਾਤਸ਼ਾਹ ਨੇ ਹਿੰਦੁਸਤਾਨ ਦੀ ਧਰਤੀ 'ਤੇ ੧ਓ ਦਾ ਦੈਵੀ ਨਾਦ ਗੁੰਜਾ ਕੇ ਇੱਥੋਂ ਦੀ ਦੱਬੀ-ਕੁਚਲੀ ਲੋਕਾਈ ਨੂੰ ਇਹ ਅਹਿਸਾਸ ਕਰਾਇਆ ਕਿ ਕੁੱਲ ਕਾਇਨਾਤ ਉਸ ਅਕਾਲ ਪੁਰਖ ਦੀ ਸੰਤਾਨ ਹੈ। ਭਾਰਤੀ ਭੂ-ਮੰਡਲ ਤੇ ਅਕਾਲ ਪੁਰਖ ਇਕ ਅਤੇ ਉਸ ਦੀ ਸਿਰਜੀ ਕਿਰਤ ਵੀ ਇਕ, ਦਾ ਅਜਿਹਾ ਨਵਾਂ ਤੇ ਨਿਵੇਕਲਾ ਪਾਠ ਪੜ੍ਹਾਇਆ ਕਿ ਹਿੰਦੁਸਤਾਨ ਦੀ ਲੋਕਾਈ ਦੀਆਂ ਨਾੜਾਂ ਵਿਚ ਸਦੀਆਂ ਤੋਂ ਯਖ਼ ਹੋਏ ਖ਼ੂਨ ਨੇ ਰੁਮਕਣਾ ਸ਼ੁਰੂ ਕਰ ਦਿੱਤਾ। ਹੁਣ ਗੁਰੂ ਨਾਨਕ ਉਨ੍ਹਾਂ ਦੀ ਮੁਕਤੀ ਦਾ ਰਹਿਬਰ ਸੀ ਅਤੇ ਉਹ ਉਸ ਦੇ 'ਬੰਦੇ'। ਦੂਰ-ਦਰਾਜ ਤੋਂ ਸੈਂਕੜਿਆਂ ਦੀ ਗਿਣਤੀ ਵਿਚ ਲੋਕ ਗੁਰੂ ਸਾਹਿਬ ਦੇ ਦੈਵੀ ਝੰਡੇ ਥੱਲੇ ਇਕੱਤਰ ਹੋਣ ਲੱਗੇ। ਗੁਰੂ ਨਾਨਕ ਪਾਤਸ਼ਾਹ ਨੇ ਸ਼ੋਸ਼ਣਕਾਰੀਆਂ ਦੀ ਧੱਕੇਸ਼ਾਹੀ ਵਿਰੁੱਧ ਪਾਠ ਪੜ੍ਹਾਉਣ ਲਈ ਦੁਨੀਆ ਦਾ ਭਰਮਣ ਕੀਤਾ। ਬਰਾਬਰੀ, ਮਨੁੱਖੀ ਸਨਮਾਨ, ਸੁਤੰਤਰਤਾ ਅਤੇ ਭਾਈਚਾਰੇ ਦੇ ਅਜਿਹੇ ਪੂਰਨੇ ਪਾਏ ਕਿ ਉਹ ਦਮਨਕਾਰੀਆਂ ਵਿਰੁੱਧ ਗੁਰਮਤਿ ਦੇ ਝੰਡੇ ਹੇਠ ਲਾਮਬੰਦ ਹੋਣ ਲੱਗੇ। ਭੂਤ, ਭਵਿੱਖ ਦੇ ਚੱਕਰ ਵਿਚੋਂ ਨਿਕਲ ਕੇ ਵਰਤਮਾਨ ਦੀ ਸਥਾਪਨਾ ਉਨ੍ਹਾਂ ਦੀ ਮਾਨਸਿਕਤਾ ਦਾ ਹਿੱਸਾ ਬਣ ਗਈ। ਗੁਰੂ ਨਾਨਕ ਪਾਤਸ਼ਾਹ ਦੇ ਸਿਧਾਂਤ ਮਨੁੱਖਾਂ ਦੇ ਮਾੜੇ ਭਾਗਾਂ 'ਤੇ ਬਾਰਸ਼ੇ ਰਹਿਮਤ ਸਿੱਧ ਹੋਏ। ਗੁਲਾਮ ਜ਼ਹਿਨੀਅਤ ਦੇ ਕਾਲੇ ਬੱਦਲ ਛੰਡਣ ਲੱਗੇ ਅਤੇ ਇਨ੍ਹਾਂ ਵਿਚੋਂ ਨਵੇਂ-ਨਵੇਲੇ ਸੂਰਜ ਦੇ ਲਿਸ਼ਕਾਰੇ ਦੱਬੀ-ਕੁਚਲੀ ਲੋਕਾਈ ਲਈ ਨਵਾਂ ਸੁਨੇਹਾ ਲੈ ਕੇ ਆਉਣ ਲੱਗੇ।

ਇਨ੍ਹਾਂ ਪੂਰਨਿਆਂ ਨੂੰ ਬਾਕੀ ਗੁਰੂ ਸਾਹਿਬਾਨ ਨੇ ਅਮਲ ਵਿਚ ਤਬਦੀਲ ਕਰਦਿਆਂ ਸਿਰਲੱਥ ਸੂਰਮਿਆਂ ਦੀ ਇਕ ਅਜਿਹੀ ਕੌਮੀਅਤ ਤਿਆਰ ਕਰ ਦਿੱਤੀ ਜੋ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਦੇ ਸੰਕਲਪ ਨਾਲ ਸਰਸ਼ਾਰ ਹੋਈ ਪਈ ਸੀ। ਗੁਰੂ ਨਾਨਕ ਪਾਤਸ਼ਾਹ ਦੇ ਘਰ ਨਾ ਹਿੰਦੂ- ਮੁਸਲਮਾਨ ਦਾ ਫਰਕ ਸੀ, ਨਾ ਹੀ ਊਚ ਨੀਚ ਅਤੇ ਔਰਤ-ਮਰਦ ਦਾ। ਗੁਰੂ ਨਾਨਕ ਸਾਹਿਬ ਦਾ ਸੰਗੀ-ਸਾਥੀ ਭਾਈ ਮਰਦਾਨਾ, ਜੋ ਗੁਰੂ ਸਾਹਿਬ ਨਾਲ ਅੰਤਿਮ ਸੁਆਸ ਤਕ ਨਿਭਿਆ, ਮੁਸਲਮਾਨ ਸੀ ਅਤੇ ਭਾਈ ਲਾਲੋ ਤਰਖਾਣ ਜਾਤ ਦਾ ਸੀ। ਗੁਰੂ ਨਾਨਕ ਪਾਤਸ਼ਾਹ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪਣੇ ਅਨਿੰਨ ਸਿੱਖ ਭਾਈ ਲਹਿਣੇ ਨੂੰ ਗੁਰੂ ਅੰਗਦ ਵਜੋਂ ਗੁਰ ਗੱਦੀ ਤੇ ਸੁਸ਼ੋਭਿਤ ਕਰ ਇਕ ਨਿਵੇਕਲਾ ਪ੍ਰਸੰਗ ਸਥਾਪਿਤ ਕਰ ਇਹ ਵੀ ਅਹਿਸਾਸ ਕਰਵਾ ਦਿੱਤਾ ਸੀ ਕਿ ਨਾਨਕ ਘਰ ਵਿਚ ਯੋਗਤਾ ਆਧਾਰ ਹੈ, ਜਨਮ ਨਹੀਂ। ਗੁਰੂ ਅੰਗਦ ਪਾਤਸ਼ਾਹ ਨੇ ਗੁਰਗੱਦੀ 'ਤੇ ਬੈਠਦੇ ਹੀ, ਗੁਰੂ ਨਾਨਕ ਪਾਤਸ਼ਾਹ ਵੱਲੋਂ ਦਿੱਤੇ ਸਿਧਾਂਤਾਂ ਨੂੰ ਅਮਲ ਵਿਚ ਢਾਲਣ ਦਾ ਕਾਰਜ ਜਾਰੀ ਰੱਖਿਆ ਅਤੇ ਸਭ ਤੋਂ ਪਹਿਲਾਂ ਆਪਣੀ ਪਤਨੀ ਮਾਤਾ ਖੀਵੀ ਜੀ ਨੂੰ ਲੰਗਰ ਦੀ ਮੁਖੀਆ ਸਥਾਪਿਤ ਕਰ ਔਰਤ ਦੇ ਸਨਮਾਨ ਨੂੰ ਸਿਖਰ ਉਤੇ ਪਹੁੰਚਾ ਦਿੱਤਾ ਸੀ। ਔਰਤ ਦੇ ਇਸ ਸਥਾਨ ਦੀ ਉਸ ਵੇਲੇ ਦੇ ਸਮਿਆਂ ਵਿਚ ਕਿਆਸ ਕਰਨਾ ਵੀ ਮੁਸ਼ਕਲ ਸੀ। ਗੁਰਮੁਖੀ ਲਿੱਪੀ ਵਿਚ ਸੁਧਾਰ ਕਰ ਸਿੱਖਾਂ ਦੀ ਆਪਣੀ ਲਿੱਪੀ ਸਥਾਪਿਤ ਕਰ ਦਿੱਤੀ ਅਤੇ ਹੁਮਾਯੂ ਦੇ ਹਉਮੈਂ ਨੂੰ ਤੋੜ ਕੇ ਇਹ ਸਥਾਪਿਤ ਕਰ ਦਿੱਤਾ ਕਿ ਗੁਰੂ ਘਰ ਵਿਚ ਅਕਾਲ ਪੁਰਖ ਦੇ ਭੈਅ ਨੂੰ ਨਮੋਂ ਹੈ ਪਰ ਤਖ਼ਤ ਦੇ ਭੈਅ ਨੂੰ ਕਬੂਲ ਕਰਨ ਦਾ ਕੋਈ ਸਥਾਨ ਹੀ ਨਹੀਂ ਹੈ।

ਅਮਰਦਾਸ ਨਾਨਕ ਘਰ ਦੀ ਨਿਰਖਾਂ-ਪਰਖਾਂ ਵਿਚ ਪਾਸ ਹੋਏ ਅਤੇ ਤੀਸਰੇ ਗੁਰੂ ਪਾਤਸ਼ਾਹ ਵਜੋਂ ਗੁਰਗੱਦੀ 'ਤੇ ਸੁਸ਼ੋਭਿਤ ਹੋਏ। ਗੁਰਗੱਦੀ 'ਤੇ ਬੈਠਦੇ ਹੀ ਉਨ੍ਹਾਂ ਨੇ ਮਹਿਸੂਸ ਕਰ ਲਿਆ ਸੀ ਕਿ ਆਉਣ ਵਾਲਾ ਸਮਾਂ ਵੰਗਾਰਾਂ ਭਰਿਆ ਹੈ। ਇਨ੍ਹਾਂ ਵੰਗਾਰਾਂ ਦਾ ਟਾਕਰਾ ਕਰਨ ਲਈ ਭਾਰਤੀ ਮਾਨਸਿਕਤਾ ਦੇ ਅੰਦਰ ਪਏ ਡਰ ਨੂੰ ਦੂਰ ਕਰ ਸੂਰਬੀਰ ਮਾਨਸਿਕਤਾ ਨੂੰ ਉਜਾਗਰ ਕਰਨਾ ਹੈ। ਇਸ ਵਾਸਤੇ ਸਭ ਤੋਂ ਪਹਿਲਾਂ ਉਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ ਹਿਤ ਬਾਈ ਮੰਜੀਆਂ ਦੀ ਸਥਾਪਤੀ ਕਰ ਦਿੱਤੀ ਤਾਂ ਕਿ 'ਪਤ ਸੇਤੀ' ਜ਼ਿੰਦਗੀ ਜਿਊਣ ਵਾਲਿਆਂ ਨੂੰ ਤਿਆਰ ਕੀਤਾ ਜਾਵੇ। ਦੂਸਰਾ ਮੰਜੀਆਂ ਦੀ ਗਿਣਤੀ ਮੁਗਲੀਆ ਹਕੂਮਤ ਦੇ ਬਾਈ ਸੂਬਿਆਂ ਦੀ ਗਿਣਤੀ ਦੇ ਬਰਾਬਰ ਰੱਖ ਕੇ ਡਰੀ ਹੋਈ ਲੋਕਾਈ ਨੂੰ ਅਹਿਸਾਸ ਕਰਾਇਆ ਕਿ ਇਨ੍ਹਾਂ ਸੂਬਿਆਂ ਦਾ ਭੈਅ ਮਨ ਵਿਚੋਂ ਕੱਢ ਦਿੱਤਾ ਜਾਵੇ। ਇਨ੍ਹਾਂ ਮੰਜੀਆਂ ਨੂੰ ਉਨ੍ਹਾਂ ਨੇ ਸੂਬਿਆਂ ਦਾ ਨਾਂ ਵੀ ਦਿੱਤਾ। ਇਨ੍ਹਾਂ ਮੰਜੀਆਂ ਉਪਰੰਤ ਬਵੰਜਾ ਪੀੜ੍ਹਿਆਂ ਦੀ ਸਥਾਪਤੀ ਕੀਤੀ। ਇਹ ਗਿਣਤੀ ਵੀ ਅਚੰਭੇ ਵਾਲੀ ਸੀ ਕਿਉਂਕਿ ਅਕਬਰ ਦੇ ਸੁਰੱਖਿਆ ਅਮਲੇ ਦੀ ਗਿਣਤੀ ਵੀ ਬਵੰਜਾ ਹੀ ਸੀ। ਇਸ ਤੋਂ ਉਪਰੰਤ ਗੁਰੂ ਪਾਤਸ਼ਾਹ ਦੇ ਦੀਦਾਰ ਕਰਨ ਤੋਂ ਪਹਿਲਾਂ ਲੰਗਰ ਛਕਣਾ ਲਾਜ਼ਮੀ ਕਰਾਰ ਦੇ ਕੇ ਮਨੁੱਖੀ ਹਕੂਕ ਦੀ ਬਰਾਬਰੀ ਦਾ ਨਵਾਂ ਥੰਮ੍ਹ ਖੜ੍ਹਾ ਕਰ ਦਿੱਤਾ ਸੀ।

ਇਤਿਹਾਸ ਗਵਾਹ ਹੈ ਕਿ ਅਕਬਰ ਵੀ ਗੁਰ ਪਾਤਸ਼ਾਹ ਦੇ ਦਰਸ਼ਨ ਸੰਗਤ ਵਿਚ ਲੰਗਰ ਛਕਣ ਉਪਰੰਤ ਹੀ ਕਰ ਸਕਿਆ ਸੀ। ਤੀਜੇ ਪਾਤਸ਼ਾਹ ਤੋਂ ਬਾਅਦ ਚੌਥੇ ਨਾਨਕ ਵਜੋਂ ਗੁਰੂ ਰਾਮਦਾਸ ਜੀ ਗੁਰਗੱਦੀ 'ਤੇ ਸੁਸ਼ੋਭਿਤ ਹੋਏ। ਉਨ੍ਹਾਂ ਦੁਆਰਾ ਅੰਮ੍ਰਿਤਸਰ ਅਤੇ ਸੰਤੋਖਸਰ ਸਰੋਵਰਾਂ ਦੀ ਉਸਾਰੀ ਕਰ ਕਿਸੇ ਵੱਡੇ ਕੇਂਦਰੀ ਅਸਥਾਨ ਵਲ ਇਸ਼ਾਰਾ ਕਰ ਦਿੱਤਾ ਸੀ ਜਿਸ ਨੇ ਆਉਣ ਵਾਲੇ ਸਮੇਂ ਵਿਚ ਸਿੱਖਾਂ ਦੇ ਮੱਕੇ ਵਜੋਂ ਸਥਾਨ ਗ੍ਰਹਿਣ ਕਰਨਾ ਸੀ। ਸਿੱਖ ਧਰਮ ਦਾ ਇਹ ਪ੍ਰਚਾਰ ਅਤੇ ਪਸਾਰ ਹਕੂਮਤ ਅਤੇ ਹੋਰ ਵਿਰੋਧੀਆਂ ਦੇ ਅੰਦਰ ਡਰ ਦੀ ਭਾਵਨਾ ਪੈਦਾ ਕਰ ਰਿਹਾ ਸੀ। ਇਹ ਡਰ ਉਨ੍ਹਾਂ ਨੂੰ ਸਿੱਖ ਧਰਮ ਵਿਰੁੱਧ ਲਾਮਬੰਦ ਕਰ ਰਿਹਾ ਸੀ ਅਤੇ ਇਸੇ ਲਾਮਬੰਦੀ ਵਿਚੋਂ ਹੀ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਸਾਹਮਣੇ ਆਈ।

ਸ੍ਰੀ ਗੁਰੂ ਰਾਮਦਾਸ ਜੀ ਦੀਆਂ ਨਿਰਖਾਂ-ਪਰਖਾਂ ਵਿਚ ਅਰਜਨ ਦੇਵ ਪੂਰੇ ਉਤਰੇ। ਇਸ ਲਈ ਚੌਥੇ ਪਾਤਸ਼ਾਹ ਨੇ ਪਰੰਪਰਕ ਢੰਗ ਨਾਲ ਉਨ੍ਹਾਂ ਨੂੰ ਪੰਜਵੇਂ ਨਾਨਕ ਵਜੋਂ ਸਥਾਪਿਤ ਕਰ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਗੁਰ ਗੱਦੀ 'ਤੇ ਬੈਠਦੇ ਹੀ ਸਿੱਖ ਧਰਮ ਦੇ ਪ੍ਰਚਾਰ ਪਸਾਰ ਨੂੰ ਨਾਨਕ ਸਿਧਾਂਤ ਅਨੁਸਾਰ ਅੱਗੇ ਚਲਾਇਆ। ਉਨ੍ਹਾਂ ਨੇ ਸਭ ਤੋਂ ਪਹਿਲਾਂ ਸੰਨ 1589 ਈ. ਨੂੰ ਗੁਰੂ ਪਿਤਾ ਰਾਮਦਾਸ ਜੀ ਵੱਲੋਂ ਤਿਆਰ ਕੀਤੇ ਅੰਮ੍ਰਿਤ-ਸਰੋਵਰ ਦੇ ਐਨ ਵਿਚਕਾਰ ਦਰਬਾਰ ਸਾਹਿਬ ਦੀ ਸਥਾਪਨਾ ਕੀਤੀ ਅਤੇ ਪਵਿੱਤਰ ਦਰਬਾਰ ਦੀ ਨੀਂਹ ਸਾਈਂ ਮੀਆਂ ਮੀਰ ਕੋਲੋਂ ਰਖਵਾਈ। ਸਾਈਂ ਮੀਆਂ ਮੀਰ ਗੁਰੂ ਅਰਜਨ ਪਾਤਸ਼ਾਹ ਦੇ ਬਹੁਤ ਪ੍ਰਸ਼ੰਸਕ ਸਨ ਅਤੇ ਪ੍ਰਸਿੱਧ ਸੂਫੀ ਸਿਲਸਿਲੇ ਕਾਦਰੀ ਦੇ ਮੁਖੀ ਵੀ ਸਨ। ਗੁਰੂ ਸਾਹਿਬ ਦਾ ਇਹ ਕਦਮ ਜਿੱਥੇ ਧਰਮ ਦੇ ਨਾਮ 'ਤੇ ਧਾਰਮਿਕ ਅਸਥਾਨਾਂ ਦੁਆਲੇ ਲਗਾਈਆਂ ਧਾਰਮਿਕ ਕੱਟੜਤਾ ਦੀਆਂ ਵਲਗਣਾਂ ਨੂੰ ਤੋੜਨ ਵਾਲਾ ਸੀ, ਉਥੇ ਸਦੀਆਂ ਤੋਂ ਹਿੰਦੂ ਧਰਮ ਦੇ ਵਰਣ-ਆਸ਼ਰਮ ਦੁਆਰਾ ਕੀਤੀ ਜਾਂਦੀ ਮਨੁੱਖਤਾ ਦੀ ਲੁੱਟ ਵਿਰੁੱਧ ਵੰਗਾਰ ਵੀ ਸੀ। ਦਰਬਾਰ ਸਾਹਿਬ ਦੇ ਚਾਰੇ ਪਾਸੇ ਦਰਵਾਜ਼ੇ ਇਸ ਗੱਲ ਦੇ ਸੂਚਕ ਸਨ ਕਿ ਏਥੇ ਬਿਨਾ ਰੰਗ-ਜਾਤ ਭੇਦ ਤੋਂ ਸਭ ਨੂੰ ਗਲੇ ਲਗਾਇਆ ਜਾਵੇਗਾ। ਸਿੱਟੇ ਵਜੋਂ ਆਮ ਭਾਰਤੀ ਪੀੜਤ ਜਨਤਾ ਨੂੰ ਪਹਿਲੀ ਵਾਰ ਇਹ ਅਹਿਸਾਸ ਜਾਗਿਆ ਕਿ ਉਹ ਮਨੁੱਖ ਹੋਣ ਦੇ ਨਾਤੇ ਧਾਰਮਿਕ ਅਸਥਾਨ 'ਤੇ ਵੀ ਜਾ ਸਕਦੇ ਹਨ ਅਤੇ ਪਰਮੇਸ਼ਵਰ ਦਾ ਨਾਮ ਜਪਣ ਦੇ ਅਧਿਕਾਰੀ ਵੀ ਹਨ ਕਿਉਂਕਿ ਭਾਰਤੀ ਧਰਮ ਪ੍ਰੰਪਰਾ ਨੇ ਹੇਠਲੇ ਵਰਣਾਂ ਦੇ ਲੋਕਾਂ ਨੂੰ ਇਸ ਅਧਿਕਾਰ ਤੋਂ ਸੱਖਣਾ ਹੀ ਨਹੀਂ ਸੀ ਰੱਖਿਆ, ਸਗੋਂ ਪ੍ਰਮਾਤਮਾ ਦਾ ਨਾਮ ਜਪਣ ਦੀ ਕੁਤਾਹੀ ਕਰਨ ਜਾਂ ਧਰਮ ਗ੍ਰੰਥ ਦੇ ਦਰਸ਼ਨ ਕਰਨ 'ਤੇ ਸਖ਼ਤ ਸਜ਼ਾਵਾਂ ਦਾ ਭਾਗੀ ਵੀ ਬਣਾ ਦਿੱਤਾ ਸੀ।

ਅੰਮ੍ਰਿਤਸਰ ਦੀ ਸਿੱਖ ਧਾਰਮਿਕ ਕੇਂਦਰ ਵਜੋਂ ਸਥਾਪਨਾ ਨਾਲ ਸਿੱਖਾਂ ਨੂੰ ਖਾਸ ਕਰਕੇ ਅਤੇ ਪੰਜਾਬੀਆਂ ਨੂੰ ਆਮ ਕਰਕੇ ਸਾਂਝਾ ਕੇਂਦਰੀ ਸਥਾਨ ਪ੍ਰਾਪਤ ਹੋ ਗਿਆ। ਆਦਿ ਗ੍ਰੰਥ ਦੀ ਸੰਪਾਦਨਾ ਵੇਲੇ ਧਿਆਨ ਵਿਚ ਰੱਖੇ ਪੈਮਾਨੇ ਨੇ ਉਸ ਵੇਲੇ ਦੇ ਨਸਲ ਭੇਦ ਵਿਚ ਉਲਝੇ ਸਮਾਜ ਲਈ ਜਿਥੇ ਇੱਕ ਚੁਣੌਤੀ ਖੜ੍ਹੀ ਕਰ ਦਿੱਤੀ ਸੀ, ਉਥੇ ਸਰਬੱਤ ਦੇ ਭਲੇ ਦਾ ਅਨੋਖਾ ਅਤੇ ਨਿਵੇਕਲਾ ਅਧਿਆਤਮਕ ਮਾਡਲ ਵੀ ਸਾਹਮਣੇ ਲੈ ਆਂਦਾ ਸੀ। ਨਤੀਜੇ ਵਜੋਂ ਸਿੱਖ ਧਰਮ ਲੋਕ-ਮਾਨਸਿਕਤਾ ਵਿਚ ਇਸ ਤਰ੍ਹਾਂ ਉਤਰਿਆ ਕਿ ਹੌਲੀ-ਹੌਲੀ ਸਿੱਖ ਧਰਮ ਇਕ ਲੋਕ ਲਹਿਰ ਬਣ ਗਿਆ। ਲੋਕ ਲਹਿਰ ਦੇ ਨਾਇਕ ਬਾਗ਼ੀ ਰੂਪ ਵਜੋਂ ਮਾਨਤਾ ਪ੍ਰਾਪਤ ਕਰ ਲੈਂਦੇ ਹਨ। ਇਸੇ ਵਿਚੋਂ ਸ਼ਹਾਦਤ ਦੇ ਸੋਮੇ ਫੁੱਟਣੇ ਸੁਭਾਵਿਕ ਗੱਲ ਬਣ ਜਾਂਦੀ ਹੈ।

ਗੁਰੂ ਅਰਜਨ ਦੇਵ ਜੀ ਆਪਣੇ ਦੋਵੇਂ ਵੱਡੇ ਭਰਾਵਾਂ ਪ੍ਰਿਥੀ ਚੰਦ ਅਤੇ ਮਹਾਂਦੇਵ ਜੀ ਨੂੰ ਬੇਹੱਦ ਪਿਆਰ ਅਤੇ ਸਤਿਕਾਰ ਦਿੰਦੇ ਸਨ, ਪਰ ਉਹ ਦੋਵੇਂ ਪਿਆਰ ਅਤੇ ਸਤਿਕਾਰ ਨੂੰ ਅੱਖੋਂ ਓਹਲੇ ਕਰ ਇਨ੍ਹਾਂ ਪ੍ਰਤੀ ਨਫ਼ਰਤ ਦਾ ਪ੍ਰਗਟਾਅ ਕਰਦੇ ਰਹਿੰਦੇ। ਪ੍ਰਿਥੀ ਚੰਦ ਅੰਦਰੋਂ ਲੋਭ-ਲਾਲਚ ਵਿਚ ਗ੍ਰਸਿਆ ਹੋਇਆ ਸੀ। ਜਿਥੇ ਉਹ ਸੰਸਾਰੀ ਵਸਤਾਂ ਤੇ ਮਾਇਆ ਦੀ ਪਕੜ ਵਿਚ ਸੀ, ਉਥੇ ਚੌਥੇ ਗੁਰੂ ਪਾਤਸ਼ਾਹ ਦਾ ਵੱਡਾ ਪੁੱਤਰ ਹੋਣ ਦੀ ਹਉਮੈ ਨੂੰ ਪਾਲੀ ਬੈਠਾ ਸੀ। ਗੁਰ ਗੱਦੀ ਗੁਰੂ ਅਰਜਨ ਦੇਵ ਜੀ ਨੂੰ ਮਿਲਣ 'ਤੇ ਉਸ ਅੰਦਰ ਈਰਖਾ ਦੇ ਭਾਂਬੜ ਬਲ ਉੱਠੇ। ਈਰਖਾ ਦੀ ਅਗਨੀ ਹੋਰ ਵਧੀ ਜਦੋਂ ਗੁਰੂ ਰਾਮਦਾਸ ਜੀ ਦੇ ਭੋਗ 'ਤੇ ਬਾਬਾ ਸ੍ਰੀ ਚੰਦ ਵੱਲੋਂ ਦੋ ਪੱਗਾਂ ਭੇਜੀਆਂ। ਇਸ ਗੱਲ ਦਾ ਪ੍ਰਗਟਾ ਬੰਸਾਵਲੀ ਨਾਮੇ ਵਿਚ ਇਸ ਤਰ੍ਹਾਂ ਕੀਤਾ ਹੋਇਆ ਹੈ :

ਸਿਰੀ ਚੰਦ ਸਾਹਿਬ ਜੀ ਪੱਗ ਭਿਜਵਾਈ
ਇਕ ਪ੍ਰਿਥੀ ਨੂੰ, ਇਕ ਅਰਜਨ ਨੂੰ ਆਈ
ਮਰਨੇ ਕੀ ਪੱਗ ਪ੍ਰਿਥੀਏ ਬੱਧੀ,
ਗੁਰਿਆਈ ਪੱਗ ਗੁਰੂ ਅਰਜਨ ਬੱਧੀ।

ਪ੍ਰਿਥੀ ਚੰਦ ਨੇ ਗੁਰ ਗੱਦੀ ਹਾਸਲ ਕਰਨ ਲਈ ਹਰ ਤਰੀਕਾ ਵਰਤਿਆ ਮਸੰਦਾਂ, ਗੁਰੂਆਂ ਦੋਖੀਆਂ ਅਤੇ ਰਾਜ ਦੇ ਕਰਮਚਾਰੀਆਂ ਨੂੰ ਲਾਲਚ ਦੇ ਕੇ ਆਪਣੇ ਹੱਕ



ਵਿਚ ਕਰਨ ਲਈ ਹਰ ਹਰਬਾ ਵਰਤਿਆ ਪਰ ਸਫਲਤਾ ਨਾ ਮਿਲੀ। ਗੁਰੂ ਅਰਜਨ ਪਾਤਸ਼ਾਹ ਵੱਲ ਸਿੱਖਾਂ ਨੇ ਵਹੀਰਾਂ ਘੱਤ ਲਈਆਂ। ਪ੍ਰਿਥੀ ਚੰਦ ਦਾ ਵਿਰੋਧ ਹੋਰ ਵੀ ਤੇਜ਼ ਹੋ ਗਿਆ। ਪ੍ਰਿਥੀ ਚੰਦ ਨੇ ਸੁਲਹੀ ਖ਼ਾਨ ਜੋ ਉਸ ਦਾ ਦੋਸਤ ਅਤੇ ਬਾਦਸ਼ਾਹ ਅਕਬਰ ਦਾ ਮੁਲਾਜ਼ਮ ਸੀ, ਨੂੰ ਗੁਰੂ ਅਰਜਨ ਦੇਵ ਜੀ ਨੂੰ ਡਰਾਉਣ ਲਈ ਮਨਾ ਲਿਆ। ਉਹ ਪ੍ਰਿਥੀ ਚੰਦ ਦੇ ਚੁੱਕਣ ਉਤੇ ਕਰ ਵਸੂਲਣ ਦੇ ਬਹਾਨੇ ਅੰਮ੍ਰਿਤਸਰ ਵੱਲ ਵਧਿਆ। ਰਾਤ ਉਹ ਪ੍ਰਿਥੀ ਚੰਦ ਕੋਲ ਰੁਕ ਗਿਆ ਪਰ ਸਵੇਰੇ ਪ੍ਰਿਥੀ ਚੰਦ ਦੇ ਭੱਠੇ ਦੀ ਅੱਗ ਵਿਚ ਸੜ ਕੇ ਮਰ ਗਿਆ। ਸੁਲਹੀ ਖ਼ਾਨ ਦੇ ਮਰਨ ਨਾਲ ਪ੍ਰਿਥੀ ਚੰਦ ਨੂੰ ਬਹੁਤ ਤਕੜਾ ਧੱਕਾ ਵੱਜਿਆ ਪਰ ਇਸ ਧੱਕੇ ਨੂੰ ਉਹ ਇਸ ਆਸ 'ਤੇ ਸਹਿਣ ਕਰ ਗਿਆ ਕਿ ਗੁਰੂ ਅਰਜਨ ਦੇਵ ਜੀ ਦੇ ਘਰ ਕੋਈ ਸੰਤਾਨ ਨਹੀਂ ਸੀ। ਇਸ ਕਰਕੇ ਗੁਰ-ਗੱਦੀ ਮੁੜ ਕੇ ਉਸ ਦੇ ਘਰ ਵਿਚ ਆ ਜਾਣ ਦੀ ਆਸ ਸੀ ਕਿਉਂਕਿ ਗੁਰੂ ਅਰਜਨ ਦੇਵ ਜੀ ਉਸ ਦੇ ਬੇਟੇ ਮਿਹਰਬਾਨ ਨੂੰ ਬਹੁਤ ਪਿਆਰ ਕਰਦੇ ਸਨ। ਪਰ ਉਸ ਦੀ ਇਸ ਆਸ ਤੋਂ ਉਸ ਵੇਲੇ ਬੂਰ ਝੜ ਗਿਆ ਜਦੋਂ ਸੰਨ 1595 ਈ. ਨੂੰ ਬਾਲ ਹਰਿਗੋਬਿੰਦ ਦਾ ਜਨਮ ਹੋ ਗਿਆ। ਪ੍ਰਿਥੀ ਚੰਦ ਲਈ ਇਹ ਅਸਹਿ ਸਦਮਾ ਸੀ।

ਪ੍ਰਿਥੀ ਚੰਦ ਨੇ ਹੁਣ ਹਾਰੇ ਹੋਏ ਜੁਆਰੀਏ ਵਾਂਗ ਅੰਤਿਮ ਦਾਅ ਖੇਡਦਿਆਂ, ਦਾਈ ਰਾਹੀਂ ਬੱਚੇ ਨੂੰ ਜ਼ਹਿਰ ਦੇਣ ਦੀ ਕੋਸ਼ਿਸ਼ ਕੀਤੀ ਪਰ ਉਸ ਦੀ ਚਾਲ ਪੂਰੀ ਨਾ ਹੋਈ। ਸੱਪ ਤੋਂ ਡਸਾਉਣ ਦੀ ਕੋਸ਼ਿਸ਼ ਵੀ ਅਸਫਲ ਰਹੀ। ਦਹੀਂ ਵਿੱਚ ਜ਼ਹਿਰ ਪਾ ਕੇ ਖਵਾਉਣ ਲਈ ਰਸੋਈਏ ਨੂੰ ਵੱਢੀ ਦਿੱਤੀ ਪਰ ਬੱਚੇ ਨੂੰ ਹਾਨੀ ਨਾ ਹੋਈ ਸਗੋਂ ਰਸੋਈਆ ਸੂਲ ਹੋ ਕੇ ਮਰ ਗਿਆ। ਇਨ੍ਹਾਂ ਸਾਰੀਆਂ ਗੱਲਾਂ ਦਾ ਪਤਾ ਸਿੱਖ ਸੰਗਤ ਨੂੰ ਲੱਗ ਗਿਆ ਅਤੇ ਉਹ ਪ੍ਰਿਥੀ ਚੰਦ ਨੂੰ ਨਫਰਤ ਕਰਨ ਲੱਗੇ ਪਰ ਉਹ ਹਰਕਤਾਂ ਤੋਂ ਬਾਜ ਨਾ ਆਇਆ ਅਤੇ ਲਗਾਤਾਰ ਗੁਰੂ ਪਾਤਸ਼ਾਹ ਦੀ ਸ਼ਿਕਾਇਤ ਮੁਗਲ ਦਰਬਾਰੇ ਭੇਜਦਾ ਰਿਹਾ। ਅਕਬਰ ਤਕ ਉਸਦੀ ਕੋਈ ਚਾਲ ਸਫਲ ਨਾ ਹੋਈ ਪਰ ਜਹਾਂਗੀਰ ਦੇ ਗੱਦੀ 'ਤੇ ਬੈਠਣ ਨਾਲ ਸਮਾਂ ਉਸ ਵੱਲ ਤਬਦੀਲ ਹੋਣ ਲੱਗਾ।

ਅਕਬਰ ਬਾਦਸ਼ਾਹ ਦੀ ਮੌਤ ਤੋਂ ਬਾਅਦ ਉਸ ਦੀ ਸਹਿਨਸ਼ੀਲਤਾ ਦੀ ਨੀਤੀ ਵੀ ਉਸ ਦੀ ਕਬਰ ਵਿੱਚ ਦਫਨ ਕਰ ਦਿੱਤੀ ਗਈ। ਉਸ ਦਾ ਵੱਡਾ ਬੇਟਾ ਸਲੀਮ ਜਹਾਂਗੀਰ ਦੇ ਲਕਬ ਨਾਲ ਰਾਜ ਗੱਦੀ 'ਤੇ ਬੈਠਾ। ਉਹ ਕੱਟੜ ਸੁੰਨੀ ਮੁਸਲਮਾਨ ਸੀ ਅਤੇ ਗੈਰ-ਧਰਮੀਆਂ ਨੂੰ ਸਖਤ ਨਫ਼ਰਤ ਕਰਦਾ ਸੀ। ਪਿਤਾ ਦੀ ਨਿਮਰਤਾ ਅਤੇ ਮਾਤਾ ਦੇ ਗੁਣ ਉਸ ਨੇ ਗ੍ਰਹਿਣ ਨਹੀਂ ਸਨ ਕੀਤੇ ਜਾਂ ਕੱਟੜਪੰਥੀ ਮੁਸਲਮਾਨਾਂ ਨੇ ਗ੍ਰਹਿਣ ਕਰਨ ਨਹੀਂ ਸਨ ਦਿੱਤੇ। ਉਸ ਦੇ ਮਨ ਵਿਚ ਕੁੱਟ-ਕੁੱਟ ਕੇ ਕਾਫਰਾਂ ਪ੍ਰਤੀ ਨਫ਼ਰਤ ਭਰ ਦਿੱਤੀ ਸੀ। ਇਸ ਲਈ ਉਸ ਨੇ ਆਪਣੀ ਧਾਰਮਿਕ ਨੀਤੀ ਅਜਿਹੀ ਬਣਾਈ, ਜਿਹੜੀ ਗੈਰ-ਮੁਸਲਿਮ ਧਰਮੀਆਂ ਲਈ ਸਮੱਸਿਆ ਬਣਨੀ ਹੀ ਸੀ ਅਤੇ ਇਸ ਗੱਲ ਦਾ ਪ੍ਰਗਟਾਵਾ ਉਸ ਨੇ ਖੁਦ ਆਪਣੀ ਸਵੈ-ਜੀਵਨੀ ਤੁਜ਼ਕੇ-ਜਹਾਂਗੀਰੀ ਵਿਚ ਕੀਤਾ ਹੋਇਆ ਹੈ। ਉਹ ਲਿਖਦਾ ਹੈ :

"ਗੋਇੰਦਵਾਲ ਜੋ ਬਿਆਸ ਦਰਿਆ ਦੇ ਕੰਢੇ ਤੇ ਹੈ, ਪੀਰ ਦਾ ਭੇਸ ਧਾਰ ਕੇ ਅਰਜਨ ਮਲ ਨਾਂ ਦਾ ਇਕ ਹਿੰਦੂ ਰਹਿੰਦਾ ਹੈ। ਉਸ ਨੇ ਆਪਣੇ ਤੌਰ- ਤਰੀਕਿਆਂ ਨਾਲ ਬਹੁਤ ਸਾਰੇ ਹਿੰਦੂਆਂ ਅਤੇ ਇਸਲਾਮ ਦੇ ਜਾਹਲ ਤੇ ਮੂਰਖ ਲੋਕਾਂ ਉਤੇ ਡੋਰੇ ਪਾ ਰੱਖੇ ਹਨ। ਉਸ ਨੇ ਮਹਾਨ ਅਧਿਆਤਮਕ ਅਤੇ ਸੰਸਾਰਿਕ ਨੇਤਾ ਹੋਣ ਦਾ ਢੌਂਗ ਰਚਾ ਰੱਖਿਆ ਹੈ। ਉਹ ਉਸ ਨੂੰ ਗੁਰੂ ਕਹਿੰਦੇ ਹਨ ਅਤੇ ਹਰ ਪਾਸੇ ਤੋਂ ਮੂਰਖ ਲੋਕ ਉਸ ਦੀ ਪੂਜਾ ਕਰਨ ਲਈ ਆਉਂਦੇ ਹਨ ਤੇ ਉਸ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਨ। ਤਿੰਨ ਜਾਂ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਦੀ ਇਹ ਝੂਠ ਦੀ ਦੁਕਾਨ ਸਰਗਰਮ ਹੈ। ਬਹੁਤ ਚਿਰ ਤੋਂ ਮੇਰੇ ਮਨ ਵਿੱਚ ਇਹ ਵਿਚਾਰ ਆ ਰਿਹਾ ਹੈ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਵਾਂ ਜਾਂ ਇਸਲਾਮ ਦੇ ਝੰਡੇ ਥੱਲੇ ਲੈ ਆਵਾਂ।"

ਉਪਰੋਕਤ ਤੋਂ ਸਪਸ਼ਟ ਹੈ ਕਿ ਗੁਰੂ ਜੀ ਦਾ ਰਸੂਖ਼ ਬਹੁਤ ਵਧ ਰਿਹਾ ਸੀ। ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਸਿੱਖ ਬਣ ਰਹੇ ਸਨ। ਇਸਲਾਮੀ ਰਾਜ ਵਿਚ ਮੁਸਲਮਾਨ ਦਾ ਧਰਮ ਬਦਲਣਾ ਬਹੁਤ ਵੱਡਾ ਗੁਨਾਹ ਹੈ, ਇਹ ਗੁਨਾਹ ਭਾਵੇਂ ਛੋਟੇ ਪੈਮਾਨੇ 'ਤੇ ਹੋਵੇ, ਗੁਰੂ ਪਾਤਸ਼ਾਹ ਕਰ ਰਹੇ ਸਨ। ਇਸ ਕਰਕੇ ਜਹਾਂਗੀਰ ਇਸ 'ਦੁਕਾਨ' ਨੂੰ ਬੰਦ ਕਰਨਾ ਚਾਹੁੰਦਾ ਸੀ। ਉਹ ਕੇਵਲ ਗੁਰੂ ਅਰਜਨ ਜੀ ਨੂੰ ਹੀ ਘ੍ਰਿਣਾ ਨਹੀਂ ਸੀ ਕਰਦਾ, ਸਗੋਂ ਚਾਰ ਪੀੜ੍ਹੀਆਂ ਤੋਂ ਚਲੀ ਆ ਰਹੀ ਗੁਰ-ਗੱਦੀ ਨੂੰ ਵੀ 'ਝੂਠ ਦੀ ਦੁਕਾਨ' ਸਮਝਦਾ ਸੀ। ਉਸ ਨੇ ਆਪਣੀ ਇਹ ਰਾਇ ਮੁੱਲਾਂ-ਮੁਲਾਣਿਆਂ ਜਾਂ ਗੁਰੂ-ਨਿੰਦਕਾਂ ਤੋਂ ਸੁਣ-ਸੁਣ ਕੇ ਹੀ ਬਣਾਈ ਸੀ। ਉਹ ਇਨ੍ਹਾਂ ਦੀਆਂ ਗੱਲਾਂ ਵਿੱਚ ਆਉਣ ਕਾਰਨ ਅੱਗ-ਬਬੂਲਾ ਹੋਈ ਫਿਰਦਾ ਸੀ ਅਤੇ ਅਜਿਹੇ ਮੌਕੇ ਦੀ ਉਡੀਕ ਵਿਚ ਸੀ ਜਦੋਂ ਉਹ ਗੁਰੂ ਸਾਹਿਬ ਨੂੰ ਇਸ ਦੀ ਸਜ਼ਾ ਦੇ ਸਕੇ।

ਇਸਲਾਮ ਧਰਮ ਦੇ ਭਰਾਤਰੀ ਭਾਵ ਅਤੇ ਰੱਬੀ ਪਿਆਰ ਵਰਗੇ ਸੰਦੇਸ਼ ਜਦੋਂ ਇਸਲਾਮੀ ਕੱਟੜਤਾ ਦੀ ਭੇਟ ਚੜ੍ਹ ਗਏ ਤਾਂ ਇਸ ਦੇ ਵਿਰੋਧ ਵਿਚ ਸੂਫੀਵਾਦ ਨਾਂ ਦੀ ਇਕ ਲਹਿਰ ਚੱਲੀ, ਜਿਸ ਨੇ ਕੱਟੜਤਾ ਦੀ ਹਨੇਰੀ ਨੂੰ ਠੱਲ੍ਹ ਪਾਉਣ ਦਾ ਯਤਨ ਕੀਤਾ। ਇਸ ਲਹਿਰ ਦਾ ਬਾਨੀ ਅਬੂ ਹਾਸ਼ਮ ਕੂਫੀ ਸੀ ਜੋ ਕੂਫ ਸ਼ਹਿਰ ਦਾ ਵਸਨੀਕ ਸੀ। ਇਸ ਲਹਿਰ ਦੇ ਪੈਰੋਕਾਰ ਹਰ ਮਜ਼੍ਹਬ, ਹਰ ਬੰਦੇ ਵਿਚ ਅੱਲ੍ਹਾ ਦੇ ਦੀਦਾਰੇ ਕਰਦੇ। ਹਿੰਦੁਸਤਾਨ ਦੀ ਧਰਤੀ 'ਤੇ ਇਹ ਲਹਿਰ ਨੌਵੀਂ ਸਦੀ ਤਕ ਪਹੁੰਚੀ। ਪਰ ਇੱਥੇ ਪਹੁੰਚਣ ਤਕ ਇਹ ਲਹਿਰ ਕਈ ਹਿੱਸਿਆਂ ਵਿਚ ਵੰਡੀ ਗਈ ਸੀ, ਜਿਨ੍ਹਾਂ ਨੂੰ ਸਿਲਸਲੇ ਦਾ ਨਾਂ ਦਿੱਤਾ ਗਿਆ ਸੀ। ਇਨ੍ਹਾਂ ਵਿਚ ਪ੍ਰਮੁੱਖ ਸਿਲਸਿਲੇ ਸਨ ਸੁਹਰਾਵਰਦੀ, ਚਿਸ਼ਤੀ, ਕਾਦਰੀ ਅਤੇ ਨਕਸ਼ਬੰਦੀ। ਇਨ੍ਹਾਂ ਸਿਲਸਿਲਿਆਂ ਦੇ ਸਿੱਖ ਧਰਮ ਨਾਲ ਪਿਆਰ ਅਤੇ ਵਿਰੋਧ ਵਾਲੇ ਦੋਵੇਂ ਸਬੰਧ ਰਹੇ ਹਨ। ਚਿਸ਼ਤੀ ਸਿਲਸਿਲੇ ਦੇ ਦੈਵੀ ਫਕੀਰ ਬਾਬਾ ਫਰੀਦ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਹੈ। ਕਾਦਰੀ ਸਿਲਸਿਲੇ ਦੇ ਫਕੀਰ ਸਾਈਂ ਮੀਆਂ ਮੀਰ ਨੇ ਗੁਰੂ ਪੰਚਮ ਪਾਤਸ਼ਾਹ ਦੇ ਹੁਕਮਾਂ ਨਾਲ ਦਰਬਾਰ ਸਾਹਿਬ ਦੀ ਨੀਂਹ ਹੀ ਨਹੀਂ ਸੀ ਰੱਖੀ ਸਗੋਂ ਜਹਾਂਗੀਰ ਦੁਆਰਾ ਸ੍ਰੀ ਗੁਰੂ ਅਰਜਨ ਪਾਤਸ਼ਾਹ 'ਤੇ ਕੀਤੇ ਜ਼ੁਲਮਾਂ ਕਰਕੇ ਉਸ ਨੂੰ ਹਮੇਸ਼ਾ ਹਮੇਸ਼ਾ ਲਈ ਦੁਰਕਾਰ ਵੀ ਦਿੱਤਾ ਸੀ। ਪਰ ਨਕਸ਼ਬੰਦੀ ਸਿਲਸਿਲੇ ਦਾ ਰੋਲ ਬਹੁਤ ਹੀ ਨਾਂਹ- ਪੱਖੀ ਸੀ ਅਤੇ ਇਸ ਸਿਲਸਿਲੇ ਨੇ ਪੰਚਮ ਪਾਤਸ਼ਾਹ ਹਜ਼ੂਰ ਅਤੇ ਨੌਵੇਂ ਪਾਤਸ਼ਾਹ ਹਜ਼ੂਰ ਦੀ ਸ਼ਹਾਦਤ ਲਈ ਅਹਿਮ ਭੂਮਿਕਾ ਨਿਭਾ ਕੇ ਸਿੱਖ ਇਤਿਹਾਸ ਵਿਚ ਆਪਣੇ-ਆਪ ਨੂੰ ਹਮੇਸ਼ਾ ਲਈ ਕਲੰਕਤ ਕਰ ਲਿਆ ਸੀ। ਸਮੁੱਚੀ ਸਿੱਖ ਕੌਮੀਅਤ ਅੱਜ ਬਾਬਾ ਫਰੀਦ ਅਤੇ ਸਾਈਂ ਮੀਆਂ ਮੀਰ ਨੂੰ ਨਤਮਸਤਕ ਕਰਦੀ ਹੈ ਪਰ ਨਕਸ਼-ਬੰਦੀ ਸਿਲਸਲੇ ਪ੍ਰਤੀ ਨਫਰਤ ਉਨ੍ਹਾਂ ਦੇ ਮਨ ਦਾ ਹਿੱਸਾ ਹੋ ਚੁੱਕੀ ਹੈ।

ਨਕਸ਼ਬੰਦੀ ਸਿਲਸਿਲੇ ਨੇ ਸੂਫੀਵਾਦ ਦੇ ਨਿਮਰਤਾ ਅਤੇ ਪਿਆਰ ਦੇ ਗੁਣਾਂ ਨੂੰ ਤਿਲਾਂਜਲੀ ਦੇ ਦਿੱਤੀ ਅਤੇ ਕੱਟੜਤਾ ਨੂੰ ਹੀ ਆਪਣਾ ਧਰਮ ਪ੍ਰਵਾਨ ਕਰ ਲਿਆ ਸੀ। ਆਪਣੀ ਕੱਟੜਤਾ ਦੀ ਇਸ ਅਗਨੀ ਵਿਚ ਉਹ ਕੁੱਲ 'ਕਾਫਰਾਂ' ਨੂੰ ਫਨਾਹ ਕਰਨ ਹਿਤ ਤਾਕਤ ਲਈ ਅੱਲ੍ਹਾ ਅੱਗੇ ਅਰਜੋਈਆਂ ਵੀ ਕਰਦੇ ਸਨ ਅਤੇ ਹਾਕਮਾਂ ਨੂੰ ਗੈਰ-ਧਰਮੀਆਂ ਨੂੰ ਖਤਮ ਕਰਨ ਦਾ ਸੰਦੇਸ਼ ਵੀ ਦਿੰਦੇ ਸਨ। ਨਫਰਤ ਦੇ ਇਸ ਕਰਮ ਦਾ ਸਿਖਰ ਸ਼ੇਖ ਅਹਿਮਦ ਸਰਹਿੰਦੀ ਦਾ ਵੇਲਾ ਸੀ। ਉਹ ਮੁਜ਼ੱਦਦ ਅਲਫਿਸਾਨੀ (ਹਜ਼ਾਰਾਂ ਯੁੱਗਾਂ ਦਾ ਸੁਧਾਰਕ) ਦਾ ਖਿਤਾਬ ਧਾਰਨ ਕਰਕੇ ਪਿਛਾਂਹਖਿਚੂ ਸ਼ਕਤੀਆਂ ਦਾ ਆਗੂ ਬਣ ਬੈਠਾ ਸੀ। ਉਸ ਦੀ ਇੱਛਾ ਸੀ ਕਿ ਸਭ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਮਾਮਲਿਆਂ ਦਾ ਨਿਪਟਾਰਾ ਪੁਰਾਤਨ ਸੁੰਨੀ ਅਸੂਲਾਂ ਅਨੁਸਾਰ ਕੀਤਾ ਜਾਵੇ। ਅਕਬਰ ਦਾ ਦੀਨ-ਈਲਾਹੀ, ਹਿੰਦੂਆਂ ਨਾਲ ਵਿਆਹ ਸਬੰਧ ਅਤੇ ਉਨ੍ਹਾਂ ਦੇ ਤਿੱਥਾਂ ਤਿਉਹਾਰਾਂ ਵਿਚ ਉਸ ਦੀ ਸ਼ਮੂਲੀਅਤ ਨੂੰ ਉਹ ਇਸਲਾਮ ਵਾਸਤੇ ਖਤਰਾ ਤਸੱਵਰ ਕਰਦਾ ਸੀ। ਇਕ ਅਜਿਹਾ ਖਤਰਾ ਜੋ ਇਲਸਾਮੀ ਰਾਜ ਅਤੇ ਇਸਲਾਮੀ ਧਰਮ ਨੂੰ ਹਿੰਦੁਸਤਾਨ ਵਿਚੋਂ ਖਤਮ ਕਰ ਸਕਦਾ ਸੀ। ਸ਼ੇਖ ਅਹਿਮਦ ਸਰਹਿੰਦੀ ਲਿਖਦਾ ਹੈ :

"ਕਾਫਰਾਂ ਨੂੰ ਸਮਾਜ ਵਿਚ ਸ਼ਾਮਲ ਕਰਨਾ, ਆਪਣੇ ਨਾਲ ਬਿਠਾਉਣਾ ਤੇ ਇਨ੍ਹਾਂ ਨਾਲ ਗੱਲਬਾਤ ਕਰਨਾ ਵੀ ਇਕ ਤਰ੍ਹਾਂ ਨਾਲ ਉਨ੍ਹਾਂ ਦੀ ਇੱਜ਼ਤ ਕਰਨ ਦੇ ਤੁੱਲ ਹੈ, ਜੋ ਨਹੀਂ ਹੋਣੀ ਚਾਹੀਦੀ। ਸੱਚ ਤਾਂ ਇਹ ਹੈ ਕਿ ਇਨ੍ਹਾਂ ਕਾਫਰਾਂ ਨੂੰ ਕੁੱਤਿਆਂ ਦੀ ਤਰ੍ਹਾਂ ਦੂਰੇ-ਦੂਰੇ ਕਰਦੇ ਰਹਿਣਾ ਚਾਹੀਦਾ ਹੈ।"

ਸ੍ਰੀ ਗੁਰੂ ਅਰਜਨ ਪਾਤਸ਼ਾਹ ਵੇਲੇ ਪੰਜਾਬ ਦੀ ਸਾਰੀ ਧਰਤੀ 'ਤੇ 'ਗੁਰ ਮਹਿਮਾ ਦਾ ਗਾਇਨ' ਸੀ। ਸਿੱਖ ਧਰਮ ਦਾ ਪ੍ਰਭਾਵ ਇੱਥੋਂ ਤਕ ਵਧ ਗਿਆ ਕਿ ਪੰਜਾਬੀ ਮਾਨਸਿਕਤਾ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ 'ਸੱਚੇ ਪਾਤਸ਼ਾਹ' ਵਜੋਂ ਪ੍ਰਵਾਨ ਕਰ ਲਿਆ ਸੀ। ਇਹ ਸਮਾਂ ਸੀ ਜਦੋਂ ਗੁਰੂ ਸਾਹਿਬ ਦੀ ਅਗਵਾਈ ਵਿਚ ਸਿੱਖਾਂ ਦੀ ਗਿਣਤੀ ਬੜੀ ਤੇਜ਼ੀ ਨਾਲ ਵਧਣ ਲਗ ਪਈ। ਇਸ ਲੋਕ ਪਿਆਰ ਨੇ ਗੁਰੂਘਰ ਪ੍ਰਤੀ ਈਰਖਾ ਅਤੇ ਸਾੜੇ ਦੀ ਭਾਵਨਾ ਵੀ ਭਰ ਦਿੱਤੀ ਸੀ। ਇਸਲਾਮੀ ਰਾਜ ਵਿਚ ਕਾਫਰ ਧਰਮ ਦਾ ਪ੍ਰਕਾਸ਼ ਨਕਸ਼ਬੰਦੀਆਂ ਲਈ ਕਿਆਮਤ ਦੇ ਦਿਨਾਂ ਵਰਗਾ ਸੀ। ਪਰ ਅਕਬਰ ਦੀ ਨੀਤੀ ਕਾਰਨ ਉਹ ਕੁਝ ਵੀ ਕਰਨ ਤੋਂ ਅਸਮਰੱਥ ਸਨ। ਸੰਨ 1605 ਈਸਵੀ ਨੂੰ ਹਿੰਦੁਸਤਾਨ ਦੇ ਬਾਦਸ਼ਾਹ ਅਕਬਰ ਦੀ ਮੌਤ ਹੋ ਜਾਂਦੀ ਹੈ ਅਤੇ ਜਹਾਂਗੀਰ ਗੱਦੀ-ਨਸ਼ੀਨ ਹੁੰਦਾ ਹੈ। ਜਹਾਂਗੀਰ ਨਕਸ਼ਬੰਦੀਆਂ ਦੇ ਪ੍ਰਭਾਵ ਹੇਠ ਸੀ ਕਿਉਂਕਿ ਉਸ ਦੇ ਗੱਦੀ ਹਾਸਲ ਕਰਨ ਵਿਚ ਨਕਸ਼ਬੰਦੀਆਂ ਨੇ ਅਹਿਮ ਰੋਲ ਅਦਾ ਕੀਤਾ ਸੀ। ਇਸ ਲਈ ਇਨ੍ਹਾਂ ਦੇ ਪ੍ਰਭਾਵ ਨੂੰ ਗ੍ਰਹਿਣ ਕਰਦਿਆਂ ਉਸ ਨੇ ਕੱਟੜਪੁਣੇ ਦੀ ਤਲਵਾਰ ਨੂੰ ਤੇਜ਼ ਕਰ ਦਿੱਤਾ। ਸਿੱਟੇ ਵਜੋਂ ਉਨ੍ਹਾਂ ਸਾਰੇ ਲੋਕਾਂ ਦੇ ਚਿਹਰੇ 'ਤੇ ਮੁਸਕਾਨ ਆ ਗਈ ਸੀ ਜਿਹੜੇ ਸਿੱਖ ਧਰਮ ਦੀ ਵਧਦੀ ਲਹਿਰ ਦੇ ਵਿਰੋਧੀ ਸਨ ਅਤੇ ਇਨ੍ਹਾਂ ਵਿੱਚ ਸਭ ਤੋਂ ਵੱਡੀ ਭੂਮਿਕਾ ਨਕਸ਼ਬੰਦੀ ਸਿਲਸਿਲਾ ਨਿਭਾਅ ਰਿਹਾ ਸੀ। ਉਸ ਨੇ ਹੁਣ ਸਿੱਖ ਧਰਮ ਨੂੰ ਤਕੜੇ ਹੱਥੀਂ ਨਜਿੱਠਣ ਦਾ ਮਨ ਬਣਾਇਆ ਅਤੇ ਇਸਲਾਮਕ ਫਤਵਿਆਂ ਨੂੰ ਆਪਣੀ ਰੰਗਤ ਦੇ ਕੇ ਸ਼ਾਹੀ ਫੁਰਮਾਨ ਵਜੋਂ ਜਾਰੀ ਕਰਵਾਉਣ ਵਿਚ ਸਫਲ ਹੋ ਗਿਆ। ਇਕ ਫਤਵਾ ਉਦਾਹਰਣ ਲਈ ਪੇਸ਼ ਹੈ :

"ਅੱਲ੍ਹਾ ਬਿਨਾ ਹੋਰ ਕੋਈ ਖੁਦਾ ਨਹੀਂ ਅਤੇ ਮੁਹੰਮਦ ਸਾਹਿਬ ਹੀ ਅੱਲ੍ਹਾ ਦਾ ਸੁਨੇਹਾ ਦੇਣ ਵਾਲਾ ਪੈਗੰਬਰ ਹੈ। ਇਸ ਕਲਮੇ 'ਤੇ ਯਕੀਨ ਰੱਖਣ ਵਾਲਾ ਮੋਮਿਨ (ਇਮਾਨਵਾਲਾ) ਅਤੇ ਇਸ ਨੂੰ ਨਾ ਮੰਨਣ ਵਾਲਾ ਕਾਫ਼ਰ (ਨਾਸਤਕ) ਹੈ। ਅੱਲਾਹ ਦੀ ਸ਼ਾਨ ਨੂੰ ਰੁਸ਼ਨਾਉਣ ਲਈ ਮੋਮਿਨ ਦਾ ਫਰਜ਼ ਹੈ ਕਿ ਉਹ ਕਾਫ਼ਰਾਂ ਦੀ ਹਥਿਆਰਬੰਦ (ਦਾਰੁਲਾ ਹਰਬ) ਦੁਨੀਆ ਨੂੰ ਸ਼ਾਂਤੀ ਦੀ ਦੁਨੀਆ (ਦਾਰੁਲ-ਇਸਲਾਮ) ਵਿਚ ਤਬਦੀਲ ਕਰਨ ਲਈ ਧਰਮ ਯੁੱਧ (ਜਹਾਦ) ਕਰਨ।"

ਸਪੱਸ਼ਟ ਹੈ ਕਿ ਸਿੱਖ ਧਰਮ ਦੀ ਹਰਮਨਪਿਆਰਤਾ ਉਸ ਲਈ ਕਿਵੇਂ ਅਸਹਿ ਹੋ ਰਹੀ ਸੀ। ਇੱਥੋਂ ਤਕ ਕਿ ਉਹ ਕਾਦਰੀ ਸਿਲਸਿਲੇ ਦੇ ਉਸ ਵੇਲੇ ਦੇ ਮੁਖੀ ਨੂੰ ਵੀ ਸਖਤ ਨਫ਼ਰਤ ਦੀ ਨਿਗਾਹ ਨਾਲ ਵੇਖਦਾ ਸੀ ਕਿਉਂਕਿ ਉਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਰੱਬੀ ਰੂਹ ਦੇ ਤੌਰ 'ਤੇ ਮਾਨਤਾ ਦਿੰਦਾ ਸੀ। ਜਹਾਂਗੀਰ ਨਕਸ਼ਬੰਦੀ ਸਕੂਲ ਦੇ ਬੇਹੱਦ ਪ੍ਰਭਾਵ ਵਿਚ ਸੀ। ਇਸ ਕਰਕੇ ਸਪੱਸ਼ਟ ਸੀ ਕਿ ਨਕਸ਼ਬੰਦੀ ਸਿਲਸਿਲਾ ਹੁਣ ਸਿੱਖ ਧਰਮ ਲਈ ਸਮੱਸਿਆਵਾਂ ਖੜ੍ਹੀਆਂ ਕਰਨ ਦੀ ਕੋਸ਼ਿਸ਼ ਕਰੇਗਾ।

ਖੁਸਰੋ ਜਹਾਂਗੀਰ ਦਾ ਸਭ ਤੋਂ ਵੱਡਾ ਬੇਟਾ ਸੀ ਅਤੇ ਆਪਣੇ ਦਾਦੇ ਅਕਬਰ ਵਾਂਗ ਬੇਹੱਦ ਸਹਿਨਸ਼ੀਲ ਮਨੁੱਖ ਸੀ। ਪਰ ਇਹ ਸਹਿਨਸ਼ੀਲਤਾ ਉਸ ਲਈ ਸਮੱਸਿਆ ਬਣ ਗਈ, ਅਕਬਰ ਜਦੋਂ ਬਿਮਾਰੀ ਦੀ ਹਾਲਤ ਵਿਚ ਮੌਤ ਦੀਆਂ ਘੜੀਆਂ ਗਿਣ ਰਿਹਾ ਸੀ ਤਾਂ ਉਸ ਦੀ ਪ੍ਰਬਲ ਇੱਛਾ ਸੀ ਕਿ ਰਾਜਗੱਦੀ ਉਸ ਦੇ ਪੁੱਤਰ ਦੀ ਥਾਂ ਪੋਤਰੇ ਨੂੰ ਦਿੱਤੀ ਜਾਵੇ, ਕਿਉਂਕਿ ਉਹ ਜਹਾਂਗੀਰ ਦੇ ਹਠੀ ਸੁਭਾਅ ਅਤੇ ਉਸ ਨਾਲ ਜੁੜੇ ਹੋਏ ਕਟੜਪੰਥੀ ਟੋਲੇ ਦੀਆਂ ਚਾਲਾਂ ਨੂੰ ਪੂਰੀ ਤਰ੍ਹਾਂ ਸਮਝਦਾ ਸੀ। ਉਸ ਦਾ ਇਹ ਅਟੱਲ ਵਿਸ਼ਵਾਸ ਸੀ ਕਿ ਹਿੰਦੋਸਤਾਨ ਵਿਚ ਸਦਾ ਲਈ ਮੁਗਲਈ ਹਕੂਮਤ ਦੀ ਸਥਾਪਨਾ ਲਈ ਸਖ਼ਤੀ ਦੀ ਨਹੀਂ ਪਿਆਰ ਦੀ ਲੋੜ ਹੈ ਅਤੇ ਅਜਿਹੇ ਪਿਆਰ ਦੀ ਠੰਢੀ ਹਵਾ ਖੁਸਰੋ ਵਰਗਾ ਰਹਿਮਦਿਲ ਮਨੁੱਖ ਹੀ ਦੇ ਸਕਦਾ ਸੀ, ਜਹਾਂਗੀਰ ਨਹੀਂ। ਅਕਬਰ ਦੇ ਦਰਬਾਰ ਵਿਚ ਦੋ ਧਿਰਾਂ ਖੜੀਆਂ ਹੋ ਗਈਆਂ। ਜਿਨ੍ਹਾਂ ਵਿਚੋਂ ਕੁਝ ਜਹਾਂਗੀਰ ਦੀ ਪਿੱਠ 'ਤੇ ਸਨ ਅਤੇ ਕੁਝ ਖੁਸਰੋ ਦੀ

ਬਾਕੀ ਸਫ਼ਾ 29 'ਤੇ

# ਅਜੋਕੇ ਇਤਿਹਾਸਕਾਰਾਂ ਦੇ ਕੌਤਕ

**-ਸਰਬਜੀਤ ਸਿੰਘ ਸੈਕਰਾਮੈਂਟੋ**

ਡਾ. ਸੁਖਦਿਆਲ ਸਿੰਘ ਦੀ ਕਿਤਾਬ, ਜੀਵਨ ਇਤਿਹਾਸ ਗੁਰੂ ਨਾਨਕ ਸਾਹਿਬ, ਪੜ੍ਹ ਰਿਹਾ ਸੀ ਜਿਸ ਵਿਚ ਲੇਖਕ ਨੇ ਅਖੌਤੀ ਬਾਲੇ ਵਾਲੀ ਜਨਮਸਾਖੀ, ਜੋ ਕਿ ਹੰਦਾਲੀਆਂ ਵੱਲੋਂ 1658 ਈ: ਵਿੱਚ ਲਿਖਵਾਈ ਗਈ ਸੀ, ਨੂੰ 1540 ਈ: ਦੀ ਸਾਬਿਤ ਕਰਨ ਦੀ ਅਸਫਲ ਕੋਸ਼ਿਸ਼ ਕੀਤੀ ਗਈ ਹੈ।ਭਾਈ ਬਾਲੇ ਵਾਲੀ ਜਨਮਸਾਖੀ ਸਿੱਖ ਇਤਿਹਾਸ ਦੀ ਉਹ ਪਹਿਲੀ ਲਿਖਤ ਹੈ ਜਿਸ ਨੂੰ ਗੁਰੂ ਅੰਗਦ ਦੇਵ ਜੀ ਨੇ 1540 ਈ: ਵਿੱਚ ਆਪਣੀ ਹਜ਼ੂਰੀ ਵਿੱਚ ਅਤੇ ਆਪਣੇ ਆਦੇਸ਼ਾਂ ਅਨੁਸਾਰ ਭਾਈ ਬਾਲੇ ਪਾਸੋਂ ਸੁਣ ਕੇ ਅਤੇ ਭਾਈ ਪੈੜਾ ਜੀ ਪਾਸੋਂ ਲਿਖਵਾ ਕੇ ਤਿਆਰ ਕਰਵਾਇਆ(ਪੰਨਾ 61)।

ਡਾ. ਸੁਖਦਿਆਲ ਸਿੰਘ ਨੇ ਸੰਕੇਤਕ ਤੌਰ 'ਤੇ ਜੋ ਮੂਲ ਪਾਠ ਦਿੱਤਾ ਹੈ ਉਹ ਡਾ ਸੁਰਿੰਦਰ ਸਿੰਘ ਕੋਹਲੀ ਦੀ ਕਿਤਾਬ ਤੋਂ ਲਿਆ ਗਿਆ ਹੈ, ਜਿਸ ਬਾਰੇ ਡਾ. ਕੋਹਲੀ ਆਪ ਲਿਖਦਾ ਹੈ ਕਿ ਮੇਰਾ ਸਰੋਤ ਖਰੜਾ ਨੰਬਰ 863 ਹੈ। ਡਾ. ਕੋਹਲੀ ਵੱਲੋਂ ਦਿੱਤਾ ਗਿਆ ਮੂਲ ਪਾਠ, ਸ਼ੁੱਧ ਪਾਠ ਨਹੀਂ ਹੈ । ਡਾ ਗੁਰਬਚਨ ਕੌਰ ਵਲੋਂ ਦਿੱਤਾ ਗਿਆ ਮੂਲ ਪਾਠ, ਜੋ 1715 ਬਿਕ੍ਰਮੀ (1658 ਈ:) ਵਾਲੀ ਅਸਲ ਲਿਖਤ ਤੋਂ ਉਤਾਰਾ ਕੀਤਾ ਹੋਇਆ ਹੈ, ਸ਼ੁੱਧ ਪਾਠ ਹੈ। ਸੁਰਿੰਦਰ ਸਿੰਘ ਕੋਹਲੀ ਵੱਲੋਂ ਦਿੱਤਾ ਗਿਆ ਪਾਠ ਅਸ਼ੁੱਧ ਹੈ। ਇਸ ਵਿਚ 1582 ਬਿਕ੍ਰਮੀ ਨੂੰ 1592 ਬਿਕ੍ਰਮੀ ਕਰ ਦਿੱਤਾ ਗਿਆ ਹੈ ਅਤੇ ਅਸਲ ਲਿਖਤ ਦੀਆਂ ਕੁਝ ਸਾਖੀਆਂ ਨੂੰ ਨਹੀਂ ਛਾਪਿਆ ਗਿਆ। ਇਹ ਖਰੜਾ (ਨੰ: 863) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਪਿਆ ਹੈ।

"ਅਗੈ ਵੇਖੇ ਕਿਆ, ਗੁਰੂ ਅੰਗਦ ਜੀ ਵਾਣ ਵਟਦਾ ਬੈਠਾ ਹੈ। ਤਾਂ ਬਾਲੇ ਸੰਧੂ ਜਾਇ ਮਥਾ ਟੇਕਿਆ। ਤਾਂ ਅਗੋਂ ਗੁਰੂ ਅੰਗਦ ਆਖਿਆ, ਆਓ ਭਾਈ ਸਤਿ ਕਰਤਾਰ। ਬੈਠੀਏ ਜੀ। ਗੁਰੂ ਅੰਗਦ ਰਸੇ ਵਟਣੇਂ ਰਹਿ ਗਿਆ। ਬਾਲੇ ਨੂੰ ਪੁਛਣਿ ਲਗਾ, ਭਾਈ ਸਿਖਾਂ ਕਿਥੋਂ ਆਇਆ। ਕਿਉਂ ਕਰ ਆਵਣਾ ਹੋਇਆ। ਅਰ ਕਵਣ ਹੋਂਦੇ ਹੋ। ਬਾਲੇ ਸੰਧੂ ਹਥਿ ਜੋੜ ਕਰਿ ਅਰਦਾਸਿ ਕੀਤੀ: ਜੀ ਗੁਰੂ ਜੀ ਜਟੇਟਾ ਹੁੰਦਾ ਹਾਂ। ਗੋਤ੍ਰ ਸੰਧੂ। ਬਾਲਾ ਨਾਉਂ ਹੈ।...ਫਿਰ ਗੁਰੂ ਅੰਗਦ ਪੁਛਿਆ: ਭਾਈ ਬਾਲਾ ਤੁਹਿ ਗੁਰੂ ਨਾਨਕ ਡਿਠਾ ਸੀ ? ਫਿਰ ਬਾਲੇ ਕਹਿਆ, ਜੀ ਮੈਥੋਂ ਤ੍ਰੈ ਵਰ੍ਹੇ ਗੁਰੂ ਨਾਨਕ ਜੀ ਵੱਡਾ ਸੀ।...ਇਤਨੀ ਮੈਂ ਸੁਣਦਾ ਸੀ ਅਤੇ ਜੀ ਹੋਰ ਭੀ ਸੁਣੀਦੀ ਸੀ ਜੋ ਮਹਿਤੇ ਕਾਲੂੰ ਤਿਤੇ ਸਮੇਂ ਜਨਮ ਪਤ੍ਰੀ ਲਿਖਾਈ ਸੰਮਤ 1592 ਬਿ. (1535 ਈ.) ਮਿਤੀ ਵੈਸਾਖ ਸੁਦੀ ਪੰਚਮੀ। ਫਿਰਿ ਗੁਰੂ ਅੰਗਦ ਕਹਿਆ, ਭਾਈ ਬਾਲਾ ਕਿਵੇਂ ਜਨਮ ਪਤ੍ਰੀ ਭੀ ਹਥਿ ਆਵੇ, (ਪੰਨਾ 48)।" ਅਸਲ ਲਿਖਤ ਵਿਚ ਤਾਂ ਜਨਮ ਪਤ੍ਰੀ ਲਿਖਣ ਦਾ ਸਾਲ 1582 ਬਿਕ੍ਰਮੀ ਹੈ। ਡਾ ਸੁਖਦਿਆਲ ਸਿੰਘ ਨੇ ਬਾਲੇ ਵਾਲੀ ਜਨਮਸਾਖੀ ਦੀ ਅਲੋਚਨਾ ਕਰਨ ਵਾਲਿਆਂ ਲਈ ਬਹੁਤ ਹੀ ਹਲਕੇ ਪੱਧਰ ਦੀ ਭਾਸ਼ਾ (ਬੇਸ਼ਰਮ ਅਤੇ ਸ਼ਰਾਰਤੀ) ਦਾ ਪ੍ਰਯੋਗ ਕੀਤਾ ਹੈ।

ਚਲੋ ! ਸਾਡੇ ਵਰਗਿਆਂ ਲਈ ਤਾ ਇਹ ਪੜ੍ਹੇ ਲਿਖੇ ਵਿਦਵਾਨ, ਖਾਸ ਤੌਰ ਤੇ ਪੰਜਾਬੀ ਯੂਨੀਵਰਸਿਟੀ ਦੇ ਵਿਦਵਾਨ ਅਕਸਰ ਹੀ ਅਜੇਹੇ ਸ਼ਬਦ ਵਰਤਦੇ ਰਹਿੰਦੇ ਹਨ। ਪਰ ਡਾ ਸੁਖਦਿਆਲ ਸਿੰਘ ਨੇ ਤਾਂ ਸ. ਕਰਮ ਸਿੰਘ ਹਿਸਟੋਰੀਅਨ ਅਤੇ ਰਤਨ ਸਿੰਘ ਭੰਗੂ ਨੂੰ ਵੀ ਨਹੀ ਬਖ਼ਸ਼ਿਆ। ਇਨ੍ਹਾਂ ਬਾਰੇ ਲਿਖਦੇ ਹਨ, "ਕਰਮ ਸਿੰਘ ਹਿਸਟੋਰੀਅਨ ਨਾਂ ਦੇ ਸਿੱਖ ਸਕਾਲਰ ਨੇ ਤਾਂ ਭਾਈ ਬਾਲੇ ਨੂੰ ਰੱਦ ਕਰਨ ਲਈ ਭਾਂਤ-ਭਾਂਤ ਦੇ ਦ੍ਰਿਸ਼ਟਾਂਤ ਦੇ ਕੇ ਅਨੇਕਾਂ ਪੰਨੇ ਕਾਲੇ ਕਰ ਰੱਖੇ ਹਨ।...ਇਹ ਤਾਂ ਸ਼ੁਕਰ ਕਰੋ ਕਿ ਛੇਤੀ ਹੀ 1920 ਵਿਚ ਅਕਾਲੀ ਲਹਿਰ ਚੱਲ ਪਈ, ਨਹੀਂ ਤਾਂ ਸਾਡੇ ਸਿੱਖ ਸਕਾਲਰਾਂ ਕਰਮ ਸਿੰਘ ਹਿਸਟੋਰੀਅਨ ਅਤੇ ਰਤਨ ਸਿੰਘ ਭੰਗੂ ਜੈਸਿਆਂ ਨੇ ਤਾਂ ਸਾਡੇ ਸਿੱਖ ਇਤਿਹਾਸ ਦੀ ਰੂਪ ਰੇਖਾ ਹੀ ਬਿਗਾੜ ਦੇਣੀ ਸੀ, (ਪੰਨਾ 56) ।"

"ਉਸ ਤੋਂ ਬਾਅਦ ਬੀਹਵੀਂ ਸਦੀ ਦੇ ਆਰੰਭ ਵਿੱਚ ਕਰਮ ਸਿੰਘ ਹਿਸਟੋਰੀਅਨ ਨੇ ਇਸ ਵਾਦ-ਵਿਵਾਦ ਨੂੰ ਚੁੱਕ ਲਿਆ ਸੀ। ਉਸ ਨੇ 1920ਵਿਆਂ ਵਿਚ ਇਕ ਕਿਤਾਬ ਲਿਖ ਮਾਰੀ 'ਕੱਤਕ ਕਿ ਵਿਸਾਖ'। ਇਸ ਵਿਚ ਉਸ ਨੇ ਭਾਈ ਬਾਲੇ ਬਾਰੇ, ਬਾਲੇ ਵਾਲੀ ਜਨਮਸਾਖੀ ਬਾਰੇ, ਕੱਤਕ ਦੀ ਪੂਰਨਮਾਸ਼ੀ ਬਾਰੇ ਆਪਣੇ ਦਿਲ ਦੀ ਪੂਰੀ ਭੜਾਸ ਕੱਢੀ ਹੈ, (ਪੰਨਾ 120)।"

ਦੂਜੇ ਪਾਸੇ ਡਾ ਸੁਖਦਿਆਲ ਸਿੰਘ, ਈਸ਼ਰ ਸਿੰਘ ਨਾਰਾ ਦੀ ਕਿਤਾਬ ਬਾਰੇ ਲਿਖਦਾ ਹੈ, "ਇਸ ਦਾ ਪੂਰੇ ਵਿਸਥਾਰ ਨਾਲ ਜਵਾਬ ਗਿਆਨੀ ਈਸ਼ਰ ਸਿੰਘ ਨਾਰਾ ਨੇ 1970 ਈ: ਵਿਚ ਆਪਣੀ ਕਿਤਾਬ ਵਿਸਾਖ ਨਹੀ ਕੱਤਕ ਲਿਖ ਕੇ ਦਿੱਤਾ ਸੀ। ਇਹ 206 ਪੰਨਿਆਂ ਦੀ ਪੁਸਤਕ ਵਿਚ ਲੇਖਕ ਨੇ ਗੁਰੂ ਨਾਨਕ ਸਾਹਿਬ ਦੇ ਕੱਤਕ ਦੀ ਪੂਰਨਮਾਸ਼ੀ ਬਾਰੇ, ਭਾਈ ਬਾਲੇ ਦੀ ਇਤਿਹਾਸਕ ਹੋਂਦ ਬਾਰੇ ਅਤੇ ਭਾਈ ਬਾਲੇ ਵਾਲੀ ਜਨਮਸਾਖੀ ਦੀ ਇਤਿਹਾਸਕ ਪਰਮਾਣਿਕਤਾ ਬਾਰੇ ਬਹੁਤ ਗੰਭੀਰ ਕਿਸਮ ਦਾ ਅਧਿਐਨ ਕੀਤਾ ਹੈ। ਇਸ ਗੰਭੀਰ ਅਧਿਐਨ ਦੇ ਸਾਹਮਣੇ ਕਰਮ ਸਿੰਘ ਹਿਸਟੋਰੀਅਨ ਦੀਆਂ ਦਲੀਲਾਂ ਅਤੇ ਨੁਕਤੇ ਇਕਦਮ ਹਲਕੇ ਹਨ। ਗਿਆਨੀ ਈਸ਼ਰ ਨਾਰਾ ਦੀ ਵਿਸ਼ੇ ਪ੍ਰਤੀ ਗੰਭੀਰਤਾ ਅਤੇ ਕਰਮ ਸਿੰਘ ਹਿਸਟੋਰੀਅਨ ਦਾ ਵਿਸ਼ੇ ਪ੍ਰਤੀ ਹਲਕਾਪਣ ਹੇਠ ਲਿਖੀਆਂ ਟੂਕਾਂ ਤੋਂ ਹੀ ਸਾਬਤ ਹੋ ਜਾਂਦਾ ਹੈ,(ਪੰਨਾ 121) ।"

ਇਹ ਹਨ ਡਾ ਸੁਖਦਿਆਲ ਸਿੰਘ ਦੇ ਵਿਚਾਰ ਸ. ਕਰਮ ਸਿੰਘ ਹਿਸਟੋਰੀਅਨ ਅਤੇ ਈਸ਼ਰ ਸਿੰਘ ਨਾਰਾ ਪ੍ਰਤੀ। ਸ. ਕਰਮ ਸਿੰਘ ਨੇ ਲਿਖਿਆ ਹੈ ਕਿ ਮੈਨੂੰ ਸੰਮਤ 1781 ਬਿਕ੍ਰਮੀ (1724 ਈ:) ਦੀ ਹੱਥ ਲਿਖਤ ਜਗਰਾਵਾਂ ਦੇ ਇਕ ਡੇਰੇ 'ਚੋਂ ਮਿਲੀ ਹੈ, (ਪੰਨਾ 115)। ਉਸੇ ਜਨਮਸਾਖੀ ਦੀ ਉਨ੍ਹਾਂ ਨੇ ਅਲੋਚਨਾ ਕੀਤੀ ਹੈ। ਈਸ਼ਰ ਸਿੰਘ ਨਾਰਾ ਨੇ ਆਪਣੀ ਕਿਤਾਬ ਵਿੱਚ ਕਰਮ ਸਿੰਘ ਦੀ ਲਿਖਤ ਨੂੰ ਠੋਸ ਤੱਥਾਂ ਦੇ ਅਧਾਰ 'ਤੇ ਰੱਦ ਨਹੀਂ ਕੀਤਾ। ਖ਼ਿਆਲੀ ਪੁਲਾਓ ਹੀ ਬਣਾਏ ਹਨ। ਚੰਦ ਦੇ ਕੈਲੰਡਰ ਦੀਆਂ ਤਾਰੀਖ਼ਾਂ ਜਿਨ੍ਹਾਂ ਨੂੰ ਵਦੀ-ਸੁਦੀ ਕਿਹਾ ਜਾਂਦਾ ਹੈ ਅਤੇ ਤਾਰੀਖ਼ਾਂ ਦੀ ਅਦਲਾ-ਬਦਲੀ ਵਿਚ ਤਾਂ ਉਹ ਬੁਰੀ ਤਰ੍ਹਾਂ ਉਲਝਿਆ ਹੋਇਆ ਹੈ। ਉਸ ਨੇ ਆਪਣੀ ਲਿਖਤ ਵਿਚ ਬਹੁਤ ਸਾਰੀਆਂ ਗਲਤ ਬਿਆਨੀਆਂ ਕੀਤੀਆਂ ਹਨ। ਉਨ੍ਹਾਂ ਵਿਚੋਂ ਸਿਰਫ ਇਕ ਝੂਠ ਬਾਰੇ ਵਿਚਾਰ ਕਰਨੀ ਹੈ। ਉਹ ਹੈ ਡਾ ਬੀ ਵੀ ਰਮਨ ਵੱਲੋਂ ਬਣਾਇਆ ਗਿਆ ਟੇਵਾ।

ਵਿਸਾਖ ਨਹੀਂ ਕੱਤਕ ਵਿਚ ਈਸ਼ਰ ਸਿੰਘ ਨਾਰਾ ਲਿਖਦਾ ਹੈ, ਹੁਣ ਵੀ ਜੋਤਸ਼ ਦੇ ਇਕ ਮਹਾਂ ਵਿਦਵਾਨ ਨੇ ਦੁਨੀਆ ਦੇ ਬਹੁਤ ਵੱਡੇ ਲੋਕਾਂ ਦੀਆਂ ਪੁਰਾਤਨ ਜਨਮ ਕੁੰਡਲੀਆਂ ਲੱਭ ਕੇ ਉਨ੍ਹਾਂ ਦੇ ਜਨਮ ਦਿਨ ਤੇ ਸੰਮਤ ਸਾਲਾਂ ਦੇ ਹਿਸਾਬ ਕੱਢ ਕੇ ਅੰਗ੍ਰੇਜ਼ੀ ਦੀ ਇਕ ਪੁਸਤਕ ਕਈ ਸਾਲਾ ਦੀ ਮਿਹਨਤ ਮਗਰੋਂ ਲਿਖੀ ਤੇ ਸੰਨ 1956 ਵਿੱਚ ਛਾਪੀ ਹੈ। ਉਸ ਦਾ ਨਾਮ ਉਨ੍ਹਾਂ ਨੇ (ਨੋਟੇਬਲ ਹਾਰਸਕੋਪ-ਬੀ ਵੀ ਰਮਨ) ਟਾਈਟਲ 'ਤੇ ਲਿਖਿਆ ਹੈ, ਸਫ਼ਾ 73 ਉਤੇ ਉਸ ਨੇ ਸ੍ਰੀ ਗੁਰੂ ਨਾਨਕ ਜਨਮ ਦਿਨ 'ਕੱਤਕ ਪੂਰਨਮਾਸ਼ੀ' ਸੰਮਤ 1526 ਮੱਘਰ 9 (ਨਵੰਬਰ 8 ਸੰਨ 1469) ਦੱਸਿਆ ਤੇ ਐਸਾ ਹੀ ਨੈਸ਼ਨਲ ਲਾਇਬ੍ਰੇਰੀ ਨਵੀਂ ਦਿੱਲੀ ਦੀ ਪੁਰਾਤਨ ਜਨਮਸਾਖੀ ਦਾ ਹਵਾਲਾ ਪਿਛੇ ਦਿੱਤਾ ਹੈ, (ਪੰਨਾ 146)।

ਪਾਠਕ ਧਿਆਨ ਦੇਣ, ਈਸ਼ਰ ਸਿੰਘ ਨਾਰਾ ਵੱਲੋਂ ਡਾ ਰਮਨ ਦੇ ਹਵਾਲੇ ਨਾਲ ਦਿੱਤੀ ਗਈ ਤਾਰੀਖ, ਕੱਤਕ ਦੀ ਪੂਰਨਮਾਸ਼ੀ ਸੰਮਤ 1526 ਬਿਕ੍ਰਮੀ, ਮੱਘਰ 9 ਅਤੇ 8 ਨਵੰਬਰ 1469 ਈ: ਹੈ। ਜਿਵੇਂ ਮੈਂ ਪਹਿਲਾ ਲਿਖਿਆ ਹੈ ਕਿ ਈਸ਼ਰ ਸਿੰਘ ਨਾਰਾ ਤਾਰੀਖ਼ਾਂ ਦੀ ਅਦਲਾ-ਬਦਲੀ ਵਿਚ ਵਿੱਚ ਬੁਰੀ ਤਰ੍ਹਾਂ ਉਲਝਿਆ ਹੋਇਆ ਹੈ, ਇਹ ਉਸ ਦੀ ਪ੍ਰਤੱਖ ਉਦਾਹਰਣ ਹੈ।

ਆਓ, ਇਸ ਤਾਰੀਖ ਦੀ ਪੜਤਾਲ ਕਰੀਏ। ਕੱਤਕ ਦੀ ਪੂਰਨਮਾਸ਼ੀ ਸੰਮਤ 1526 ਬਿਕ੍ਰਮੀ, ਨੂੰ 21 ਕੱਤਕ, 20 ਅਕਤੂਬਰ 1469 ਈ: (O S) ਦਿਨ ਸ਼ੁੱਕਰਵਾਰ ਸੀ। 8 ਨਵੰਬਰ 1469 ਈ: ਨੂੰ 11 ਮੱਘਰ, ਮੱਘਰ ਸੁਦੀ 4, ਦਿਨ ਬੁੱਧਵਾਰ ਸੀ। 9 ਮੱਘਰ ਨੂੰ ਮੱਘਰ ਸੁਦੀ 2, ਨਵੰਬਰ 6 ਦਿਨ ਸੋਮਵਾਰ ਸੀ। ਦੱਸੋ ਹੁਣ ਇਸ ਤਾਰੀਖ ਤੋਂ ਕੀ ਸਮਝਿਆ ਜਾਵੇ।



No. 13.-GURU NANAK

**Birth Details.**—*Born on 8th November 1470 (O.S.) at midnight (L.M.T.). (Lat. 31° 39' N., Long. 74° 47' E.)

**Planetary Positions.**—The Sun 220° 30'; the Moon 38° 18'; Mars 211° 24'; Mercury 232° 24'; Jupiter 164° 30'; Venus 186°; Saturn 39° 6'; Rahu 263° 48'; and Lagna 136° 28'. Ayanamsa 15°.

| | | | |
|---|---|---|---|
| | | Moon Saturn | Ketu |
| | RASI | | |
| | | | Lagna |
| Rahu | Sun Mars Mercury | Venus | Jupit. |

| | | | |
|---|---|---|---|
| Moon Sat. | | Jupiter Ketu | |
| | NAVAMSA | | Mars |
| | | | Lagna |
| | Venus Rahu | Sun Mercury | |

Balance of the Sun's Dasa at birth: Year 0-9-23.

**Special Features.**—Simha or Leo rises unaspected by or unassociated with any malefics or benefics. The Lagna is

* I am indebted to Mr. Nahar Singh Gyani of Gujjarwal, Ludhiana District, for the birth details of Guru Nanak. According to most reliable sources, the Guru was born on the Full Moon day of Karthika, Samvat 1526, Thursday at midnight, in the nakshatra of Krittika, Simha Lagna.

ਦੂਜੇ ਪਾਸੇ ਡਾ ਰਮਨ ਵੱਲੋਂ ਬਣਾਏ ਗਏ ਟੇਵੇ ਵਿੱਚ "Birth Details -Born on 8th nonmember 1470 (o s)" ਦਰਜ ਹੈ। ਇਸ ਮੁਤਾਬਕ ਗੁਰੂ ਜੀ ਦਾ ਜਨਮ ਕੱਤਕ ਦੀ ਪੂਰਨਮਾਸ਼ੀ, 11 ਮੱਘਰ, ਸੰਮਤ 1527 ਬਿਕ੍ਰਮੀ ਬਣਦਾ ਹੈ। ਯਾਦ ਰਹੇ, ਡਾ ਰਮਨ ਨੇ ਆਪ ਖੋਜ ਨਹੀਂ ਕੀਤੀ। ਉਸ ਨੇ ਤਾਂ ਗਿਆਨੀ ਨਾਹਰ ਸਿੰਘ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਅਧਾਰ ਤੇ ਟੇਵਾ ਬਣਾਇਆ ਸੀ। "I am indebted to Mr. Nahar Singh Gyani of Gujjarwal, Ludhiana District, for the birth details of Guru Nanak. According to most reliable sources, the Guru was born on the Full Moon day of Karthika, Samvat 1526, Thursday at midnight, in the nakshatra of Krittika, Simha Lagna. (Notable Horoscopes, Page 74)

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਈਸ਼ਰ ਸਿੰਘ 8 ਨਵੰਬਰ 1470 ਈ: ਦੇ ਟੇਵੇ ਨੂੰ, 20 ਨਵੰਬਰ 1469 ਈ: ਦੇ ਹੱਕ ਵਿਚ ਭੁਗਤਾ ਰਿਹਾ ਹੈ, ਇਸ ਤੋਂ ਵੱਡਾ ਕੋਈ ਝੂਠਾ ਅਤੇ ਜਾਅਲਸਾਜ਼ ਹੋ ਸਕਦਾ ਹੈ ? ਈਸ਼ਰ ਸਿੰਘ ਨਾਰਾ ਹੀ ਨਹੀਂ ਡਾ ਦਿਲਗੀਰ ਵੀ ਇਸ ਟੇਵੇ ਦਾ ਹਵਾਲਾ ਦੇ ਕੇ ਗੁਰੂ ਜੀ ਦਾ ਜਨਮ ਕੱਤਕ ਦਾ ਸਾਬਿਤ ਕਰਦਾ ਹੈ। ਡਾ ਸੁਖਦਿਆਲ ਸਿੰਘ ਦੀ ਆਪਣੀ ਕਿਤਾਬ ਵਿਚ, ਜਿਸ ਵਿਚ ਪ੍ਰੋ: ਗੁਰਮੁਖ ਸਿੰਘ ਅਤੇ ਸ. ਕਰਮ ਸਿੰਘ ਹਿਸਟੋਰੀਅਨ ਲਈ, ਇਸ ਦੀ ਨਫ਼ਰਤ ਉਬਾਲੇ ਮਾਰ ਰਹੀ ਹੈ, ਈਸ਼ਰ ਸਿੰਘ ਨਾਰਾ ਨੂੰ ਉਤਮ ਦਰਜੇ ਦਾ ਖੋਜੀ ਲਿਖ ਰਿਹਾ ਹੈ।ਇਸ ਦੇ ਨਾਲ ਹੀ ਪਾਠਕ ਈਸ਼ਰ ਸਿੰਘ ਨਾਰਾ ਦੀ ਪੁਸਤਕ 'ਵਿਸਾਖ ਨਹੀਂ ਕੱਤਕ' ਪੜ੍ਹ ਲੈਣ, ਤਾਂ ਸਾਰੇ ਸ਼ੰਕੇ ਹੀ ਨਵਿਰਤ ਹੋ ਜਾਣਗੇ, (ਪੰਨਾ 78)।

ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਈਸ਼ਰ ਸਿੰਘ ਨਾਰਾ ਅਤੇ ਡਾ ਹਰਜਿੰਦਰ ਸਿੰਘ ਦਿਲਗੀਰ, ਜੋ ਇਸ ਟੇਵੇ ਨੂੰ ਆਪਣੇ ਹੱਕ ਵਿਚ ਭੁਗਤਾ ਰਹੇ ਹਨ, ਇਸ ਟੇਵੇ ਦੇ ਦਰਸ਼ਨ ਵੀ ਨਹੀਂ ਕੀਤੇ ਹੋਣਗੇ। ਨਹੀਂ ਤਾਂ 8 ਨਵੰਬਰ 1470 ਈ: ਦੇ ਟੇਵੇ ਦਾ 20 ਅਕਤੂਬਰ 1469 ਈ: ਦੀ ਤਾਰੀਖ ਨੂੰ ਸਹੀ ਸਾਬਿਤ ਕਰਨ ਲਈ ਹਵਾਲਾ ਕਿਵੇਂ ਦੇ ਸਕਦੇ ਸਨ। ਮੇਰਾ ਖਿਆਲ ਹੈ ਕਿ ਡਾ ਸੁਖਦਿਆਲ ਸਿੰਘ ਨੇ ਵੀ ਈਸ਼ਰ ਸਿੰਘ ਨਾਰਾ ਦੀ ਕਿਤਾਬ ਨਹੀਂ ਪੜ੍ਹੀ, ਜੇ ਪੜ੍ਹੀ ਹੈ ਤਾਂ ਉਨ੍ਹਾਂ ਨੂੰ ਸਮਝ ਨਹੀਂ ਆਈ। ਪ੍ਰੋ. ਗੁਰਮੁਖ ਸਿੰਘ ਅਤੇ ਕਰਮ ਸਿੰਘ ਦੇ ਵਿਰੋਧ ਵਿਚ ਅੰਨੇ ਹੋਏ ਇਤਿਹਾਸਕਾਰ ਨੇ, ਬਿਨਾ ਸੋਚੇ ਸਮਝੇ, ਬਿਨਾ ਕਿਤਾਬ ਪੜ੍ਹੇ ਹੀ ਈਸ਼ਰ ਸਿੰਘ ਨਾਰਾ ਦੀ ਕਿਤਾਬ 'ਵਿਸਾਖ ਨਹੀਂ ਕੱਤਕ' ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹ ਦਿੱਤੇ ਹਨ। ਇਹ ਹੈ ਅਜੋਕੇ ਇਤਿਹਾਸਕਾਰਾਂ ਦੀ ਅਸਲੀਅਤ ।

## ਮਿੰਨੀ ਕਹਾਣੀ

# ਮਾਂ ਦਿਵਸ ਦੀਆਂ ਮੁਬਾਰਕਾਂ

**ਸੋਨੀ ਸਿੰਗਲਾ**
ਸੰਪਰਕ -94653-84271

ਰੋਹਿਤ ਸਵੇਰ ਦਾ ਘਰੋਂ ਨਿਕਲਿਆ ਹੁਣ ਦੁਪਿਹਰ ਸਮੇਂ ਘਰ ਵੜਿਆ ਸੀ। ਆਉਣ ਸਾਰ ਉਸਨੇ ਆਪਣੀ ਮਾਂ ਨੂੰ ਆਵਾਜ਼ ਮਾਰੀ ਅਤੇ ਆਪਣੇ ਕੋਲ ਕਰਕੇ ਸੈਲਫੀ ਖਿੱਚ ਲਈ। ਫੇਰ ਉਹ ਕੂਲਰ ਦਾ ਬਟਨ ਦੱਬ ਕੇ ਮੰਜੇ 'ਤੇ ਪੈ ਗਿਆ ਅਤੇ ਰੋਟੀ ਲਈ ਮਾਂ ਨੂੰ ਆਵਾਜ਼ਾਂ ਮਾਰਨ ਲੱਗਿਆ। ਰੋਟੀ ਥੋੜ੍ਹਾ ਲੇਟ ਹੋਣ 'ਤੇ ਰੋਹਿਤ ਚੀਕ ਕੇ ਬੋਲਿਆ, "ਤੂੰ ਰੋਜ਼ ਲੇਟ ਕਰ ਦਿੰਦੀ ਹੈ ਮਾਂ, ਮੇਰਾ ਬੁਰਾ ਹਾਲ ਹੈ ਭੁੱਖ ਨਾਲ।" ਆਵਾਜ਼ ਸੁਣ ਕੇ ਮਾਂ ਭੱਜੀ-ਭੱਜੀ ਰੋਟੀ ਦੀ ਥਾਲੀ ਲੈ ਕੇ ਆਈ। ਰੋਟੀ ਖਾਂਦਾ-ਖਾਂਦਾ ਰੋਹਿਤ ਮੋਬਾਇਲ 'ਤੇ ਹੀ ਲੱਗਿਆ ਹੋਇਆ ਸੀ ਤਾਂ ਮਾਂ ਬੋਲੀ, "ਰੋਟੀ ਖਾਂਦੇ ਤਾਂ ਛੱਡ ਦਿਆ ਕਰ ਇਸ ਨੂੰ, ਸਾਰਾ ਦਿਨ ਇਸ ਵਿੱਚ ਹੀ ਵੜਿਆ ਰਹਿਨੈ। ਮੈਂ ਤੈਨੂੰ ਤਿੰਨ ਦਿਨਾਂ ਦੀ ਕਹੀ ਜਾਂਦੀ ਹਾਂ ਕਿ ਪੁੱਤ ਮੇਰੇ ਪੈਰ ਸੁੱਜੇ ਰਹਿੰਦੇ ਹਨ, ਕਿਸੇ ਡਾਕਟਰ ਕੋਲ ਦਿਖਾ ਕੇ ਦਵਾਈ ਦਵਾ ਲਿਆ ਪਰ ਤੈਨੂੰ ਇਸ ਮੋਬਾਇਲ ਤੋਂ ਫੁਰਸਤ ਮਿਲੇ ਫੇਰ ਹੀ ਐ।" ਠੀਕ ਹੈ ਮਾਂ ਕਹਿ ਕੇ ਰੋਹਿਤ ਬਾਹਰ ਵੱਲ ਨੂੰ ਤੁਰ ਪਿਆ ਅਤੇ ਜਾਂਦਾ-ਜਾਂਦਾ ਮਾਂ ਨਾਲ ਖਿੱਚੀ ਫੋਟੋ ਵਟਸਐਪ ਦੇ ਸਟੇਟਸ 'ਤੇ ਪਾ ਕੇ ਸਭ ਨੂੰ ਮਾਂ ਦਿਵਸ ਦੀਆਂ ਮੁਬਾਰਕਾਂ ਦੇ ਗਿਆ। ਮਾਂ ਖਾਲੀ ਬਰਤਨ ਚੁੱਕ ਕੇ ਫੇਰ ਰਸੋਈ ਵਿਚ ਵੜ ਗਈ।



## ਪ੍ਰਧਾਨ ਮੰਤਰੀ ਦਫਤਰ ਤੋਂ ਆ ਰਹੇ ਸਨ ਸਿੱਖਾਂ ਦੇ ਕਤਲਾਂ ਦੇ ਆਰਡਰ : ਫੂਲਕਾ ਦਾ ਦਾਅਵਾ

**ਨਵੀਂ ਦਿੱਲੀ/ਏਟੀ ਨਿਊਜ਼ :** ਚੁਣਾਵੀਂ ਮੌਸਮ ਵਿੱਚ 84 ਸਿੱਖ ਕਤਲੇਆਮ ਦਾ ਸੇਕ ਇੱਕ ਵਾਰ ਫਿਰ ਕਾਂਗਰਸ 'ਤੇ ਭਾਰੂ ਪੈਣ ਲੱਗਾ ਹੈ। ਹੁਣ ਸੀਨੀਅਰ ਵਕੀਲ ਐਚਐੱਸ ਫੂਲਕਾ ਨੇ ਵੱਡਾ ਦਾਅਵਾ ਕਰਦਿਆਂ ਇਲਜ਼ਾਮ ਲਗਾਏ ਹਨ ਕਿ ਸਿੱਖ ਕਤਲੇਆਮ ਦੇ ਆਰਡਰ ਤਤਕਾਲੀ ਪ੍ਰਧਾਨ ਮੰਤਰੀ ਦਫਤਰ ਤੋਂ ਆ ਰਹੇ ਸਨ ਪਰ ਸਿਆਸੀ ਰਸੂਖ ਦੇ ਚਲਦੇ ਇਸ ਨੂੰ ਬਾਹਰ ਨਹੀਂ ਆਉਣ ਦਿੱਤਾ ਗਿਆ। ਫੂਲਕਾ ਨੇ ਕਾਂਗਰਸ 'ਤੇ ਲਾਏ ਇਲਜ਼ਾਮਾਂ ਦਾ ਸਬੂਤ ਹੋਣ ਦਾ ਵੀ ਦਾਅਵਾ ਕੀਤਾ।

## ਅਦਾਲਤ ਨੇ ਪੰਚਕੂਲਾ ਹਿੰਸਾ ਮਾਮਲੇ ਵਿਚ ਪੰਜ ਡੇਰਾ ਸਿਰਸਾ ਪ੍ਰੇਮੀ ਕੀਤੇ ਬਰੀ

**ਪੰਚਕੂਲਾ/ਏਟੀ ਨਿਊਜ਼ :** 25 ਅਗਸਤ 2017 ਨੂੰ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸੀਬੀਆਈ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਪੰਚਕੂਲਾ ਵਿਚ ਹੋਈ ਹਿੰਸਾ ਦੇ ਪੰਜ ਮੁਲਜ਼ਮਾਂ ਨੂੰ ਅਦਾਲਤ ਨੇ ਸਬੂਤਾਂ ਦੀ ਕਮੀ ਕਾਰਨ ਬਰੀ ਕਰ ਦਿੱਤਾ। ਇਨ੍ਹਾਂ ਮੁਲਜ਼ਮਾਂ ਵਿਚ ਪਟਿਆਲਾ ਦੇ ਭਗਵੰਤ ਸਿੰਘ ਤੇ ਦੇਵੀ ਦਿਆਲ , ਸੰਗਰੂਰ ਵਾਸੀ ਜਗਜੀਤ ਸਿੰਘ ਤੇ ਨਾਜਰ ਸਿੰਘ, ਸ੍ਰੀਗੰਗਾਨਗਰ ਵਾਸੀ ਕਸਤੂਰੀ ਲਾਲ ਸ਼ਾਮਲ ਹਨ।

## ਗੈਂਗਸਟਰ ਗੁਰਜੰਟ ਸਿੰਘ ਭੁੱਲਰ ਉਰਫ ਕਾਲਾ ਗ੍ਰਿਫਤਾਰ

**ਫਿਰੋਜ਼ਪੁਰ/ਏਟੀ ਨਿਊਜ਼ :** ਪੁਲਿਸ ਦੇ ਸਪੈਸ਼ਲ ਵਿੰਗ ਨੇ ਅਬੋਹਰ ਦੇ ਨਜ਼ਦੀਕੀ ਪਿੰਡ ਸਾਧੂ ਵਾਲਾ ਤੋਂ ਚੰਦੂ ਗੈਂਗ ਦੇ ਗੈਂਗਸਟਰ ਗੁਰਜੰਟ ਸਿੰਘ ਭੁੱਲਰ ਉਰਫ ਕਾਲਾ ਨੂੰ ਗ੍ਰਿਫਤਾਰ ਕੀਤਾ ਹੈ। ਉਸ ਕੋਲ ਇਸਾਲਟ ਰਾਇਫਲ ਸਮੇਤ ਕਈ ਆਧੁਨਿਕ ਹਥਿਆਰ ਵੀ ਬਰਾਮਦ ਹੋਏ ਹਨ। ਗੈਂਗਸਟਰ ਕਾਲਾ ਦੀ ਗ੍ਰਿਫਤਾਰੀ ਰਾਤ ਦੌਰਾਨ ਘਰ ਤੋਂ ਕੀਤੀ ਗਈ। ਉਹ ਕਈ ਮਾਮਲਿਆਂ ਵਿਚ ਸ਼ਾਮਲ ਸੀ ਤੇ ਪੁਲਿਸ ਲਈ ਲੋਕ ਸਭਾ ਚੋਣ ਕਾਰਨ ਸਿਰਦਰਦ ਬਣਿਆ ਹੋਇਆ ਸੀ। ਉਸ ਦਾ ਸੰਬੰਧ ਗੈਂਗਸਟਰ ਚੰਦੂ ਤੇ ਜੈਪਾਲ ਗੈਂਗ ਨਾਲ ਦੱਸਿਆ ਜਾ ਰਿਹਾ ਹੈ।

## ਭਾਰਤੀ ਉਡਾਣਾਂ ਲਈ ਹਵਾਈ ਖੇਤਰ ਮੁੜ ਖੋਲ੍ਹ ਸਕਦਾ ਹੈ ਪਾਕਿ

**ਲਾਹੌਰ/ਏਟੀ ਨਿਊਜ਼ :** ਪਾਕਿਸਤਾਨ ਦੀ ਸ਼ਹਿਰੀ ਹਵਾਬਾਜ਼ੀ ਅਥਾਰਿਟੀ ਦੇ ਤਰਜਮਾਨ ਮੁਜਤਬਾ ਬੇਗ ਨੇ ਕਿਹਾ ਕਿ ਭਾਰਤ ਤੇ ਪਾਕਿਸਤਾਨ ਦੀਆਂ ਫ਼ੌਜਾਂ ਵਿਚਾਲੇ ਜਾਰੀ ਤਲਖ਼ੀ ਦਰਮਿਆਨ ਭਾਰਤੀ ਉਡਾਣਾਂ ਲਈ ਆਪਣਾ ਹਵਾਈ ਖੇਤਰ ਮੁੜ ਖੋਲ੍ਹਣ ਦੇ ਫੈਸਲੇ 'ਤੇ 15 ਮਈ ਨੂੰ ਨਜ਼ਰਸਾਨੀ ਕੀਤੀ ਜਾਵੇਗੀ। ਉਧਰ ਭਾਰਤ ਸਰਕਾਰ ਨੇ ਇਸ਼ਾਰਾ ਕੀਤਾ ਕਿ ਆਮ ਚੋਣਾਂ ਖ਼ਤਮ ਹੋਣ ਤਕ ਸਥਿਤੀ ਜਿਉਂ ਦੀ ਤਿਉਂ ਬਰਕਰਾਰ ਰਹੇਗੀ।

## 'ਸਾਹਿਬਾਂ' ਦੇ ਭਰਾਵਾਂ ਨੇ ਵੱਢ ਸੁੱਟਿਆ ਮਾਡਰਨ ਮਿਰਜ਼ਾ

**ਸਮਾਣਾ/ਏਟੀ ਨਿਊਜ਼ :** ਆਪਣੀ ਪ੍ਰੇਮਿਕਾ ਨੂੰ ਉਸ ਦੇ ਪਿੰਡ ਰਾਤ ਸਮੇਂ ਮਿਲਣ ਗਏ 24 ਸਾਲਾ ਖਾਨਪੁਰ ਗਾੜ੍ਹੀਆਂ ਦੇ ਨੌਜਵਾਨ ਅਮਰਜੀਤ ਸਿੰਘ ਨੂੰ ਪ੍ਰੇਮਿਕਾ ਦੇ ਭਰਾਵਾਂ ਨੇ ਰੰਗੇ ਹੱਥੀਂ ਫੜ ਲਿਆ ਤੇ ਤੇਜ਼ਧਾਰ ਹਥਿਆਰਾਂ ਨਾਲ ਮਾਰ ਦਿੱਤਾ। ਪੁਲਿਸ ਨੇ ਨੌਜਵਾਨ ਦੇ ਪਰਿਵਾਰ ਦੀ ਸ਼ਿਕਾਇਤ 'ਤੇ ਉਸ ਦੀ ਪ੍ਰੇਮਿਕਾ ਤੇ ਉਸ ਦੇ ਦੋਵੇਂ ਭਰਾਵਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।

## ਪੁਸ਼ਕਰ ਘੁੰਮਣ ਗਈ ਲੜਕੀ ਨਾਲ ਬਲਾਤਕਾਰ

**ਜੈਪੁਰ/ਏਟੀ ਨਿਊਜ਼ :** ਰਾਜਸਥਾਨ ਵਿਚ ਪੁਸ਼ਕਰ ਵਿਚ ਘੁੰਮਣ ਗਈ ਇਕ ਲੜਕੀ ਨਾਲ ਟੂਰਿਸਟ ਗਾਈਡ ਜੀਵਨ ਮਾਲੀ ਨੇ ਹੋਟਲ ਵਿਚ ਲਿਜਾ ਕੇ ਜਬਰ ਜਨਾਹ ਕੀਤਾ ਤੇ 18 ਹਜ਼ਾਰ ਰੁਪਏ ਲੁੱਟ ਲਏ। ਪੀੜਤਾ ਨੇ ਅਜਮੇਰ ਦੇ ਸਿਵਲ ਲਾਈਨਸ ਥਾਣੇ ਵਿਚ ਮੁਕੱਦਮਾ ਦਰਜ ਕਰਾਇਆ ਹੈ।

# Sir Speedy Tustin
Printers to the Community

**Outdoor 3'x11' Promo Flag**
Only $29/-
Pole & Spike $55/-

GURU NANAK SIKH TEMPLE
FAIRFIELD
Visit Our Website:
www.FairfieldGurudwara.com

**Outdoor 3'x6' Durable Banner**
All weather, durable to sunlight, rain and wear & tear. Text only.
Only $69/-

**Receipt Books**
Customized with your information and design. 2 part carbonless with numbering and perforation.
Call for Price

**Retractable 33"x 80" Banner**
Includes stand and carry bag. Hi-res imaging, durable and Brilliant colors!
Only $225/-

**All Weather 18"x24" Yard Signs**
Includes H-stakes. Single sided, durable to sunlight and rain. Reusable!
$49/- for 4

ਲੱਖ ਲੱਖ ਵਧਾਈ

**11" Printed Balloons**
Printed with your logo and info. One color, one location. Min. qty 1000
19¢ each

YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100

**Your Printed T-Shirts**
Only $4.99

1 color in 1 position. Min Qty. 100
YOUR LOGO HERE

**Your Printed Caps**
Only $4.99

DAILY TRIP ENVELOPE

**Trip Envelopes** Qty 1000
Only $199/-

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

## ਕਮਲਜੀਤ ਸਿੰਘ ਬੈਨੀਪਾਲ ਨੇ ਦੋ ਮੀਲ ਦੌੜ 'ਚ ਦੂਜਾ ਸਥਾਨ ਮੱਲਿਆ

**ਫਰਿਜ਼ਨੋ/ਨੀਟਾ ਮਾਛੀਕੇ, ਕੁਲਵੰਤ ਧਾਲੀਆਂ :**
ਫਰਿਜ਼ਨੋ ਦੇ ਕਮਲਜੀਤ ਸਿੰਘ ਬੈਨੀਪਾਲ ਨੇ ਉਸ ਵਕਤ ਪੰਜਾਬੀ ਭਾਈਚਾਰੇ ਦਾ ਨਾਮ ਫ਼ਖ਼ਰ ਨਾਲ ਉੱਚਾ ਕੀਤਾ ਜਦੋਂ ਉਹਨਾਂ



ਫਰਿਜ਼ਨੋ ਦੇ ਵੁੱਡਵਰਡ ਪਾਰਕ ਵਿਚ ਮਦਰਜ਼ ਡੇਅ ਨੂੰ ਸਮਰਪਿਤ ਦੋ ਮੀਲ ਲੰਮੀ ਦੌੜ ਵਿਚ ਸ਼ਾਮਲ ਹੋ ਕੇ ਦੂਸਰਾ ਸਥਾਨ ਪ੍ਰਾਪਤ ਕੀਤਾ। ਕਮਲਜੀਤ ਸਿੰਘ ਬੈਨੀਪਾਲ ਨੇ ਇਹ ਦੌੜ 13 ਮਿੰਟ ਵਿਚ ਪੂਰੀ ਕੀਤੀ। ਇਸ ਦੌੜ ਵਿਚ ਹਿੱਸਾ ਲੈਣ ਲਈ ਵੱਖੋ ਵੱਖ ਉਮਰ ਦੇ 132 ਦੌੜਾਕ ਪੂਰੇ ਕੈਲੀਫੋਰਨੀਆ ਸੂਬੇ ਤੋਂ ਪਹੁੰਚੇ ਹੋਏ ਸਨ। ਇਸ ਜਿੱਤ ਪਿੱਛੋਂ ਸ. ਬੈਨੀਪਾਲ ਨੂੰ ਹਰ ਪਾਸਿਓਂ ਵਧਾਈਆਂ ਮਿਲ ਰਹੀਆਂ ਹਨ ਅਤੇ ਫਰਿਜ਼ਨੋ ਏਰੀਏ ਦਾ ਪੰਜਾਬੀ ਭਾਈਚਾਰਾ ਕਮਲਜੀਤ ਸਿੰਘ ਬੈਨੀਪਾਲ ਦੀ ਜਿੱਤ ਉਤੇ ਮਾਣ ਮਹਿਸੂਸ ਕਰ ਰਿਹਾ ਹੈ।

# ਭਾਰਤੀ ਔਰਤ ਨਬਾਲਗ ਮਤਰੇਈ ਧੀ ਦੇ ਕਤਲ ਦੀ ਦੋਸ਼ੀ ਕਰਾਰ

**ਨਿਊਯਾਰਕ/ਏਟੀ ਨਿਊਜ਼ :**
ਅਮਰੀਕਾ 'ਚ ਇਕ ਭਾਰਤੀ ਔਰਤ ਨੂੰ ਨੌਂ ਸਾਲ ਦੀ ਮਤਰੇਈ ਧੀ ਦੇ ਕਤਲ ਦਾ ਦੋਸ਼ੀ ਪਾਇਆ ਗਿਆ ਹੈ। ਸਜ਼ਾ 3 ਜੂਨ ਨੂੰ ਸੁਣਾਈ ਜਾਵੇਗੀ ਤੇ ਇਸ ਜੁਰਮ 'ਚ ਉਸ ਨੂੰ 25 ਸਾਲ ਤਕ ਦੀ ਕੈਦ ਹੋ ਸਕਦੀ ਹੈ। ਘਟਨਾ ਸਾਲ 2016 ਦੀ ਹੈ ਜਿਸ 'ਚ 55 ਸਾਲਾ ਦੀ ਸ਼ਾਮਦਈ ਅਰਜੁਨ ਨੇ ਅਸਦੀਪ ਨੂੰ ਗਲ ਘੁੱਟ ਕੇ ਮਾਰ ਦਿੱਤਾ ਸੀ।





ਕਾਰਜਕਾਰੀ ਡਿਸਟ੍ਰਿਕਟ ਅਟਾਰਨੀ ਜੌਨ ਰਿਆਨ ਨੇ ਫੈਸਲਾ ਸੁਣਾਉਂਦੇ ਹੋਏ ਕਿਹਾ, ਕਿਵੇਂਵੱਸ ਬੱਚੀ ਨਾਲ ਜੋ ਹੋਇਆ, ਇਹ ਦਿਲ ਦਹਿਲਾਉਣ ਵਾਲਾ ਹੈ। ਉਸ ਦੀ ਦੇਖਭਾਲ ਮਤਰੇਈ ਮਾਂ ਨੇ ਕਰਨੀ ਸੀ ਪਰ ਉਸ ਨੇ ਹੀ ਗਲ ਘੁੱਟ ਦਿੱਤਾ। ਉਹ ਕਾਨੂੰਨਨ ਜ਼ਿਆਦਾ ਸਜ਼ਾ ਦੀ ਹੱਕਦਾਰ ਹੈ।ਅਟਾਰਨੀ ਦੀ ਇਸ ਟਿੱਪਣੀ ਤੋਂ ਬਾਅਦ ਮੰਨਿਆ ਜਾ ਰਿਹਾ ਹੈ ਕਿ ਦੋਸ਼ੀ ਸ਼ਾਮਦਈ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਜਾਵੇਗੀ।
ਚਸ਼ਮਦੀਦ ਮੁਤਾਬਕ ਉਸ ਨੇ 19 ਅਗਸਤ, 2016 ਦੀ ਸ਼ਾਮ ਸ਼ਾਮਦਈ ਨੂੰ ਉਸ ਦੇ ਸਾਬਕਾ ਪਤੀ ਰੇਮੰਡ ਨਾਰਾਇਣ, 3 ਤੇ 5 ਸਾਲਾ ਦੇ ਦੋ ਬੱਚਿਆਂ ਨਾਲ ਕੁਈਨਜ਼ ਨੇੜਲੇ ਅਪਾਰਮੈਂਟ ਵਿਚੋਂ ਨਿਕਲਦੇ ਦੇਖਿਆ ਸੀ। ਉਸ ਸਮੇਂ ਚਸ਼ਮਦੀਦ ਨੇ ਅਸਦੀਪ ਬਾਰੇ ਪੁੱਛਿਆ ਤਾਂ ਸ਼ਾਮਦਈ ਨੇ ਕਿਹਾ ਕਿ ਉਹ ਬਾਥਰੂਮ 'ਚ ਹੈ ਤੇ ਆਪਣੇ ਪਿਤਾ ਦਾ ਇੰਤਜ਼ਾਰ ਕਰ ਰਹੀ ਹੈ, ਉਹ ਉਨ੍ਹਾਂ ਨਾਲ ਆਵੇਗੀ।
ਬਾਅਦ 'ਚ ਉਸ ਨੇ ਕਈ ਘੰਟਿਆਂ ਤਕ ਬਾਥਰੂਮ ਦੀ ਲਾਈਟ ਬਲਦੇ ਦੇਖੀ। ਇਸ ਤੋਂ ਬਾਅਦ ਉਸ ਨੇ ਪੀੜਤ ਦੇ ਪਿਓ ਨੂੰ ਫੋਨ ਕੀਤਾ। ਉਸ ਦੇ ਆਉਣ ਤੋਂ ਬਾਅਦ ਬਾਥਰੂਮ ਦਾ ਦਰਵਾਜ਼ਾ ਤੋੜਿਆ ਗਿਆ ਜਿੱਥੇ ਅਸਦੀਪ ਦੀ ਲਾਸ਼ ਬਾਥਟੱਬ 'ਚ ਪਈ ਸੀ।

## ਦਿੱਲੀ ਪੁਲੀਸ ਨੇ ਕਰੋੜਾਂ ਦੇ ਨਸ਼ੀਲੇ ਪਦਾਰਥ ਫੜੇ

### *ਨਾਈਜੀਰੀਅਨ ਲੋਕ ਨਸ਼ਿਆਂ ਲਈ ਭਾਰਤ 'ਚ ਹੋਏ ਸਰਗਰਮ*

**ਨਵੀਂ ਦਿੱਲੀ/ਏਟੀ ਨਿਊਜ਼ :**
ਲੋਕ ਸਭਾ ਚੋਣਾਂ ਦੌਰਾਨ ਪੁਲੀਸ ਵੱਲੋਂ ਕੀਤੀ ਸਖ਼ਤੀ ਦੌਰਾਨ ਨਾਰਕੋਟਿਕਸ ਕੰਟਰੋਲ ਬਿਊਰੋ ਨੇ ਗ੍ਰੇਟਰ ਨੋਇਡਾ ਵਿਚ ਇਕ ਫੈਕਟਰੀ ਨੇੜਿਓਂ ਵੱਡੀ ਮਾਤਰਾ ਵਿਚ ਪਹਿਲੀ ਵਾਰ 25 ਕਰੋੜ ਰੁਪਏ ਦੇ ਸੂਡੋਫੇਡ੍ਰਾਈਨ ਨਸ਼ੀਲੇ ਪਦਾਰਥ ਬਰਾਮਦ ਕੀਤੇ ਹਨ। ਇਹ ਨਸ਼ਾ ਜ਼ਿਆਦਾਤਰ ਯੂਰਪ ਅਤੇ ਦੱਖਣੀ-ਪੂਰਬੀ ਏਸ਼ੀਆ ਵਿਚ ਵਰਤਿਆ ਜਾਂਦਾ ਹੈ। ਇਸ ਮਾਮਲੇ ਵਿਚ ਪੁਲੀਸ ਨੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਐੱਨਸੀਬੀ ਨੇ ਇਹ ਕਾਰਵਾਈ 9 ਮਈ ਨੂੰ ਗ੍ਰਿਫ਼ਤਾਰ ਕੀਤੀ ਸਾਊਥ ਅਫ਼ਰੀਕਨ ਔਰਤ ਵੱਲੋਂ ਦਿੱਤੀ ਜਾਣਕਾਰੀ ਦੇ ਆਧਾਰ 'ਤੇ ਕੀਤੀ ਹੈ।

### *ਭਾਰਤ-2019 :* ਕੌਣ ਬਣੇਗਾ ਪ੍ਰਧਾਨ ਮੰਤਰੀ ?

ਰਹਿ ਕੇ ਸਿਆਸਤ ਕਰ ਰਹੀਆਂ ਦੋ ਵੱਡੀਆਂ ਧਿਰਾਂ ਬਹੁਜਨ ਸਮਾਜ ਪਾਰਟੀ ਤੇ ਸਮਾਜਵਾਦੀ ਪਾਰਟੀ ਨੇ ਬਸਪਾ ਮੁਖੀ ਕੁਮਾਰੀ ਮਾਇਆਵਤੀ ਨੂੰ ਦੇਸ਼ ਦੀ ਅਗਲੀ ਪ੍ਰਧਾਨ ਮੰਤਰੀ ਵੱਜੋਂ ਉਭਾਰਿਆ ਗਿਆ ਹੈ। ਇਨ੍ਹਾਂ ਦੀ ਟੇਕ ਆਮ ਤੌਰ ਉਤੇ ਲਟਕਵੀਂ ਲੋਕ ਸਭਾ ਬਣ ਜਾਣ ਉਤੇ ਹੀ ਟਿਕੀ ਹੋਈ ਹੈ। ਜੇਕਰ ਐਨਡੀਏ ਜਾਂ ਯੂਪੀਏ ਨੂੰ ਸਪੱਸ਼ਟ ਬਹੁਮਤ ਨਹੀਂ ਮਿਲਦਾ ਤਾਂ ਫਿਰ ਬਸਪਾ ਤੇ ਸਪਾ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਦਾਅ ਖੇਡ ਸਕਦੀਆਂ ਹਨ ਪਰ ਇਸ ਵਾਸਤੇ ਉਨ੍ਹਾਂ ਨੂੰ ਜ਼ਰੂਰ ਹੀ ਐਨਡੀਏ ਜਾਂ ਯੂਪੀਏ ਵਿਚੋਂ ਕਿਸੇ ਇਕ ਦੇ ਸਮਰਥਨ ਦੀ ਲੋੜ ਪਵੇਗੀ। ਉਂਝ ਅਜਿਹੇ ਹਾਲਾਤ ਵਿਚ ਕਿਸੇ ਚੌਥੇ ਆਗੂ ਉਤੇ ਵੀ ਭਾਰਤ ਦੇ ਇਸ ਸਭ ਤੋਂ ਉਚੇ ਅਹੁਦੇ ਦਾ ਗੁਣਾ ਪੈ ਸਕਦਾ ਹੈ। ਆਮ ਕਰ ਕੇ ਦੇਸ਼ ਪੱਧਰ ਉਤੇ ਚੋਣ ਲੜ ਰਹੇ ਦੋਵੇਂ ਵੱਡੇ ਸਿਆਸੀ ਗੱਠਜੋੜਾਂ ਦੇ ਉਮੀਦਵਾਰਾਂ ਕ੍ਰਮਵਾਰ ਨਰਿੰਦਰ ਮੋਦੀ ਅਤੇ ਰਾਹੁਲ ਗਾਂਧੀ ਵਿਚੋਂ ਹੀ ਕਿਸੇ ਇਕ ਦੇ ਹਿੱਸੇ ਪ੍ਰਧਾਨ ਮੰਤਰੀ ਦੀ ਕੁਰਸੀ ਆਉਣ ਦੀਆਂ ਸੰਭਾਵਨਾਵਾਂ ਸਭ ਤੋਂ ਵੱਧ ਹਨ।

### ਪੰਜਾਬ ਦੇ ਚੋਣ ਪਿੜ ਵਿਚ ਉਤਰੇ ਵੱਡੇ ਆਗੂ

ਵਿਚ ਦੋ ਰੈਲੀਆਂ ਕਰਨ ਦਾ ਪ੍ਰੋਗਰਾਮ ਉਲੀਕਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਲੁਧਿਆਣਾ ਵਿਚ ਇਕ ਹੋਰ ਰੈਲੀ ਨੂੰ ਸੰਬੋਧਨ ਕੀਤਾ ਜਾਏਗਾ। ਬਿਨਾ ਸ਼ੱਕ ਕੌਮੀ ਪੱਧਰ ਦੇ ਆਗੂਆਂ ਦੀ ਪੰਜਾਬ ਵਿਚ ਆਮਦ ਨਾਲ ਰਾਜ ਵਿਚ ਚੋਣ ਪ੍ਰਚਾਰ ਸਿਖਰ 'ਤੇ ਪਹੁੰਚ ਗਿਆ ਹੈ। ਉਪਰੋਕਤ ਸਿਆਸੀ ਆਗੂ ਆਪੋ-ਆਪਣੇ ਮੁੱਦੇ ਉਛਾਲ ਕੇ ਲੋਕਾਂ ਨੂੰ ਆਪਣੇ ਪੱਖ ਵਿਚ ਵੋਟਾਂ ਪਾਉਣ ਲਈ ਪ੍ਰਭਾਵਿਤ ਕਰਨਗੇ।
ਲੋਕ-ਮੁੱਦਿਆਂ ਨੂੰ ਛੂਹਣ ਤੋਂ ਦੂਰ ਹੀ ਰਹੇ ਨੇਤਾ-
ਜੇਕਰ 11 ਅਪ੍ਰੈਲ ਤੋਂ ਹੁਣ ਤਕ ਲੋਕ ਸਭਾ ਚੋਣਾਂ ਦੇ ਮੁਕੰਮਲ ਹੋਏ ਛੇ ਪੜਾਵਾਂ ਨੂੰ ਦੇਖੀਏ ਤਾਂ ਇਸ ਵਿਚ ਸਪੱਸ਼ਟ ਤੌਰ 'ਤੇ ਇਹ ਨਜ਼ਰ ਆ ਰਿਹਾ ਹੈ ਕਿ ਸਿਆਸੀ ਪਾਰਟੀਆਂ ਦੇ ਆਗੂ ਲੋਕਾਂ ਦੇ ਭਖਦੇ ਬੁਨਿਆਦੀ ਮੁੱਦਿਆਂ, ਸਿਹਤ, ਸਿੱਖਿਆ, ਰੁਜ਼ਗਾਰ, ਸਨਅਤ-ਵਪਾਰ ਅਤੇ ਖੇਤੀਬਾੜੀ ਸੰਕਟ ਆਦਿ ਵੱਲ ਬਹੁਤ ਘੱਟ ਧਿਆਨ ਦਿੰਦੇ ਰਹੇ ਹਨ, ਸਗੋਂ ਵੱਖ-ਵੱਖ ਤਰ੍ਹਾਂ ਦੇ ਜਜ਼ਬਾਤੀ ਮੁੱਦੇ ਉਠਾ ਕੇ ਇਥੋਂ ਤਕ ਕਿ ਧਰਮ ਅਤੇ ਜਾਤ ਦੇ ਆਧਾਰ 'ਤੇ ਲੋਕਾਂ ਵਿਚ ਵੰਡੀਆਂ ਪਾ ਕੇ ਵੋਟਾਂ ਲੈਣ ਲਈ ਵਧੇਰੇ ਯਤਨ ਕਰਦੇ ਦਿਖਾਈ ਦਿੱਤੇ ਹਨ।

### ਅਮਰੀਕਾ ਦਾ ਇਰਾਨ ਨਾਲ ਰੌਲਾ ਵਧਿਆ

ਅੱਤਵਾਦੀ ਸੰਗਠਨ ਐਲਾਨ ਦਿੱਤਾ ਹੈ।
ਉੱਧਰ ਇਰਾਨ ਨੇ ਕਿਹਾ ਹੈ ਕਿ ਜੇ ਉਸ ਦਾ ਤੇਲ ਵੇਚਣ ਤੋਂ ਰੋਕਿਆ ਗਿਆ ਤਾਂ ਇਸ ਦੇ ਨਤੀਜੇ ਮਾੜੇ ਹੋਣਗੇ। ਇਨ੍ਹਾਂ ਦੋਵਾਂ ਦੇਸ਼ਾਂ ਦੇ ਵਿਗੜਦੇ ਰਿਸ਼ਤੇ ਦਾ ਅਸਰ ਦੁਨੀਆ ਦਾ ਸਾਰੇ ਦੇਸ਼ਾਂ 'ਤੇ ਪੈ ਰਿਹਾ ਹੈ।
ਅਮਰੀਕਾ ਪਿਛਲੇ ਸਾਲ ਇਰਾਨ ਸਣੇ ਛੇ ਦੇਸ਼ਾਂ ਵਿਚਾਲੇ ਹੋਏ ਪਰਮਾਣੂ ਸਮਝੌਤੇ ਤੋਂ ਬਾਹਰ ਹੋ ਗਿਆ ਸੀ। ਇਸ ਦੇ ਨਾਲ ਹੀ ਟਰੰਪ ਨੇ ਦੁਨੀਆ ਦੇ ਹੋਰਾਂ ਦੇਸ਼ਾਂ ਨੂੰ ਧਮਕੀ ਦਿੰਦਿਆਂ ਕਿਹਾ ਕਿ ਇਰਾਨ ਨਾਲ ਜੋ ਦੇਸ਼ ਵਪਾਰ ਕਰੇਗਾ, ਉਹ ਅਮਰੀਕਾ ਨਾਲ ਕਾਰੋਬਾਰੀ ਸਬੰਧ ਨਹੀਂ ਰੱਖ ਪਾਏਗਾ। ਇਸ ਦਾ ਨਤੀਜਾ ਇਹ ਹੋਇਆ ਕਿ ਇਸ ਮਾਮਲੇ 'ਤੇ ਅਮਰੀਕਾ ਅਤੇ ਯੂਰਪ ਵਿੱਚ ਖੁੱਲ੍ਹ ਕੇ ਮਤਭੇਦ ਸਾਹਮਣੇ ਆਏ। ਯੂਰਪੀਅਨ ਯੂਨੀਅਨ ਨੇ ਇਰਾਨ ਨਾਲ ਹੋਏ ਪਰਮਾਣੂ ਸਮਝੌਤੇ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਟਰੰਪ ਮੰਨੇ ਨਹੀਂ।
ਅਮਰੀਕਾ ਨੇ ਇਰਾਨ ਤੋਂ ਕੱਚੇ ਤੇਲ ਦੇ ਆਯਾਤ ਲਈ ਭਾਰਤ ਸਮੇਤ ਕਈ ਦੇਸ਼ਾਂ ਨੂੰ ਜੋ ਛੂਟ ਦਿੱਤੀ ਸੀ, ਉਹ 2 ਮਈ ਨੂੰ ਖ਼ਤਮ ਹੋ ਗਈ ਹੈ। ਹੁਣ ਕੋਈ ਦੇਸ਼ ਇਰਾਨ ਤੋਂ ਕੱਚਾ ਤੇਲ ਨਹੀਂ ਖਰੀਦ ਸਕੇਗਾ। ਇਰਾਨ ਕੋਲੋਂ ਸਭ ਤੋਂ ਵੱਧ ਤੇਲ ਖਰੀਦਣ ਵਾਲਿਆਂ ਵਿੱਚੋਂ ਚੀਨ ਤੋਂ ਬਾਅਦ ਭਾਰਤ ਦੂਜੇ ਨੰਬਰ 'ਤੇ ਹੈ।

### ਪੰਜਾਬ ਦੀ ਰਾਜਨੀਤੀ 'ਚ ਕਾਲੀਆਂ ਝੰਡੀਆਂ ਦੀ ਦਹਿਸ਼ਤ

ਇਹ ਹੈ ਕਿ ਰੋਸ ਪ੍ਰਦਰਸ਼ਨ ਕਰਨ ਵਾਲੇ ਕਾਂਗਰਸ ਤੋਂ ਵੀ ਪੂਰੇ ਔਖੇ ਹਨ ਪਰ ਉਨ੍ਹਾਂ ਨੂੰ ਬਾਦਲ ਪਰਿਵਾਰ ਵੱਡਾ ਦੋਸ਼ੀ ਲੱਗਦਾ ਹੈ। ਲੋਕਾਂ ਵਿੱਚ ਇਹ ਰੋਸ ਬਾਦਲ ਸਰਕਾਰ ਵੇਲੇ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਤੇ ਅਕਾਲੀ ਦਲ ਦੇ ਪੰਥਕ ਏਜੰਡੇ ਤੋਂ ਥਿੜਕਣ ਕਰਕੇ ਹੈ।
ਆਪਣੀ ਨੂੰਹ ਹਰਸਿਮਰਤ ਕੌਰ ਦੇ ਚੋਣ ਪ੍ਰਚਾਰ ਲਈ ਪਿੰਡ ਘੁੱਦਾ ਪਹੁੰਚੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਦਲ ਦੇ ਥਾਂ-ਥਾਂ 'ਤੇ ਹੋ ਰਹੇ ਘਿਰਾਓ ਬਾਰੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਇਹ ਕਾਂਗਰਸ ਦੀ ਸਾਜਿਸ਼ ਹੈ। ਇਸ ਦਾ ਮੂੰਹ ਤੋੜ ਉੱਤਰ ਦਿੱਤਾ ਜਾਵੇਗਾ।

**ਸੁਖਬੀਰ ਬਾਦਲ ਨੇ ਦਿੱਤੀ ਧਮਕੀ-**
ਬੀਬੀ ਹਰਸਿਮਰਤ ਕੌਰ ਬਾਦਲ ਦੇ ਪਤੀ ਅਤੇ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਬਾਦਲ ਨੇ ਪੰਥਕ ਜਥੇਬੰਦੀਆਂ ਲਈ ਸਖ਼ਤ ਰਵੱਈਆ ਅਪਣਾ ਲਿਆ ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਜੇਕਰ ਕਿਸੇ ਵੀ ਅਕਾਲੀ ਵਰਕਰ 'ਤੇ ਕੋਈ ਵੀ ਆਂਚ ਆਈ ਤਾਂ ਇਸ ਦਾ ਜ਼ਿੰਮੇਵਾਰ ਪੁਲਿਸ ਪ੍ਰਸ਼ਾਸਨ ਅਤੇ ਉਹ ਲੋਕ ਹੋਣਗੇ। ਇਸ ਤੋਂ ਬਾਅਦ ਉਨ੍ਹਾਂ ਧਮਕੀ ਵਾਲੇ ਅੰਦਾਜ਼ ਵਿਚ ਕਿਹਾ ਕਿ ਇਸ ਤੋਂ ਬਾਅਦ ਅਜਿਹਾ ਕਰਨ ਵਾਲਿਆਂ ਨੂੰ ਪੂਰੀ ਜ਼ਿੰਦਗੀ ਜੇਲ੍ਹ ਵਿੱਚੋਂ ਬਾਹਰ ਨਹੀਂ ਨਿਕਲਣ ਦਿਆਂਗਾ। ਉਹਨਾਂ ਕਿਹਾ ਕਿ ਇਕ ਇਸ਼ਾਰੇ 'ਤੇ ਮੈਂ ਪੰਜ ਲੱਖ ਬੰਦਾ ਇਕੱਠਾ ਕਰ ਦਿਆਂਗਾ।

**ਕੀ ਸਥਿਤੀ ਹੈ ਬਠਿੰਡੇ ਦੀ**
ਸੂਬੇ ਦੀ ਸਭ ਤੋਂ ਚਰਚਿਤ ਬਠਿੰਡਾ ਲੋਕ ਸਭਾ ਸੀਟ 'ਤੇ ਵੋਟਾਂ ਦੇ ਦਿਨ ਨਜਦੀਕ ਆਉਂਦੇ ਹੀ ਮੁਕਾਬਲਾ ਸਖ਼ਤ ਹੋਣ ਲੱਗਾ ਹੈ। ਦੂਜੇ ਪਾਸੇ ਨਰਿੰਦਰ ਮੋਦੀ ਤੇ ਪ੍ਰਿਅੰਕਾ ਗਾਂਧੀ ਵਲੋਂ ਬਠਿੰਡਾ ਵਿਚ ਚੋਣ ਰੈਲੀਆਂ ਕਰਕੇ ਸਿਆਸੀ ਮਾਹੌਲ ਨੂੰ ਹੋਰ ਗਰਮ ਕਰ ਦੇਣਾ ਹੈ। ਹਾਲਾਂਕਿ ਇਸ ਹਲਕੇ ਤੋਂ 27 ਉਮੀਦਵਾਰ ਆਪਣੀ ਕਿਸਮਤ ਅਜ਼ਮਾ ਰਹੇ ਹਨ ਪਰ ਮੁੱਖ ਮੁਕਾਬਲਾ ਕਾਂਗਰਸ ਅਤੇ ਅਕਾਲੀ ਦਲ ਵਿਚ ਹੀ ਬਣਦਾ ਜਾਪ ਰਿਹਾ ਹੈ। ਹਾਲਾਂਕਿ ਪੰਜਾਬ ਜਮਹੂਰੀ ਗਠਜੋੜ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਵਲੋਂ ਵੀ ਸਖ਼ਤ ਟੱਕਰ ਦਿੱਤੀ ਜਾ ਰਹੀ ਹੈ।
ਬਾਦਲ ਪਰਿਵਾਰ ਵਲੋਂ ਇਸ ਹਲਕੇ ਤੋਂ ਲਗਾਤਾਰ ਤੀਜੀ ਵਾਰ ਜਿੱਤਣ ਲਈ ਪੂਰਾ ਟਿੱਲ ਲਗਾਇਆ ਜਾ ਰਿਹਾ ਹੈ। ਬੇਸ਼ੱਕ ਖੁਦ ਸੁਖਬੀਰ ਸਿੰਘ ਬਾਦਲ ਫ਼ਿਰੋਜ਼ਪੁਰ ਹਲਕੇ ਵਿਚ ਡਟੇ ਹੋਏ ਹਨ ਪਰ ਇਸਦੇ ਬਾਵਜੂਦ ਉਹ ਬਠਿੰਡਾ ਹਲਕੇ ਵਿਚ ਚੋਣ ਪ੍ਰਚਾਰ ਲਈ ਆ ਰਹੇ ਹਨ। ਇਸ ਤੋਂ ਇਲਾਵਾ ਬੀਬੀ ਬਾਦਲ ਦੇ ਭਰਾ ਬਿਕਰਮ ਸਿੰਘ ਮਜੀਠੀਆ ਵੀ ਅੰਮ੍ਰਿਤਸਰ ਸਾਹਿਬ ਹਲਕੇ ਨੂੰ ਛੱਡ ਕੇ ਆਪਣੀ ਟੀਮ ਸਹਿਤ ਬਠਿੰਡਾ ਵਿਚ ਜੰਗੀ ਪੱਧਰ 'ਤੇ ਚੋਣ ਮੁਹਿੰਮ ਚਲਾ ਰਹੇ ਹਨ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਨੇੜਤਾ ਦੇ ਚੱਲਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਥੇ ਪ੍ਰਚਾਰ ਕਰ ਚੁੱਕੇ ਹਨ।
ਸਿਆਸੀ ਮਾਹਿਰਾਂ ਮੁਤਾਬਕ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਬਾਦਲ ਦਲ ਲਈ ਖ਼ਤਰਨਾਕ ਸਾਬਤ ਹੋ ਰਿਹਾ ਹੈ। ਪਰ ਰਾਜਾ ਵੜਿੰਗ ਨੇ ਖਾੜਕੂਵਾਦ ਦੇ ਨਾਮ 'ਤੇ ਜ਼ਹਿਰੀਲਾ ਭਾਸ਼ਣ ਦੇ ਕੇ ਸਿੱਖਾਂ ਨੂੰ ਆਪਣੇ ਨਾਲੋਂ ਨਰਾਜ਼ ਕਰ ਲਿਆ ਹੈ, ਕਿਉਂਕਿ ਉਸ ਦੀ ਬਹੁਤੀ ਟੇਕ ਹਿੰਦੂ ਵੋਟਾਂ 'ਤੇ ਹੈ। ਜੇਕਰ 9 ਹਲਕਿਆਂ ਵਿਚ ਕਾਂਗਰਸ ਦੇ ਵੱਡੇ ਆਗੂ ਡਟ ਕੇ ਰਾਜਾ ਵੜਿੰਗ ਨਾਲ ਮੈਦਾਨ ਵਿਚ ਖੜੇ ਰਹੇ ਤਾਂ ਸਚਮੁੱਚ ਹੀ ਬਠਿੰਡਾ ਅਕਾਲੀਆਂ ਲਈ 'ਡੇਂਜਰਜ਼' ਜ਼ੋਨ ਬਣ ਸਕਦਾ ਹੈ।
ਸਿਆਸੀ ਗਣਿਤ ਮੁਤਾਬਕ ਲੋਕ ਸਭਾ ਹਲਕੇ ਅਧੀਨ ਆਉਂਦੇ 9 ਵਿਧਾਨ ਸਭਾ ਹਲਕਿਆਂ ਵਿਚੋਂ ਦੋਨਾਂ ਪਾਰਟੀਆਂ ਦੇ ਉਮੀਦਵਾਰਾਂ ਦੀ ਜਿੱਤ-ਹਾਰ ਦਾ ਆਧਾਰ ਚਾਰ ਹਲਕਿਆਂ 'ਤੇ ਸਿਰ ਉਪਰ ਖੜਾ ਹੈ। ਵੱਡੀ ਗੱਲ ਲੰਬੀ ਵਿਧਾਨ ਸਭਾ ਹਲਕੇ ਵਿਚ ਪਿਛਲੀ ਵਾਰ ਅਕਾਲੀ ਦਲ ਦੀ ਰਹੀ 35 ਹਜ਼ਾਰ ਵੋਟਾਂ ਦੀ ਲੀਡ ਵਿਚੋਂ ਰਾਜਾ ਵੜਿੰਗ ਕਿੰਨੀ ਤੋੜਣ ਵਿਚ ਸਫ਼ਲ ਰਹਿੰਦਾ ਹੈ। ਇਸੇ ਤਰਾਂ ਬਠਿੰਡਾ ਸ਼ਹਿਰੀ ਹਲਕੇ ਵਿਚ ਕਾਂਗਰਸ ਦੇ ਹੱਕ ਵਿਚ ਵਧੀ ਕਰੀਬ 30 ਹਜ਼ਾਰ ਵੋਟਾਂ ਨੂੰ ਅਕਾਲੀ ਦਲ ਕਿੰਨਾਂ ਘਟਾਉਣ ਵਿਚ ਸਫ਼ਲ ਰਹਿੰਦਾ ਹੈ। ਇਸੇ ਤਰ੍ਹਾਂ ਸਰਦੂਲਗੜ੍ਹ ਹਲਕੇ ਵਿਚ ਅਕਾਲੀ ਦਲ ਨੂੰ ਮਿਲੀ 28 ਹਜ਼ਾਰ ਨਿਰਣਾਇਕ ਲੀਡ ਅਤੇ ਮਾਨਸਾ ਵਿਚ ਕਾਂਗਰਸ ਦੀ ਵਧੀ ਵੋਟ ਬੈਂਕ ਵੀ ਇਸ ਵਿਚ ਆਪਣੀ ਭੂਮਿਕਾ ਅਦਾ ਕਰੇਗੀ।
ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੀ ਬਲਜਿੰਦਰ ਕੌਰ ਪਾਰਟੀ ਦਾ ਵੋਟ ਬੈਂਕ ਇਕਜੁਟ ਰੱਖਣ ਲਈ ਪੂਰੀ ਤਰ੍ਹਾਂ ਭੱਜ ਦੌੜ ਕਰ ਰਹੀ ਹੈ। ਹਾਲਾਂਕਿ ਕਈ ਟਿਕਟ ਦੇ ਦਾਅਵੇਦਾਰ ਰਹੇ ਆਗੂ ਉਨ੍ਹਾਂ ਦੀ ਚੋਣ ਮੁਹਿੰਮ ਠੰਢਾ ਉਤਸ਼ਾਹ ਦਿਖਾ ਰਹੇ ਹਨ। ਜਦੋਂ ਕਿ ਚੰਗਾ ਬੁਲਾਰਾ ਹੋਣ ਦੇ ਨਾਤੇ ਸੁਖਪਾਲ ਸਿੰਘ ਖ਼ਹਿਰਾ ਆਪ ਵਿਚ ਵੱਡਾ ਸੰਨ ਲਗਾਉਣ ਤੋਂ ਇਲਾਵਾ ਆਮ ਲੋਕਾਂ ਵਿਚ ਵੀ ਆਪਣੀ ਚੰਗੀ ਭੱਲ ਬਣਾ ਰਹੇ ਹਨ। ਹਲਕੇ ਦੇ ਸਿਆਸੀ ਉਤਰਾਅ-ਚੜਾਅ ਨੂੰ ਨੇੜੇ ਤੋਂ ਦੇਖਣ ਵਾਲਿਆਂ ਮੁਤਾਬਕ ਕਈ ਖੇਤਰਾਂ ਵਿਚ ਦੋਨਾਂ ਪਾਰਟੀਆਂ (ਅਕਾਲੀ-ਕਾਂਗਰਸ) ਦੇ ਅੰਦਰ ਆਗੂਆਂ ਤੇ ਵਰਕਰਾਂ ਦੀ ਆਪਸੀ ਖਹਿਬਾਜੀ ਦੇ ਚੱਲਦੇ ਖ਼ਹਿਰਾ ਭਾਰੀ ਪੈ ਸਕਦੇ ਹਨ।

**ਭਗਵੰਤ ਮਾਨ ਨੂੰ ਕਾਲੀਆਂ ਝੰਡੀਆਂ ਦਿਖਾਈਆਂ**
ਲੋਕ ਸਭਾ ਹਲਕਾ ਸੰਗਰੂਰ ਤੋਂ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਭਗਵੰਤ ਮਾਨ ਦਾ ਪਿੰਡ ਅਕਾਲਗੜ੍ਹ ਵਿੱਚ ਲੋਕਾਂ ਨੇ ਵਿਰੋਧ ਕੀਤਾ ਅਤੇ ਉਨ੍ਹਾਂ ਨੂੰ ਕਾਲੀਆਂ ਝੰਡੀਆਂ ਦਿਖਾਈਆਂ। ਪਿੰਡ ਵਾਸੀਆਂ ਨੇ ਭਗਵੰਤ ਮਾਨ ਮੁਰਦਾਬਾਦ ਅਤੇ ਆਮ ਆਦਮੀ ਪਾਰਟੀ ਮੁਰਦਾਬਾਦ ਦੇ ਨਾਅਰੇ ਵੀ ਲਾਏ। ਪਰ ਭਗਵੰਤ ਮਾਨ ਨੇ ਉਲਟਾ ਰੋਡ ਸ਼ੋਅ ਕਰਦਿਆਂ ਲੋਕਾਂ ਦੇ ਰੋਸ ਦਾ ਸੁਆਗਤ ਕੀਤਾ।
ਪਿੰਡ ਵਾਸੀਆਂ ਦਾ ਦੋਸ਼ ਸੀ ਕਿ ਮਾਨ ਨੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਪੰਜਾਬ ਦੀ ਜਿਹੜੀ ਪੰਚਾਇਤ ਬਿਨ੍ਹਾਂ ਮੁਕਾਬਲਾਂ ਜਾਂ ਸਰਬਸੰਮਤੀ ਨਾਲ ਚੁਣੀ ਜਾਵੇਗੀ, ਉਸ ਨੂੰ ਪੰਜ ਲੱਖ ਰੁਪਏ ਇਨਾਮ ਦਿੱਤਾ ਜਾਵੇਗਾ ਪਰ ਉਹ ਪੰਚਾਇਤੀ ਚੋਣਾਂ ਤੋਂ ਬਾਅਦ ਇਸ ਪਿੰਡ ਵਿੱਚ ਨਹੀਂ ਵੜਿਆ, ਜਿਸ ਕਾਰਨ ਲੋਕਾਂ ਵਿੱਚ ਭਾਰੀ ਰੋਸ ਹੈ।

**ਪ੍ਰਨੀਤ ਕੌਰ ਨੂੰ ਕਾਲੀਆਂ ਝੰਡੀਆਂ ਦਿਖਾਉਣ 'ਤੇ ਚੱਲੇ ਇੱਟਾਂ-ਰੋੜੇ**
ਹਲਕਾ ਸ਼ੁਤਰਾਣਾ ਦੇ ਪਿੰਡ ਕੁਲਾਰਾਂ ਵਿਚ ਚੋਣ ਪ੍ਰਚਾਰ ਲਈ ਪੁੱਜੀ ਲੋਕ ਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਉਮੀਦਵਾਰ ਪ੍ਰਨੀਤ ਕੌਰ ਤੇ ਹਲਕਾ ਵਿਧਾਇਕ ਨਿਰਮਲ ਸਿੰਘ ਨੂੰ ਪਿੰਡ ਵਾਸੀਆਂ ਨੇ ਕਾਲੀਆਂ ਝੰਡੀਆਂ ਦਿਖਾਈਆਂ। ਇਸ ਕਾਰਨ ਸਮਾਗਮ ਦੇ ਪ੍ਰਬੰਧਕਾਂ ਤੇ ਪਿੰਡ ਵਾਸੀਆਂ ਵਿਚਾਲੇ ਤਕਰਾਰ ਵੱਧ ਗਈ ਤੇ ਦੋਵਾਂ ਧਿਰਾਂ ਵਿਚਕਾਰ ਇੱਟਾਂ-ਰੋੜੇ ਵੀ ਚੱਲੇ ਜਿਸ ਨਾਲ 3 ਔਰਤਾਂ ਸਮੇਤ 4 ਵਿਅਕਤੀ ਜ਼ਖ਼ਮੀ ਹੋ ਗਏ।

**ਲੀਡਰਾਂ ਨੂੰ ਬਾਊਂਸਰਾਂ ਤੇ ਨਿਹੰਗ ਸਿੰਘਾਂ ਦਾ ਆਸਰਾ**
ਕਾਲੀਆਂ ਝੰਡੀਆਂ ਤੋਂ ਡਰਦੇ ਲੋਕ ਸਭਾ ਚੋਣ ਮੈਦਾਨ ਵਿਚ ਕੁੱਦੇ ਉਮੀਦਵਾਰ ਹੁਣ 'ਯੂਥ ਬ੍ਰਿਗੇਡ' ਨਾਲ ਲੈ ਕੇ ਚੱਲਣ ਲੱਗੇ ਹਨ। ਕਈ ਆਗੂਆਂ ਨੇ ਬਾਊਂਸਰ ਵੀ ਲਏ ਹਨ।
ਵੇਰਵਿਆਂ ਅਨੁਸਾਰ ਸਾਬਕਾ ਚੇਅਰਮੈਨ ਸੁਖਰਾਜ ਸਿੰਘ ਨੱਤ ਨੇ ਹਿਫ਼ਾਜ਼ਤ ਲਈ ਤਿੰਨ ਬਾਊਂਸਰ ਰੱਖ ਲਏ ਹਨ। ਜਲੰਧਰ ਦੀ ਐੱਸ.ਐੱਨ.ਪੀ ਬਾਊਂਸਰਜ਼ ਕੰਪਨੀ ਦੇ ਸੁਮਿਤ ਨੇ ਦੱਸਿਆ ਕਿ ਸਿਆਸੀ ਲੋਕਾਂ ਵੱਲੋਂ ਬਾਊਂਸਰਾਂ ਦੀ ਕਾਫ਼ੀ ਮੰਗੀ ਸੀ ਪ੍ਰੰਤੂ ਉਨ੍ਹਾਂ ਜੁਆਬ ਦੇ ਦਿੱਤਾ। ਸੰਗਰੂਰ ਤੋਂ 'ਆਪ' ਉਮੀਦਵਾਰ ਭਗਵੰਤ ਮਾਨ ਨੇ ਪਹਿਲਾਂ ਹੀ ਬਾਊਂਸਰ ਨਾਲ ਰੱਖੇ ਹੋਏ ਹਨ ਜਦੋਂ ਕਿ ਕਾਂਗਰਸੀ ਉਮੀਦਵਾਰ ਕੇਵਲ ਸਿੰਘ ਢਿੱਲੋਂ ਨਾਲ ਯੂਥ ਬ੍ਰਿਗੇਡ ਹੈ।
ਬਠਿੰਡਾ ਹਲਕੇ ਵਿੱਚ ਅਕਾਲੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਅਤੇ ਉਨ੍ਹਾਂ ਦੇ ਭਰਾ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਸਰਕਾਰੀ ਸੁਰੱਖਿਆ ਤੋਂ ਇਲਾਵਾ ਯੂਥ ਬ੍ਰਿਗੇਡ ਵੀ ਹੁੰਦੀ ਹੈ, ਇਹ ਵਿਸ਼ੇਸ਼ ਤੌਰ 'ਤੇ ਸੁਆਲ ਪੁੱਛਣ ਵਾਲਿਆਂ 'ਤੇ ਨਜ਼ਰ ਰੱਖਦੇ ਹਨ। ਫਰੀਦਕੋਟ ਤੋਂ ਅਕਾਲੀ ਉਮੀਦਵਾਰ ਗੁਲਜ਼ਾਰ ਸਿੰਘ ਰਣੀਕੇ ਦੇ ਨਾਲ ਪੱਕੇ ਤੌਰ 'ਤੇ ਪੰਜ ਛੇ ਨਿਹੰਗ ਸਿੰਘ ਹਮੇਸ਼ਾਂ ਨਾਲ ਹੁੰਦੇ ਹਨ। ਕਾਂਗਰਸੀ ਉਮੀਦਵਾਰ ਰਾਜਾ ਵੜਿੰਗ ਵੀ ਆਪਣੇ ਨਾਲ ਯੂਥ ਬ੍ਰਿਗੇਡ ਲੈ ਕੇ ਚੱਲਦੇ ਹਨ।

### ਏਜੀਪੀਸੀ ਵੱਲੋਂ ਨਸਲਕੁਸ਼ੀ ਰੋਕਥਾਮ ਬਾਰੇ ਅਡਾਮਾ ਡੀਆਂਗ ਅਤੇ ਕੈਰਨ ਸਮਿੱਥ ਦੇ ਯਤਨਾਂ ਦੀ ਸ਼ਲਾਘਾ

ਫਿਰਕਾਵਾਦੀ ਵਿਚਾਰਾਂ ਦੇ ਵਧ ਰਹੇ ਪ੍ਰਭਾਵ ਨੂੰ ਉਜਾਗਰ ਕੀਤਾ ਹੈ, ਜਿਸ ਨੇ ਧਾਰਮਿਕ ਘੱਟ ਗਿਣਤੀ ਭਾਈਚਾਰਿਆਂ ਨੂੰ ਖਤਰੇ 'ਚ ਪਾ ਦਿੱਤਾ ਹੈ।
ਏਜੀਪੀਸੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਸਾਂਝੇ ਤੌਰ 'ਤੇ ਕਿਹਾ ਕਿ ਭਾਈਚਾਰਾ ਕੋਈ ਵੀ ਹੋਵੇ, ਉਨ੍ਹਾਂ ਦੀ ਸੁੱਰਖਿਆ ਨੂੰ ਯਕੀਨੀ ਬਣਾਉਣਾ ਉਥੇ ਦੀਆਂ ਸਰਕਾਰਾਂ ਦੀ ਜ਼ਿੰਮੇਵਾਰੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸਾਰੀਆਂ ਕੌਮਾਂ ਬਰਾਬਰ ਹੁੰਦੀਆਂ ਹਨ, ਚਾਹੇ ਉਹ ਸਿੱਖ, ਹਿੰਦੂ, ਈਸਾਈ ਅਤੇ ਜਾਂ ਫ਼ਿਰ ਮੁਸਲਮਾਨ ਹੋਣ। ਦੋਹਾਂ ਆਗੂਆਂ ਨੇ ਕਿਹਾ ਕਿ ਸ੍ਰੀਲੰਕਾ ਅੰਤਰ-ਜਾਤੀ ਹਥਿਆਰਬੰਦ ਸੰਘਰਸ਼ ਦੇ ਸਦਮੇ ਤੋਂ ਅਗਾਂਹ ਵਧਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਅਜਿਹੇ ਹਮਲੇ ਸ੍ਰੀਲੰਕਾ ਨੂੰ ਪਿਛਾਂਹ ਵੱਲ ਧਕੇਲ ਰਹੇ ਹਨ। ਆਗੂਆਂ ਨੇ ਕਿਹਾ ਕਿ ਜੇਕਰ ਹੁਣ ਵੀ ਸਮਾਂ ਰਹਿੰਦਿਆਂ ਅਜਿਹੇ ਅੱਤਵਾਦੀ ਹਮਲਿਆਂ ਸਬੰਧੀ ਸੂਬੇ ਦੀਆਂ ਸਰਕਾਰਾਂ ਸੰਜੀਦਾ ਨਾ ਹੋਈਆਂ ਤਾਂ ਇਹੋ ਜਿਹੀ ਹਿੰਸਾ ਦੇ ਹੋਰ ਵਧਣ ਦੀ ਸੰਭਾਵਨਾ ਹੈ।
ਇਸ ਮੌਕੇ ਵਿਸ਼ੇਸ਼ ਸਲਾਹਕਾਰਾਂ ਨੇ ਪ੍ਰਭਾਵਿਤ ਭਾਈਚਾਰਿਆਂ ਦੀ ਰੱਖਿਆ ਕਰਨ, ਝੂਠੀ ਜਾਣਕਾਰੀ ਫ਼ੈਲਾਉਣ ਅਤੇ ਹਿੰਸਾ ਨੂੰ ਉਕਸਾਉਣ ਲਈ ਸੁਰੱਖਿਆ ਬਲਾਂ ਦੀ ਤੈਨਾਤੀ ਸਮੇਤ ਸਰਕਾਰ ਦੀ ਤੁਰੰਤ ਪ੍ਰਤੀਕ੍ਰਿਆ ਦਾ ਸਵਾਗਤ ਕੀਤਾ ਹੈ। ਉਨ੍ਹਾਂ ਨੇ ਇਹ ਯਕੀਨੀ ਬਣਾਉਣ ਲਈ ਵੀ ਸਰਕਾਰ ਨੂੰ ਅਪੀਲ ਕੀਤੀ ਕਿ ਇਹ ਅਤੇ ਦੂਜੇ ਪਿਛਲੇ ਹਮਲਿਆਂ ਦੀ ਪੂਰੀ ਜਾਂਚ ਕੀਤੀ ਜਾਵੇ ਅਤੇ ਇਨ੍ਹਾਂ ਹਿੰਸਕ ਕਾਰਵਾਈਆਂ ਨੂੰ ਉਕਸਾਉਣ ਜਾਂ ਇਨ੍ਹਾਂ ਲਈ ਜ਼ਿੰਮੇਵਾਰ ਲੋਕਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਮਿਸਟਰ ਡੀਆਂਗ ਅਤੇ ਸਮਿੱਥ ਨੇ ਕਿਹਾ ਕਿ ਸ੍ਰੀਲੰਕਾ 'ਚ ਅਨੇਕਤਾਵਾਦੀ ਸਮਾਜ ਹੈ ਅਤੇ ਇਕ ਸ੍ਰੀਲੰਕਾ ਬਣਨ ਲਈ ਭਾਵਨਾਵਾਂ ਦਾ ਨੇਕ ਹੋਣਾ ਜ਼ਰੂਰੀ ਹੈ। ਬੋਧੀ, ਹਿੰਦੂ, ਮੁਸਲਮਾਨ ਤੇ ਇਸਾਈ ਆਦਿ ਸਾਰੇ ਮਿਲਕੇ ਇਕ ਮਜ਼ਬੂਤ ਭਾਈਚਾਰਾ ਬਣਦੇ ਹਨ ਤੇ ਆਪਣੀ ਪਛਾਣ ਦੇ ਹੱਕਦਾਰ ਹਨ।
ਗੌਰਤਲਬ ਹੈ ਕਿ ਅਮਰੀਕਨ ਸਿੱਖ ਕਾਂਗਰੇਸ਼ਨਲ ਕਾਕਸ ਦੇ ਯਤਨਾਂ ਸਦਕਾ ਜਨਾਬ ਓਡਾਮਾ ਡੀਆਂਗ ਨਵੰਬਰ 2016 ਤੇ ਜੂਨ 2017 ਵਿਚ ਅਮਰੀਕੀ ਕਾਂਗਰਸ ਵਿਚ ਸਿੱਖ ਨਸਲਕੁਸ਼ੀ ਉਤੇ ਤਿਆਰ ਕੀਤੀਆਂ ਆਪਣੀਆਂ ਵਿਸ਼ੇਸ਼ ਰਿਪੋਰਟਾਂ ਬਾਰੇ ਬੋਲ ਚੁੱਕੇ ਹਨ

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਨੇ ਕਰਵਾਈ 19ਵੀਂ ਅੰਤਰਰਾਸ਼ਟਰੀ ਕਾਨਫਰੰਸ

**ਸੈਕਰਾਮੈਂਟੋ/ਏਟੀ ਨਿਊਜ਼ :** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ, ਯੂਬਾ ਸਿਟੀ, ਸੈਕਰਾਮੈਂਟੋ (ਰਜਿ.) ਦੀ ਉਲੀਕੀ ਕਾਨਫਰੰਸ ਲਕਸ਼ਮੀ ਨਰਾਇਣ ਮੰਦਰ ਦੇ ਹਾਲ ਵਿਚ (7495 ਐਲਡਰ ਗਰੀਕ) ਵਿਖੇ ਹੋਈ। ਇਹ ਕਾਨਫਰੰਸ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੀ

ਡਾ. ਸੁਰਿੰਦਰਬੀਰ (ਪ੍ਰੋ. ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੁਨੀਵਰਸਿਟੀ, ਅੰਮ੍ਰਿਤਸਰ) ਤੇ ਡਾ. ਅੰਮ੍ਰਿਤਪਾਲ ਕੌਰ (ਡਾਇਰੈਕਟਰ ਗੁਰਮਤਿ ਗਿਆਨ ਆਨਲਾਈਨ ਸਟੱਡੀ ਸੈਂਟਰ, ਪ੍ਰੋਫੈਸਰ ਅਤੇ ਹੈਡ ਭਾਈ ਵੀਰ ਸਿੰਘ ਚੇਅਰ ਅਤੇ ਪ੍ਰੋ. ਡਿਪਾਰਟਮੈਂਟ ਆਫ਼ ਪੰਜਾਬੀ ਲਿਟਰੇਰੀ ਸਟੱਡੀਜ਼) ਕਾਨਫਰੰਸ ਦੇ ਮੁੱਖ ਮਹਿਮਾਨ ਸਨ। ਉਨ੍ਹਾਂ ਦੇ ਨਾਲ ਸਭਾ ਦੇ ਪ੍ਰਧਾਨ ਜਸਵੰਤ ਸਿੰਘ ਸ਼ੀਮਾਰ, ਸਭਾ ਦੇ ਫਾਊਂਡਰ ਡਾਇਰੈਕਟਰ ਮਹਿੰਦਰ ਸਿੰਘ ਘੱਗ ਅਤੇ ਵਿਪਸਾ ਪ੍ਰਧਾਨ ਸੁਰਿੰਦਰ ਸੀਰਤ ਵੀ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਸਨ।

ਕਾਨਫਰੰਸ ਦੇ ਪਹਿਲੇ ਸੈਸ਼ਨ ਵਿਚ ਸਭਾ ਦੇ ਸਕੱਤਰ ਪਰਮਿੰਦਰ ਰਾਏ ਖਾਨਖਾਨਾ ਦੇ ਸੱਦੇ ਤੇ ਟਵਿਨ ਬੱਚੀਆਂ ਰਵਨੀਤ ਕੌਰ ਅਤੇ ਚਰਨਜੀਤ ਕੌਰ ਨੇ ਬਹੁਤ ਹੀ ਪਿਆਰੀ ਮਿੱਠੀ ਆਵਾਜ਼ ਵਿਚ 'ਦੇਹਿ ਸ਼ਿਵਾ ਬਰਿ ਮੋਹਿ ਇਹੈ' ਦਾ ਸ਼ਬਦ ਗਾਇਨ ਕੀਤਾ, ਉਪਰੰਤ ਕਵੀਨਦੀਪ ਕੌਰ, ਮਸਕੀਨਦੀਪ ਕੌਰ ਤੇ ਸੁਰਸੰਗਮਪ੍ਰੀਤ ਕੌਰ ਨੇ ਗੁਰਬਾਣੀ ਦਾ ਸ਼ਬਦ ਗਾਇਨ ਕੀਤਾ।

ਫਕੀਰ ਸਿੰਘ ਮੱਲ੍ਹੀ, ਕਮਲ ਬੰਗਾ ਤੇ ਜਤਿੰਦਰ ਸਿੰਘ ਢਿੱਲੋਂ ਵੱਲੋਂ ਹਾਲ ਦੇ ਮੇਨ ਗੇਟ 'ਤੇ ਸਵਾਗਤੀ ਅਤੇ ਰਜਿਸਟ੍ਰੇਸ਼ਨ ਟੇਬਲ 'ਤੇ ਯੂਬਾ ਸਿਟੀ ਦੇ ਲੇਖਕ ਨਿਰਮਲ ਸਿੰਘ ਲਾਲੀ, ਗੁਰਜਤਿੰਦਰ ਸਿੰਘ ਰੰਧਾਵਾ ਤੇ ਕੁਝ ਹੋਰ ਲੇਖਕਾਂ ਦੀਆਂ ਪੁਸਤਕਾਂ ਸਾਹਿਤ, ਪ੍ਰੇਮੀਆਂ ਲਈ ਬਿਨਾਂ ਸੇਵਾ ਫਲ ਦੇ ਰੱਖੀਆਂ ਗਈਆਂ।

ਦੂਜੇ ਸੈਸ਼ਨ ਬਾਲ ਸਭਾ ਵਿਚ ਬੱਚੀਆਂ ਰਵਨੀਤ ਕੌਰ ਤੇ ਚਰਨਜੋਤ ਕੌਰ ਨੇ ਸੁਰੀਲੀ ਆਵਾਜ਼ ਵਿਚ ਕਵਿਤਾ ਪੇਸ਼ ਕੀਤੀ। ਕਵੀਨਦੀਪ ਕੌਰ, ਮਸਕੀਨਦੀਪ ਕੌਰ ਤੇ ਸੁਰਸੰਗਮਪ੍ਰੀਤ ਕੌਰ, ਅਨਮੋਲਪ੍ਰੀਤ ਕੌਰ ਤੇ ਸੁਖਮਨ ਕੌਰ ਨੇ ਕਵਿਤਾਵਾਂ ਤੇ ਗੀਤ ਸੁਣਾਏ। ਸਭਾ ਨੇ ਸਰਟੀਫਿਕੇਟ ਤੇ ਤੋਹਫ਼ੇ ਦੇ ਕੇ ਉਨ੍ਹਾਂ ਦਾ ਉਤਸ਼ਾਹ ਵਧਾਇਆ।

ਤੀਜੇ ਸੈਸ਼ਨ ਦੇ ਸਮਾਰੋਹ ਤੋਂ ਪਹਿਲਾਂ ਸਭਾ ਕੇ ਅਹਿਮ ਮੈਂਬਰ ਗੁਰਬਚਨ ਸਿੰਘ ਭਾਈਆ ਜੋ ਹਾਲ ਹੀ ਵਿਚ ਸਦੀਵੀ ਵਿਛੋੜਾ ਦੇ ਗਏ ਹਨ, ਦੀ ਆਤਮਿਕ ਸ਼ਾਂਤੀ ਲਈ 1 ਮਿੰਟ ਦਾ ਮੌਨ ਧਾਰਨ ਕੀਤਾ ਗਿਆ।

ਤੀਜੇ ਸੈਸ਼ਨ ਦੇ ਕਹਾਣੀ-ਦਰਬਾਰ ਦੇ ਪ੍ਰਧਾਨਗੀ ਮੰਡਲ ਵਿਚ ਡਾ. ਅੰਮ੍ਰਿਤਪਾਲ ਕੌਰ, ਡਾ. ਸੁਰਿੰਦਰਬੀਰ ਸਿੰਘ, ਜਸਵੰਤ ਸਿੰਘ ਸ਼ੀਮਾਰ, ਵਿਪਸਾ ਦੇ ਸਾਬਕਾ ਪ੍ਰਧਾਨ ਪ੍ਰੋ. ਸੁਖਵਿੰਦਰ ਕੰਬੋਜ ਤੇ ਮਹਿੰਦਰ ਸਿੰਘ ਘੱਗ ਸ਼ਾਮਲ ਸਨ। ਪਰਮਿੰਦਰ ਸਿੰਘ ਰਾਏ ਨੇ ਕਹਾਣੀਕਾਰ ਮਹਿੰਦਰ ਸਿੰਘ ਘੱਗ, ਹਰਜਿੰਦਰ ਸਿੰਘ ਪੰਧੇਰ, ਪ੍ਰਿੰਸੀਪਲ ਹਰਨੇਕ ਸਿੰਘ, ਚਰਨਜੀਤ ਸਿੰਘ ਪੰਨੂੰ ਤੇ ਇੰਦਰਜੀਤ ਗਰੇਵਾਲ ਨੂੰ ਕਹਾਣੀਆਂ ਪੜ੍ਹਨ ਦਾ ਸੱਦਾ ਦਿੱਤਾ।

ਚੌਥੇ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਡਾ. ਸੁਰਿੰਦਰਬੀਰ, ਡਾ. ਅੰਮ੍ਰਿਤਪਾਲ ਕੌਰ, ਪ੍ਰੋ. ਸੁਰਿੰਦਰ ਸੀਰਤ, ਰਾਠੇਸ਼ਵਰ ਸਿੰਘ ਰਾਠੀ, ਹਰਬੰਸ ਸਿੰਘ ਜਗਿਆਸੂ ਅਤੇ ਪ੍ਰਧਾਨ ਜਸਵੰਤ ਸਿੰਘ ਸ਼ੀਮਾਰ ਸ਼ਾਮਲ ਸਨ। ਇਸ ਪਰਚੇ ਸੈਸ਼ਨ ਵਿਚ ਸਭ ਤੋਂ ਪਹਿਲਾਂ ਹਰਬੰਸ ਸਿੰਘ ਜਗਿਆਸੂ ਨੇ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਮੁੱਢ, ਇਤਿਹਾਸ ਅਤੇ ਪ੍ਰਾਪਤੀਆ ਬਾਰੇ ਸੰਖੇਪ ਵਿਚ ਪਰਚਾ ਪੜ੍ਹਿਆ, ਦੂਜਾ ਪਰਚਾ ਡਾ. ਸੁਰਿੰਦਰਬੀਰ ਨੇ 'ਜਪੁਜੀ ਸਾਹਿਬ ਦਾ ਦਾਰਸ਼ਨਿਕ ਪਰਿਪੇਖ' ਪੜ੍ਹਿਆ ਜਿਸ ਵਿਚ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀ ਮਹਾਨ ਰਚਨਾ 'ਜਪੁਜੀ ਸਾਹਿਬ' ਦੇ ਦਾਰਸ਼ਨਿਕ ਪਸਾਰ ਬਾਰੇ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਦਿਆਂ ਕਿਹਾ ਕਿ ਅੱਜ ਦੇ ਪੂੰਜੀਵਾਦੀ ਦੇ ਪਦਾਰਥਵਾਦੀ ਯੁਗ ਵਿਚ ਬੁਲੰਦ ਵਿਚਾਰਾਂ ਵਾਲੇ ਮਨੁੱਖਾਂ ਦੀ ਤਲਾਸ਼ ਹੈ ਜੋ ਗੁਰੂ ਸਾਹਿਬ ਦੇ ਦਰਸਾਏ ਮਾਰਗ ਨੂੰ ਅਪਣਾ ਕੇ ਮਾਨਵੀ ਸਰੋਕਾਰਾਂ ਨੂੰ ਕਾਇਮ ਕਰਨ ਦੇ ਯੋਗ ਹੋ ਸਕੇ। ਉਨ੍ਹਾਂ ਅੱਜ ਦੇ ਮਨੁੱਖ ਨੂੰ ਸਚਿਆਰੇ ਹੋਣ ਲਈ ਜ਼ਮੀਰ ਦੀ ਆਵਾਜ਼ ਸੁਣਨ ਤੇ ਜ਼ੋਰ ਦਿੱਤਾ।

ਤੀਜਾ ਪਰਚਾ ਡਾ. ਅੰਮ੍ਰਿਤਪਾਲ ਕੌਰ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਬਾਰੇ ਪੜ੍ਹਿਆ, ਜਿਸ ਵਿਚ ਉਨ੍ਹਾਂ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਆਪਣੇ ਸਮੇਂ ਵਿਚ ਮਨੁੱਖ ਦਾ ਮਾਰਗ ਦਰਸ਼ਨ ਕਰਦੀ ਸੀ, ਅਜੋਕੇ ਸਮੇਂ ਵਿਚ ਵੀ ਇਸ ਨੂੰ ਅਪਨਾਉਣ ਦੀ ਪ੍ਰਬਲ ਲੋੜ ਹੈ। ਪੂੰਜੀਵਾਦੀ ਯੁਗ ਵਿਚ ਗੁਰੂ ਸਾਹਿਬ ਦੀ ਫਿਲਾਸਫੀ ਦਿਨ ਬ ਦਿਨ ਵਧੇਰੇ ਸਾਰਥਿਕ ਹੋ ਰਹੀ ਹੈ, ਕਿਉਂਕਿ ਇਹ ਮਨੁੱਖ ਨੂੰ ਸਹਿਜ ਵਿਚ ਰਹਿਣ ਅਤੇ ਆਦਰਸ਼ਕ ਜੀਵਨ ਜਿਊਣ ਦਾ ਉਪਦੇਸ਼ ਦਿੰਦੀ ਹੈ।

ਪ੍ਰਸਿੱਧ ਸ਼ਖਸੀਅਤਾਂ ਗੁਰਜਤਿੰਦਰ ਸਿੰਘ ਰੰਧਾਵਾ ਮੁੱਖ ਸੰਪਾਦਕ ਪੰਜਾਬ ਮੇਲ, ਇੰਡੋ ਕੈਨੇਡੀਅਨ ਟਾਈਮਜ਼ ਦੇ ਸੰਪਾਦਕ ਨਰਿੰਦਰਪਾਲ ਸਿੰਘ ਹੁੰਦਲ, ਚੈਂਬਰ ਆਫ਼ ਕਾਮਰਸ ਦੇ ਦਲਜੀਤ ਸਿੰਘ ਸੰਧੂ, ਸ. ਨਿਰਮਲ ਸਿੰਘ,ਸ. ਸੁਖਦੇਵ ਗਿੱਲ, ਜਗਦੀਸ਼ ਗਿੱਲ,ਪ੍ਰੋਫੈਸ਼ਰ ਮੱਖਣ ਸਿੰਘ ਆਦਿ ਆਹਲਾ ਸਰੋਤੇ ਬਣ ਕੇ ਪ੍ਰੋਗਰਾਮ ਦਾ ਆਨੰਦ ਉਠਾਉਂਦੇ ਰਹੇ। ਯੂਬਾ ਸਿਟੀ ਵਾਲਿਆਂ ਵਲੋਂ ਨਿਰੰਤਰ ਚਾਹ, ਪਾਣੀ ਤੇ ਮਿਠਾਈ ਦੀ ਸੇਵਾ ਕੀਤੀ ਗਈ ਤੇ ਮਹਿਮਾਨਾਂ ਨੇ ਦੁਪਹਿਰ ਵੇਲੇ ਲਜ਼ੀਜ ਖਾਣੇ ਦਾ ਅਨੰਦ ਉਠਾਇਆ। ਕਾਨਫਰੰਸ ਨੂੰ ਨੇਪਰੇ ਚਾੜ੍ਹਨ ਲਈ ਸਾਬਕਾ ਪ੍ਰਧਾਨ ਤੇ ਮੌਜੂਦਾ ਡਾਇਰੈਕਟਰ ਹਰਬੰਸ ਸਿੰਘ ਜਗਿਆਸੂ, ਹਰਭਜਨ ਸਿੰਘ ਢੇਰੀ ਮੀਤ ਪ੍ਰਧਾਨ, ਪ੍ਰਮਿੰਦਰ ਸਿੰਘ ਰਾਏ ਤੇ ਮਨਜੀਤ ਸੇਖੋਂ ਜੀ ਦਾ ਵਿਸ਼ੇਸ਼ ਯੋਗਦਾਨ ਰਿਹਾ। ਫੋਟੋਗ੍ਰਾਫੀ ਤੇ ਰੀਕਾਰਡਿੰਗ ਦੀ ਸੇਵਾ ਗੀਤਾਜ ਸ਼ੀਮਾਰ, ਰੀਆ ਸ਼ੀਮਾਰ, ਗੁਰਿੰਦਰ ਸੂਰਾਪੁਰੀ, ਅਜੇ ਪਡਵਗਾ ਤੇ ਅਮਨਜੀਤ ਬਾਠ ਨੇ ਕੀਤੀ। ਕੁਲਵਿੰਦਰ ਸ਼ੀਮਾਰ, ਰਚਨਾ ਮਲਹੋਤਰਾ ਤੇ ਉਨ੍ਹਾਂ ਦੇ ਪਤੀ, ਪ੍ਰਿੰਸੀਪਲ ਹਰਨੇਕ ਸਿੰਘ ਤੇ ਉਨ੍ਹਾਂ ਦੇ ਸ੍ਰੀਮਤੀ ਜੀ, ਮ੍ਰਿਗਇੰਦਰ ਕੌਰ, ਗੁਰਪ੍ਰੀਤ ਕੌਰ, ਬੀਬੀ ਸੁਰਜੀਤ ਕੌਰ, ਮਹਿੰਦਰ ਸਿੰਘ ਘੱਗ, ਰਾਠੇਸ਼ਵਰ ਸਿੰਘ ਸੁਰਾਪੁਰੀ, ਚਰਨਜੀਤ ਸਿੰਘ ਪੰਨੂੰ, ਸੁਰਿੰਦਰ ਸਿੰਘ ਸੀਰਤ, ਲਾਜ ਨੀਲਮ ਸੈਣੀ, ਦਲਬੀਰ ਦਿਲ ਨਿੱਝਰ, ਪਰਮਿੰਦਰ ਸਿੰਘ ਰਾਏ, ਸੁਖਵਿੰਦਰ ਕੰਬੋਜ, ਹਰਭਜਨ ਢਿੱਲੋਂ, ਜੀਵਨ ਰੱਤੂ, ਪ੍ਰਿੰ. ਹਜ਼ੂਰਾ ਸਿੰਘ, ਗਗਨਦੀਪ ਸਿੰਘ, ਗੁਲਸ਼ਨ ਦਿਆਲ, ਲਖਵਿੰਦਰ ਸਿੰਘ, ਕਰਾਈਸਟਪਾਲ ਸਿੰਘ, ਕੁਲਵਿੰਦਰ, ਬਿੱਕਰ ਕੰਮੇਆਣਾ, ਕਮਲ ਬੰਗਾ, ਸੁਖਦੇਵ ਢਿੱਲੋਂ, ਮ੍ਰਿਗਇੰਦਰ ਕੌਰ ਪੰਧੇਰ, ਰਜਿੰਦਰ ਸਹੋਤਾ, ਜਤਿੰਦਰ ਢਿੱਲੋਂ, ਡਾ .ਅਮਰੀਕ, ਇੰਦਰਜੀਤ ਗਰੇਵਾਲ, ਹਰਜਿੰਦਰ ਪੰਧੇਰ, ਤਤਿੰਦਰ ਕੌਰ, ਡਾ. ਸੁਖਪਾਲ ਸੰਘੇੜਾ, ਖੁਸ਼ੀ ਰੱਤੂ, ਅਸ਼ੋਕ ਭੌਰਾ, ਰਾਜ ਕੁਮਾਰ, ਮਲਿਕ ਇਮਤਿਆਜ, ਅਜਾਇਬ ਚੀਮਾ, ਹਰਭਜਨ ਸਿੰਘ ਢੇਰੀ, ਰਮੇਸ਼ ਬੰਗੜ, ਮੱਖਣ ਲੁਹਾਰ, ਗੁਰਪ੍ਰੀਤ ਕੌਰ, ਪ੍ਰਿੰ. ਹਰਨੇਕ ਸਿੰਘ, ਡਾ. ਅਮਰੀਕ ਸਿੰਘ, ਰਾਜਬੀਰ ਕੌਰ, ਸੈਕਰਾਮੈਂਟੋ ਸਿਟੀ ਕਾਲਜ ਦੀ ਪੰਜਾਬੀ ਦੀ ਕਲਾਸ ਦੇ ਨਿਰਮਲਾ ਬੱਧਣ ਤੇ ਉਨ੍ਹਾਂ ਦੇ ਪਤੀ, ਦਲਜੀਤ ਸਿੰਘ ਸੰਧੂ, 'ਪ੍ਰਭਿ ਮਿਲਣੈ ਕਾ ਚਾਉ' ਗੁਰਦੁਆਰਾ ਜੈਕਸਨ ਰੋਡ ਦੇ ਗੁਰਮਤਿ ਪੰਜਾਬੀ ਸਕੂਲ ਦੇ ਮੁੱਖ ਸੰਚਾਲਕ ਭਾਈ ਹਰਦੀਪ ਸਿੰਘ ਤੇ ਬੀਬੀ ਰਮਨ ਕੌਰ ਵੀ ਸ਼ਾਮਿਲ ਹੋਏ।

## ਪੰਜਾਬ ਦੀ ਸਿਆਸੀ ਆਪਾ-ਧਾਪੀ ਦੇ ਨਿਕਲਣਗੇ ਖ਼ਤਰਨਾਕ ਸਿੱਟੇ

ਗਲਤੀ ਕਰ ਲਈ। ਫਲਸਰੂਪ ਪੰਜਾਬ ਵਿੱਚੋਂ ਆਮ ਆਦਮੀ ਪਾਰਟੀ ਵੀ ਬਿਖ਼ਰ ਗਈ। ਇੱਕ ਤੋਂ ਦੋ ਹੋਣ ਕਾਰਨ ਇਸ ਦੇ ਦੋਨਾਂ ਧੜਿਆਂ ਨੂੰ ਇੱਕ ਦੂਸਰੇ ਨੂੰ ਭੰਡਣ ਤੋਂ ਅੱਗੇ ਜ਼ਿਆਦਾ ਪ੍ਰਾਪਤੀ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਹੋ ਸਕਦਾ ਹੈ ਕਿ ਕਨ੍ਹਈਆ ਕੁਮਾਰ ਪ੍ਰਚਾਰ ਵਾਸਤੇ ਪੰਜਾਬ ਵਿੱਚ ਆ ਕੇ ਖਹਿਰਾ ਧੜੇ ਨੂੰ ਕੇਜਰੀਵਾਲ ਧੜੇ ਤੋਂ ਕੁਝ ਬਿਹਤਰ ਸਥਿਤੀ ਵਿੱਚ ਲੈ ਆਵੇ ਪ੍ਰੰਤੂ ਫਿਲਹਾਲ ਤਾਕਤ ਦਾ ਤਵਾਜ਼ਨ ਕਿਸੇ ਦੇ ਵੀ ਹੱਥ ਆਉਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ।

ਕੋਟਕਪੂਰਾ-ਬਹਿਬਲ-ਬਰਗਾੜੀ ਕਾਂਡ ਬਾਦਲ ਧੜੇ ਦੀਆਂ ਜੜ੍ਹਾਂ ਵਿਚ ਤੇਲ ਦੇਣ ਵਾਲਾ ਸਾਬਤ ਹੋਇਆ ਹੈ। ਅਸਲ ਵਿਚ ਸੁਖਬੀਰ-ਮਜੀਠੀਆ ਨੀਤੀਆਂ ਅਤੇ ਫੜ੍ਹਾਂ ਵਿੱਚ ਨਾ ਤਾਂ ਪ੍ਰਕਾਸ਼ ਸਿੰਘ ਬਾਦਲ ਵਾਲੀਆਂ ਲੋਕ ਲੁਭਾਊ ਗੱਲਾਂ ਹਨ ਅਤੇ ਨਾ ਹੀ ਦੋਨਾਂ (ਸੁਖਬੀਰ-ਮਜੀਠੀਆ) ਨੂੰ ਪ੍ਰਕਾਸ਼ ਸਿੰਘ ਬਾਦਲ ਵਾਂਗ ਮਿੱਠੀਆਂ ਮਾਰ ਕੇ ਲੋਕਾਂ ਦੇ ਢਿੱਡ ਵਿੱਚ ਵੜਨਾ ਆਉਂਦਾ ਹੈ। ਪ੍ਰਕਾਸ਼ ਸਿੰਘ ਬਾਦਲ ਨੂੰ ਵਡੇਰੀ ਉਮਰ, ਪੁੱਤਰ ਮੋਹ ਅਤੇ ਸੁਖਬੀਰ ਬਾਦਲ ਦੇ ਭਾਰੂ ਵਤੀਰੇ ਕਾਰਨ ਸਿਆਸੀ ਨਕਸ਼ੇ ਤੋਂ ਪਾਸੇ ਹੋਣਾ ਪੈ ਗਿਆ ਹੈ ਅਤੇ ਸੁਖਬੀਰ-ਮਜੀਠੀਆ ਦੀਆਂ ਨੀਤੀਆਂ ਦੇ ਭਵਿੱਖ ਵਿਚ ਜਨਤਕ ਲਾਮਬੰਦੀ ਕਰਨ ਦੀ ਉਮੀਦ ਬੱਝਦੀ ਨਜ਼ਰ ਨਹੀਂ ਆਉਂਦੀ। ਸਿੱਖ ਧੜਿਆਂ ਦੇ ਨਾਮ 'ਤੇ ਹੋਰਨਾਂ ਅਕਾਲੀ ਗਰੁੱਪਾਂ ਦਾ ਸਿਆਸੀ ਅਧਾਰ ਵੀ ਥੋੜ੍ਹੇ ਖਿੱਤੇ ਤੋਂ ਅੱਗੇ ਵਧਣ ਦੀ ਭੋਰਾ ਵੀ ਆਸ ਨਹੀਂ ਕੀਤੀ ਜਾ ਸਕਦੀ। ਕਾਂਗਰਸ ਪਾਰਟੀ ਨੂੰ 2017 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਬਾਦਲ ਦਲ ਵੱਲ ਨਰਾਜ਼ਗੀ ਦੇ ਸਿੱਟੇ ਵਜੋਂ ਮਿਲੇ ਬਹੁਮੱਤ ਨੂੰ ਇਸ ਵਾਰੀ ਕੈਪਟਨ ਅਮਰਿੰਦਰ ਸਿੰਘ ਕੋਈ ਵਿਸ਼ੇਸ਼ ਆਕਰਸ਼ਣ ਬਣਾਉਣ ਵਿੱਚ ਬੁਰੀ ਤਰ੍ਹਾਂ ਅਸਫ਼ਲ ਹੋਏ ਹਨ।

ਉਪਰੋਕਤ ਸਾਰੇ ਦੇ ਸਿੱਟੇ ਵਜੋਂ ਪੰਜਾਬ ਵਿਚ ਸਿਆਸੀ ਆਪਾ-ਧਾਪੀ ਵਾਲਾ ਮਾਹੌਲ ਬਣ ਗਿਆ ਹੈ।

ਕਿਸੇ ਵੀ ਦੇਸ਼ ਅਥਵਾ ਸੂਬੇ ਵਿੱਚ ਸਿਆਸੀ ਸਥਿਰਤਾ ਸੂਬੇ ਦੇ ਵਿਕਾਸ ਵਿਚ ਵੱਡਾ ਰੋਲ ਅਦਾ ਕਰਦੀ ਹੈ ਜਦੋਂ ਕਿ ਸਿਆਸੀ ਅਸਥਿਰਤਾ ਸੂਬੇ ਵਿਚ ਅਫ਼ਰਾ-ਤਫ਼ਰੀ ਦਾ ਮਾਹੌਲ ਸਿਰਜ ਦਿੰਦੀ ਹੈ। ਪੰਜਾਬ ਨੇ ਸੰਤਾਪ ਬੜਾ ਝੱਲਿਆ ਹੈ, ਜਿਸ ਨੇ ਪੰਜਾਬ ਨੂੰ ਬਹੁਤ ਪਿੱਛੇ ਧੱਕ ਦਿੱਤਾ ਹੈ। ਬਾਦਲਾਂ ਦੇ ਪਿਛਲੇ ਦਸ ਸਾਲਾਂ ਦੇ ਰਾਜ ਵਿਚ ਰੇਤ-ਬਜਰੀ ਮਾਫ਼ੀਆ, ਨਸ਼ਾ ਤਸਕਰੀ, ਗੈਂਗਸਟਰ ਰਾਜ, ਟ੍ਰਾਂਸਪੋਰਟ ਮਾਫ਼ੀਆ ਪ੍ਰਮੁੱਖ ਰਹੇ ਹਨ ਜਿਸ ਦੇ ਸਿੱਟੇ ਵਜੋਂ ਦਸਾਂ ਨਹੁੰਆਂ ਦੀ ਕਮਾਈ ਕਰਕੇ ਦੋ ਡੰਗ ਦੀ ਰੋਟੀ ਖਾਣ ਵਾਲੇ ਕਿਸਾਨ ਅਤੇ ਮਜ਼ਦੂਰ ਖੁਦਕੁਸ਼ੀਆਂ ਦੇ ਰਾਹ ਪਏ ਅਤੇ ਪੰਜਾਬ ਦੀ ਨੌਜਵਾਨੀ ਵਿਦੇਸ਼ਾਂ ਵੱਲ ਮੂੰਹ ਕਰ ਚੁੱਕੀ ਹੈ। ਆਰਥਿਕ ਤੰਗੀ ਅਤੇ ਨਸ਼ਿਆਂ ਦੀ ਓਵਰਡੋਜ਼ ਕਾਰਨ ਨਿੱਤ ਦਿਹਾੜੇ ਪੰਜਾਬ ਵਿਚ ਸਿਵੇ ਬਲ਼ਦੇ ਹਨ। ਜੇਕਰ ਸਿਆਸੀ ਆਪਾ-ਧਾਪੀ ਇਸੇ ਤਰ੍ਹਾਂ ਰਹੀ ਤਾਂ ਵਿਕਾਸ ਪੱਖੋਂ ਪੰਜਾਬ ਦੇ ਹੋਰ ਨਿਵਾਣਾਂ ਵੱਲ ਜਾਣ ਦੇ ਦਿਨ ਵੇਖਣੇ ਸਾਡੇ ਨਸੀਬਾਂ ਵਿਚ ਹੋਣਗੇ। ਅਸੀਂ ਹੋਰ ਵੱਡੇ ਦੁਖਾਂਤ ਹੰਢਾਉਣ ਨੂੰ ਤਿਆਰ ਰਹੀਏ।

## ਕੀ ਹੈ ਪੁਲੀਸ ਦੀ ਥਿਉਰੀ

ਗੱਡੀ ਵਿੱਚ ਗੱਡੀ ਵੀ ਠੋਕੀ ਸੀ ਤੇ ਪੁਲੀਸ ਦੇ ਕਰਮਚਾਰੀਆਂ ਨੂੰ ਮਾਰਨ ਦਾ ਯਤਨ ਕੀਤਾ ਸੀ।

ਯਾਦ ਰਹੇ ਕਿ ਇਸ ਦੌਰਾਨ ਭਾਈ ਬਲਜੀਤ ਸਿੰਘ ਦਾਦੂਵਾਲ ਤੇ ਸਤਿਕਾਰ ਸਭਾ ਦੇ ਸੁਖਜੀਤ ਖੋਸਾ ਵਿੱਚ ਕਿਸੇ ਗੱਲ ਨੂੰ ਲੈ ਕੇ ਮਤਭੇਦ ਹੋ ਗਿਆ ਜਿਸ ਮਗਰੋਂ ਉਨ੍ਹਾਂ ਦੇ ਸਮਰਥਕ ਵੀ ਆਪਸ ਵਿੱਚ ਉਲਝ ਗਏ। ਇਸੇ ਦੌਰਾਨ ਦੋਵਾਂ ਧਿਰਾਂ ਦੇ ਸਮਰਥਕਾਂ ਨੇ ਡਾਂਗਾਂ ਨਾਲ ਇੱਕ-ਦੂਜੇ 'ਤੇ ਹਮਲਾ ਕਰ ਦਿੱਤਾ। ਕਰੀਬ ਅੱਧੀ ਦਰਜਨ ਸਮਰਥਕ ਜ਼ਖ਼ਮੀ ਹੋ ਗਏ।

ਦੱਸ ਦੇਈਏ ਇਹ ਵਿਰੋਧ ਬੇਅਦਬੀ ਮਾਮਲੇ ਦੀ ਜਾਂਚ ਕਰ ਰਹੇ ਆਈਜੀ ਕੁੰਵਰ ਵਿਜੇ ਪ੍ਰਤਾਪ ਦੇ ਤਬਾਦਲੇ ਖਿਲਾਫ ਕੀਤਾ ਜਾ ਰਿਹਾ ਸੀ। ਮੋਰਚੇ ਦੀ ਅਗਵਾਈ ਕਰ ਰਹੇ ਜਥੇਦਾਰ ਧਿਆਨ ਸਿੰਘ ਮੰਡ ਤੇ ਉਨ੍ਹਾਂ ਦੇ ਸਮਰਥਕਾਂ ਨੇ ਆਈ ਕੁੰਵਰ ਦੇ ਤਬਾਦਲੇ ਖਿਲਾਫ ਬਠਿੰਡਾ ਤੇ ਬਰਗਾੜੀ ਵਿੱਚ ਮਾਰਚ ਕੱਢਿਆ। ਦੱਸਿਆ ਜਾ ਰਿਹਾ ਹੈ ਕਿ ਮਾਰਚ ਦੀ ਯੋਜਨਾ ਪਹਿਲਾਂ ਹੀ ਬਣ ਚੁੱਕੀ ਸੀ।

## ਰਾਸ਼ਟਰਵਾਦ ਦੀ ਪਹਿਲੀ ਸਵੇਰ

ਦੁਸ਼ਮਣ ਬਣ ਗਏ ਸਨ, ਇਸ ਲਈ ਉਨ੍ਹਾਂ ਨੂੰ ਵੱਖਰੇ ਵੱਖਰੇ ਸ਼ਹਿਰਾਂ ਵਿਚ ਰੱਖਿਆ ਗਿਆ। ਚਾਰ ਹਜ਼ਾਰ ਤੋਂ ਉਪਰ ਅਧਿਕਾਰੀ, ਡਿਪਲੋਮੈਟ ਅਤੇ ਵਿਚੋਲੇ ਸਰਬਸੰਮਤੀ ਉੱਤੇ ਪਹੁੰਚਣ ਲਈ ਪੂਰੇ ਚਾਰ ਸਾਲਾਂ ਤਕ ਬਹਿਸਾਂ ਕਰਦੇ ਰਹੇ। ਸੰਧੀ ਦਾ ਖਰੜਾ ਵੀ ਬੜੀ ਮੁਸ਼ੱਕਤ ਪਿੱਛੋਂ ਤਿਆਰ ਹੋਇਆ। ਖਰੜੇ ਦੀ ਸ਼ਬਦਾਵਲੀ ਵੀ ਕੂਟਨੀਤਕ ਕਲਾ ਦਾ ਨਮੂਨਾ ਹੈ। ਵੈਸਟਫੇਲੀਅਨ ਸੰਧੀ ਦੇ ਫੈਸਲੇ ਵੀ ਪ੍ਰਭੂਸੱਤਾ ਸੰਕਲਪ ਅਤੇ ਆਤਮ ਨਿਰਣੇ ਦੇ ਹੱਕ ਦੀ ਇਤਿਹਾਸਕ ਯਾਦਗਾਰ ਹਨ। ਹਰ ਰਾਜ ਦੀਆਂ ਹੱਦਾਂ ਮਿੱਥ ਦਿੱਤੀਆਂ ਗਈਆਂ। ਇਕ ਦੂਜੇ ਦੇ ਅੰਦਰੂਨੀ ਮਾਮਲਿਆਂ ਵਿਚ ਦਖਲਅੰਦਾਜ਼ੀ ਬੰਦ ਕਰ ਦਿੱਤੀ ਗਈ। ਨੈਦਰਲੈਂਡਸ 80 ਸਾਲ ਦੀ ਜੰਗ ਪਿੱਛੋਂ ਆਖਰ ਸਪੇਨ ਤੋਂ ਆਜ਼ਾਦ ਹੋਇਆ। 'ਜਿਸ ਦਾ ਰਾਜ ਉਸੇ ਦਾ ਧਰਮ' ਨੀਤੀ ਹੋਂਦ ਵਿਚ ਆਈ। ਧਾਰਮਿਕ ਆਜ਼ਾਦੀ ਵੀ ਮਿਲੀ। ਕੂਟਨੀਤਕ ਕਲਾ ਪ੍ਰਫੁੱਲਤ ਹੋਈ। ਹੋਲੀ ਰੋਮਨ ਸਾਮਰਾਜ ਦੇ ਖਾਤਮੇ ਦੀ ਸ਼ੁਰੂਆਤ ਹੋਈ। ਪੋਪ ਦੀ ਸਰਦਾਰੀ ਪਹਿਲਾਂ ਵਾਲੀ ਨਾ ਰਹੀ। ਫਰਾਂਸ ਨੂੰ ਸਭ ਤੋਂ ਵੱਧ ਲਾਭ ਮਿਲਿਆ ਅਤੇ ਜਰਮਨੀ ਨੂੰ ਵੱਧ ਨੁਕਸਾਨ ਹੋਇਆ। ਜਿਹੜੇ 200 ਦੇ ਕਰੀਬ ਪ੍ਰਭੂਸੰਪੰਨ ਮੁਲਕ ਅੱਜ ਅਸੀਂ ਦੇਖ ਰਹੇ ਹਾਂ, ਉਸ ਦਾ ਕੱਚਾ ਤਾਣਾ-ਬਾਣਾ, ਰਾਜਨੀਤਕ ਪ੍ਰਣਾਲੀ, ਕੌਮਾਂਤਰਰੀ ਕਾਨੂੰਨ ਦੀ ਸਵੇਰ ਵੈਸਟਫੇਲੀਅਨ ਸੰਧੀ ਨਾਲ ਆਰੰਭ ਹੋਈ ਸੀ। ਸੰਨ 1789 ਦੇ ਫਰਾਂਸੀਸੀ ਇਨਕਲਾਬ ਦਾ ਇਕ ਪ੍ਰੇਰਨਾ ਸਰੋਤ ਵੀ ਇਹ ਸੰਧੀ ਹੀ ਸੀ। ਇਸੇ ਸੰਧੀ ਪਿੱਛੋਂ ਬਰਤਾਨੀਆ, ਸਪੇਨ, ਆਸਟਰੀਆ ਅਤੇ ਹੋਰ ਕਈ ਮੁਲਕਾਂ ਨੂੰ ਏਸ਼ੀਆ ਅਤੇ ਅਫਰੀਕਾ ਵਿਚ ਬਸਤੀਆਂ ਕਾਇਮ ਕਰਨ ਦੇ ਮੌਕੇ ਮਿਲੇ। ਇਸੇ ਸੰਧੀ ਨੇ ਮੁਲਕਾਂ ਨੂੰ ਹੋਰ ਮਜ਼ਬੂਤ ਕੀਤਾ ਅਤੇ ਕੈਥੋਲਿਕ ਦੇ ਕਿਲ੍ਹਿਆਂ ਵਿਚ ਵੱਡੀਆਂ ਤਰੇੜਾਂ ਆਈਆਂ। ਇਸੇ ਸੰਧੀ ਪਿੱਛੋਂ ਕਦੇ ਸਹਿਜੇ ਸਹਿਜੇ ਕਦੇ ਤੇਜ਼ੀ ਨਾਲ ਅਤੇ ਕਦੇ ਤੂਫਾਨ ਦੀ ਤੇਜ਼ੀ ਨਾਲ ਨਵੇਂ ਰਾਸ਼ਟਰ ਹੋਂਦ ਵਿਚ ਆਏ ਅਤੇ ਸਾਰੀ ਦੁਨੀਆ ਰਾਸ਼ਟਰਵਾਦ ਦੇ ਕਲਾਵੇ ਵਿਚ ਆ ਗਈ। ਕਈ ਵਿਦਵਾਨ ਇਸ ਵਰਤਾਰੇ ਨੂੰ 'ਰਾਸ਼ਟਰਵਾਦ ਦੀ ਕੈਦ' ਵੀ ਕਹਿੰਦੇ ਹਨ, ਜਿਸ ਨੇ ਪਹਿਲੀ ਤੇ ਦੂਜੀ ਸੰਸਾਰ ਜੰਗ ਵਿਚ ਕਰੋੜਾਂ ਲੋਕਾਂ ਦੀ ਜਾਨ ਲਈ।ਕੀ ਰਾਸ਼ਟਰ ਅਤੇ ਰਾਸ਼ਟਰਵਾਦ ਆਖਰੀ ਸਾਹਾਂ 'ਤੇ ਹਨ ? ਕੀ ਕੋਈ ਅਜਿਹੀ ਰਾਜਨੀਤਕ ਪ੍ਰਣਾਲੀ ਹੋਂਦ ਵਿਚ ਆ ਸਕਦੀ ਹੈ ਜੋ ਰਾਸ਼ਟਰਵਾਦ ਦਾ ਢੁੱਕਵਾਂ ਅਤੇ ਸਾਰਥਕ ਬਦਲ ਹੋਵੇ ? ਕੀ ਰਾਸ਼ਟਰਵਾਦ ਵਿਚ ਇਨਕਲਾਬੀ ਤਬਦੀਲੀਆਂ ਹੀ ਨਵੇਂ ਰਾਸ਼ਟਰਵਾਦ ਨੂੰ ਜਨਮ ਦੇਣਗੀਆਂ ? ਇਹ ਔਖੇ ਅਤੇ ਗੁੰਝਲਦਾਰ ਸਵਾਲ ਬਿਨਾ ਕਿਸੇ ਨਤੀਜੇ ਉੱਤੇ ਪਹੁੰਚਿਆਂ ਅਜੇ ਵੱਡੀ ਬਹਿਸ ਦੇ ਹੀ ਘੇਰੇ ਵਿਚ ਹਨ।

## ਸਿੱਖਾਂ ਦੀ ਕਾਲੀ ਸੂਚੀ ਦਾ ਭੇਦ : ਚੋਣਾਂ ਸਮੇਂ ਹੀ ਹੁੰਦੀ ਹੈ ਖਤਮ

ਯਾਦ ਰਹੇ ਕਿ ਜਸਟਿਸ ਅਜੀਤ ਸਿੰਘ ਬੈਂਸ, ਸਿਮਰਨਜੀਤ ਸਿੰਘ ਮਾਨ, ਗੁਰਤੇਜ ਸਿੰਘ ਆਈਏਐਸ, ਖਾਲੜਾ ਐਕਸ਼ਨ ਕਮੇਟੀ ਕਈ ਵਾਰ ਆਵਾਜ਼ ਬੁਲੰਦ ਕਰ ਚੁੱਕੀ ਹੈ ਕਿ ਕਾਲੀ ਸੂਚੀ ਸਿੱਖਾਂ ਨਾਲ ਵੱਡਾ ਫਰਾਡ ਹੈ। ਇਹ ਇਕ ਤਰ੍ਹਾਂ ਨਾਲ ਸਰਕਾਰੀ ਦਹਿਸ਼ਤੀ ਕਾਰਵਾਈ ਹੈ। ਭਾਰਤ ਦੇ ਕੌਂਸਲੇਟ ਜਿਹਨਾਂ ਦੀ ਉਥੋਂ ਦੇ ਸਿੱਖਾਂ ਨਾਲ ਨਹੀਂ ਬਣਦੀ, ਉਹਨਾਂ ਦਾ ਨਾਮ ਕਾਲੀ ਸੂਚੀ ਵਿਚ ਪਾ ਦਿੰਦੇ ਹਨ ਤੇ ਸਿੱਖ ਸੰਸਥਾਵਾਂ ਵਿਚ ਬੇਵਜ੍ਹਾ ਦਖਲਅੰਦਾਜ਼ੀ ਕਰਦੇ ਹਨ। ਵੱਖ-ਵੱਖ ਬਿਆਨਾਂ ਵਿਚ ਹੁਣ ਵੀ ਉਹਨਾਂ ਕਿਹਾ ਕਿ ਅਜੇ ਤੱਕ ਸਰਕਾਰ ਇਹ ਸਪੱਸ਼ਟ ਨਹੀਂ ਕਰ ਸਕੀ ਕਿ ਕਾਲੀ ਸੂਚੀ ਵਿਚ ਕਿਹਨਾਂ ਲੋਕਾਂ ਦੇ ਨਾਮ ਪਾਏ ਜਾਂਦੇ ਹਨ ਤੇ ਉਹ ਕੀ ਕਾਰਨ ਹੁੰਦੇ ਹਨ। ਅਜੇ ਤੱਕ ਭਾਰਤ ਸਰਕਾਰ ਸਿੱਖਾਂ ਦੀ ਕਾਲੀ ਸੂਚੀ ਪੇਸ਼ ਨਹੀਂ ਕਰ ਸਕੀ ਤੇ ਨਾ ਹੀ ਇਹ ਭਰੋਸਾ ਦੇ ਸਕੀ ਹੈ ਕਿ ਅੱਗੇ ਤੋਂ ਕਾਲੀ ਸੂਚੀ ਨਹੀਂ ਬਣੇਗੀ। ਉਹਨਾਂ ਕਿਹਾ ਕਿ ਇਹ ਜਮਹੂਰੀ ਕਾਰਵਾਈ ਨਹੀਂ ਹੈ। ਉਹਨਾਂ ਕਿਹਾ ਕਿ ਭਾਰਤ ਸਰਕਾਰ ਨੂੰ ਸਿੱਖਾਂ ਦੇ ਨਾਲ ਅਜ਼ਾਦ ਨਾਗਰਿਕ ਵਾਲਾ ਸਲੂਕ ਕਰਨਾ ਚਾਹੀਦਾ ਹੈ। ਕਾਲੀ ਸੂਚੀ ਬਣਾਉਣਾ ਇਕ ਨਸਲੀ ਕਾਰਵਾਈ ਹੈ।

ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਕਾਲੀ ਸੂਚੀ ਬਿਲਕੁਲ ਖਤਮ ਹੋਣੀ ਚਾਹੀਦੀ ਹੈ। ਕਿਸੇ ਨੂੰ ਦੇਸ਼ ਵਿਚ ਕੱਢਣਾ ਨਸਲੀ ਤੇ ਅਪਰਾਧਿਕ ਕਾਰਵਾਈ ਹੈ। ਅਜ਼ਾਦ ਨਾਗਰਿਕ ਨੂੰ ਦੇਸ਼ ਵਿਚੋਂ ਬਾਹਰ ਨਹੀਂ ਕੱਢਿਆ ਜਾ ਸਕਦਾ ਤੇ ਨਾ ਹੀ ਪਾਬੰਦੀ ਲਗਾਈ ਜਾ ਸਕਦੀ ਹੈ, ਪਰ ਸਿੱਖਾਂ ਨਾਲ ਅਜਿਹਾ ਸਲੂਕ ਕਿਉਂ ? ਦੱਸਣਯੋਗ ਹੈ ਕਿ ਦੇਸ਼-ਵਿਦੇਸ਼ ਦੀਆਂ ਸਿੱਖ ਜਥੇਬੰਦੀਆਂ ਤੇ ਸਿੱਖਾਂ ਵਲੋਂ ਕਈ ਦਹਾਕਿਆਂ ਤੋਂ ਵਿਵਾਦਤ 'ਕਾਲੀ ਸੂਚੀ' ਨੂੰ ਖਤਮ ਕਰਨ ਦੀ ਮੰਗ ਉਠਾਈ ਜਾਂਦੀ ਰਹੀ ਹੈ।

## ਮਾਂ ਖੇਡ ਕਬੱਡੀ ਨੂੰ ਉਤਸ਼ਾਹਿਤ ਕਰਨ ਲਈ ਬੇਏਰੀਆ ਸਪੋਰਟਸ ਕਲੱਬ ਦੀ ਸ਼ਲਾਘਾ

ਪ੍ਰਧਾਨ ਦਿਲਬਾਗ ਸਿੰਘ ਤੋਂ ਸਿਵਾ ਮੰਗਲ ਢਿੱਲੋਂ, ਸੁਰਿੰਦਰ ਸਿੰਘ ਉੱਪਲ ਜਨਰਲ ਸਕੱਤਰ, ਕੁਲਵੀਰ ਦੁਸਾਂਝ, ਸਰਪ੍ਰਸਤ ਮੱਖਣ ਸਿੰਘ ਬੈਂਸ, ਡਾ. ਬਲਜਿੰਦਰ ਗਰੇਵਾਲ, ਜੱਸੀ ਢੰਡਵਾੜ, ਕੁਲਦੀਪ ਢੰਡਵਾੜ, ਚਰਨਜੀਤ ਸਿੰਘ ਦਾਖਾ, ਬਲਜੀਤ ਚੁਪਕਾ, ਲਵਪ੍ਰੀਤ ਪੰਨੂੰ, ਕੁਲਵਿੰਦਰ ਸੁਪਰਾ, ਸ਼ਾਹਕੋਟ ਲਾਇਨਜ਼ ਦੇ ਅਮਰੀਕਾ ਵਿਚ ਸਪਾਂਸਰ ਸੰਧੂ ਬ੍ਰਦਰਜ਼, ਐੱਸ.ਐੱਸ. ਟਰੱਕਿੰਗ ਦੇ ਸੁਖਜੀਤ ਸੰਧੂ, ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਦੇ ਧੀਰਾ ਨਿੱਝਰ, ਅਮੋਲਕ ਸਿੰਘ ਗਾਖਲ, ਨੰਗਲ ਅੰਬੀਆਂ ਕੱਪ ਲਈ ਦੂਜਾ ਇਨਾਮ ਦੇਣ ਵਾਲੇ ਹੈਪੀ ਵਰਿਆਣਾ, ਬਿੱਟੂ ਰੰਧਾਵਾ, ਤਰਲੋਚਨ ਅਟਵਾਲ, ਗੋਲਡੀ ਲਾਲੀ ਅਤੇ ਹੈਰੀ ਸੰਘਾ, ਦਵਿੰਦਰ ਚੰਨਾ, ਸੁਰਿੰਦਰ ਸੰਧੂ ਯੂ.ਕੇ, ਜਤਿੰਦਰ ਭੰਗੂ, ਸੁਰਜੀਤ ਸੰਧੂ ਐੱਸ.ਐੱਸ. ਪੀ., ਕੁਲਦੀਪ ਸਿੰਘ ਕੁੱਕੂ, ਰਘਬੀਰ ਬਰਾੜ, ਮੀਕਾ ਕਾਲੜਾ, ਪਵਨ ਟਾਂਡਾ, ਬਲਵੀਰ ਪਰਮਾਰ, ਬਲਕਾਰ ਜਮਸ਼ੇਰ, ਇਕਬਾਲ ਸਿੰਘ, ਰਵੀ ਨਾਗਰਾ, ਬਿੰਦਰ ਨਾਗਰਾ, ਅਮਰਜੀਤ ਸੱਗੂ, ਹੈਪੀ ਗੁਰਮ, ਤਨੂੰ ਗੁਰਮ, ਗੁਰਚਰਨ ਚੰਦੀ, ਬਲਜੀਤ ਸੱਲ੍ਹ, ਕੇਵਿਨ ਸੰਧੂ, ਹਰਜਿੰਦਰ ਦਿਆਲ, ਅਜੀਤ ਸਿੰਘ ਗਰੇਵਾਲ, ਭੁਪਿੰਦਰ ਸਿੰਘ ਪੰਨੂੰ, ਕੋਕਾ ਤੰਦੂ ਰੈਸਟੋਰੈਂਟ, ਭਿੰਦਾ ਵਿਰਕ, ਬਲਵਿੰਦਰ ਬਾਜਵਾ (ਲੀਗਲ ਅਡਵਾਈਜ਼ਰ), ਜਸਵਿੰਦਰ ਸਿੰਘ ਸਿੱਧੂ (ਟਰੇਸੀ), ਭੁਪਿੰਦਰ ਸਿੰਘ ਸਿੱਧੂ (ਟਰੇਸੀ), ਬਲਿਹਾਰ ਸਿੰਘ, ਮੋਹਣਾ ਯੋਧਾ (ਅਸਿਸਟੈਂਟ ਕੋਚ), ਜਸਵਿੰਦਰ ਸਿੰਘ ਯੂਨੀਅਨ ਸਿਟੀ, ਸੰਧੂ ਬ੍ਰਦਰਜ਼ ਟਰੇਸੀ, ਜਸਵਿੰਦਰ ਸਿੰਘ ਯੂਨੀਅਨ ਸਿਟੀ, ਸੰਧੂ ਬ੍ਰਦਰਜ਼ ਟਰੇਸੀ, ਹਰਦੇਵ ਚੰਨਾ ਹੈਨੀਮੈਂਨ, ਰਾਮ ਸ਼ਰਮਾ, ਬਲਦੇਵ ਸਿੰਘ ਨਿੱਝਰ, ਮਾਣਾ ਨਾਰੰਗਪੁਰੀਆ, ਜਸਵੀਰ ਗੜੇ, ਢੰਡਵਾੜ ਬ੍ਰਦਰਜ਼ ਟੋਇੰਗ, ਕਿੰਦਾ ਰੁੜਕਾ, ਤਿੰਦਾ ਰੁੜਕਾ, ਪਾਲ ਸਿੰਘ ਰੀਨੋ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਪੰਜਾਬੀਆਂ ਦੀ ਮਾਂ ਖੇਡ ਕਬੱਡੀ ਲਈ ਇਕ ਸਾਰਥਿਕ ਇਕੱਠ ਸੀ ਤੇ ਕਬੱਡੀ ਦੇ ਚੰਗੇ ਭਵਿੱਖ ਲਈ ਸਾਰਿਆਂ ਦੀ ਇਕਮੁੱਠ ਰਾਏ ਇਹ ਸੀ ਕਿ ਕਬੱਡੀ ਨੂੰ ਉਲਾਂਭਿਆਂ 'ਤੇ ਨਿਹੋਰਿਆਂ ਤੋਂ ਮੁਕਤ ਕਰਾ ਕੇ ਸਿਹਤਮੰਦ ਮੰਚ ਪ੍ਰਦਾਨ ਕੀਤਾ ਜਾਵੇ ਤਾਂ ਜੋ ਪੰਜਾਬੀਆਂ ਦੀ ਇਹ ਖੇਡ ਯੁਗਾਂ ਤੱਕ ਜਿਉਂਦੀ ਵਸਦੀ ਰਹੇ। ਆਏ ਮਹਿਮਾਨਾਂ ਅਤੇ ਸਹਿਯੋਗੀਆਂ ਲਈ ਖਾਣੇ ਦਾ ਪ੍ਰਬੰਧ ਰਾਜਾ ਸਵੀਟਸ ਵਲੋਂ ਕੀਤਾ ਗਿਆ ਸੀ।

## ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਕਾਰਨ

'ਤੇ। ਕੱਟੜਪੰਥੀਆਂ ਦੀ ਜਿੱਤ ਹੋਈ। ਅਕਬਰ ਦੀ ਮੌਤ ਦੇ ਨਾਲ ਹੀ ਜਹਾਂਗੀਰ ਹਿੰਦੁਸਤਾਨ ਦਾ ਬਾਦਸ਼ਾਹ ਘੋਸ਼ਿਤ ਕਰ ਦਿੱਤਾ। ਤਖਤ 'ਤੇ ਬੈਠਦਿਆਂ ਹੀ ਜਹਾਂਗੀਰ ਨੇ ਖੁਸਰੋ ਨੂੰ ਬਾਗੀ ਗਰਦਾਨ ਕੇ ਆਗਰੇ ਵਿਚ ਜੇਲ੍ਹ ਦੀਆਂ ਸਲਾਖਾਂ ਪਿਛੇ ਡੱਕ ਦਿੱਤਾ। ਇਕ ਦਿਨ ਖੁਸਰੋ ਨੇ ਬੇਨਤੀ ਕੀਤੀ ਕਿ ਉਹ ਆਪਣੇ ਦਾਦੇ ਦੀ ਕਬਰ 'ਤੇ ਸਿਜਦਾ ਕਰਨਾ ਚਾਹੁੰਦਾ ਹੈ। ਬੇਨਤੀ ਪਰਵਾਨ ਕਰ ਲਈ ਗਈ। ਖੁਸਰੋ ਜੇਲ੍ਹ ਵਿਚੋਂ ਬਾਹਰ ਆਇਆ ਅਤੇ ਆਪਣੇ ਪਿਤਾ ਵਿਰੁੱਧ ਬਗਾਵਤ ਦਾ ਐਲਾਨ ਕਰ ਦਿੱਤਾ। ਪਰ ਵਸੀਲਿਆਂ ਦੀ ਅਣਹੋਂਦ ਉਸ ਦੇ ਰਾਹ ਦਾ ਅੜਿੱਕਾ ਸੀ। ਉਸ ਨੇ ਮਨ ਬਣਾਇਆ ਕਿ ਅਫਗਾਨਿਸਤਾਨ ਪਹੁੰਚ ਕੇ ਤਾਕਤ ਇਕੱਠੀ ਕੀਤੀ ਜਾਵੇ ਤੇ ਜਹਾਂਗੀਰ ਨੂੰ ਗੱਦੀ ਤੋਂ ਲਾਹ ਕੇ ਅਕਬਰ ਵਰਗੇ ਉਦਾਰ ਸ਼ਾਸਨ ਦੀ ਬਹਾਲੀ ਕੀਤੀ ਜਾਵੇ। ਅਫਗਾਨਿਸਤਾਨ ਵੱਲ ਜਾਂਦੇ ਹੋਏ ਰਸਤੇ ਵਿਚ ਉਹ ਗੋਇੰਦਵਾਲ ਰੁਕਿਆ। ਗੁਰੂ ਸਾਹਿਬ ਕੋਲੋਂ ਅਸ਼ੀਰਵਾਦ ਲਿਆ, ਲੰਗਰ ਛਕਿਆ ਅਤੇ ਅੱਗੇ ਚਲ ਪਿਆ। ਪਰ ਜਲਦੀ ਹੀ ਜਹਾਂਗੀਰ ਦੀਆਂ ਫੌਜਾਂ ਨੇ ਉਸ ਨੂੰ ਘੇਰ ਲਿਆ, ਗ੍ਰਿਫਤਾਰ ਕੀਤਾ ਅਤੇ ਉਸ ਦੇ ਪਿਤਾ ਦੇ ਸਨਮੁਖ ਪੇਸ਼ ਕਰ ਦਿੱਤਾ। ਜਹਾਂਗੀਰ ਨੇ ਉਸ ਦੇ ਸਾਥੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਅਤੇ ਖੁਸਰੋ ਨੂੰ ਅੰਨ੍ਹਿਆਂ ਕਰ ਹਮੇਸ਼ਾ ਹਮੇਸ਼ਾ ਲਈ ਆਗਰੇ ਦੇ ਕਿਲੇ ਵਿਚ ਸੁੱਟ ਦੇਣ ਦਾ ਹੁਕਮ ਕੀਤਾ।

ਜਹਾਂਗੀਰ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਕਿ ਖੁਸਰੋ ਗੋਇੰਦਵਾਲ ਰੁਕਿਆ ਤੇ ਗੁਰੂ ਸਾਹਿਬ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ ਸੀ ਤਾਂ ਉਸ ਦੇ ਗੁੱਸੇ ਦੀ ਸੀਮਾ ਸਾਰੀਆਂ ਹੱਦਾਂ ਪਾਰ ਕਰ ਗਈ। ਉਸ ਨੇ ਤੁਰੰਤ ਗੁਰੂ ਸਾਹਿਬ ਦੀ ਗ੍ਰਿਫਤਾਰੀ ਦੇ ਹੁਕਮ ਜਾਰੀ ਕਰ ਦਿੱਤੇ। ਇਸ ਗੱਲ ਦਾ ਪ੍ਰਗਟਾਵਾ ਉਹ ਖੁਦ ਆਪਣੀ ਸਵੈ-ਜੀਵਨੀ ਵਿੱਚ ਕਰਦਾ ਹੋਇਆ ਲਿਖਦਾ ਹੈ :

"ਉਹ ਫਕੀਰ ਮਨੁੱਖ ਨੇ ਖੁਸਰੋ ਨੂੰ ਪਨਾਹ ਦਿੱਤੀ। ਉਸ ਨੂੰ ਪੰਜ ਹਜ਼ਾਰ ਰੁਪਇਆ ਸਹਾਇਤਾ ਵਜੋਂ ਦਿੱਤਾ ਅਤੇ ਉਸ ਦੇ ਮੱਥੇ 'ਤੇ ਕੇਸਰ ਦਾ ਟਿਕਾ ਲਗਾਇਆ, ਜਿਸ ਨੂੰ ਹਿੰਦੁਸਤਾਨ ਦੀ ਧਰਤੀ 'ਤੇ ਜਿੱਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

ਮੈਂ ਮੁਰਤਜਾ ਖਾਨ ਨੂੰ ਹੁਕਮ ਦਿੱਤਾ ਕਿ ਉਸ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਆਂਦਾ ਜਾਵੇ, ਉਸ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਜਾਵੇ ਅਤੇ ਉਸ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਜਾਵੇ। "

**ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ-**

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ 'ਤੇ ਬਿਠਾਉਣ, ਸਿਰ ਉਪਰ ਰੇਤ ਪਾਉਣ ਆਦਿ ਦੀਆਂ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਜਹਾਂਗੀਰ ਦੇ ਅਹਿਲਕਾਰਾਂ ਦੀਆਂ ਸਖ਼ਤੀਆਂ ਨੂੰ ਖਿੜੇ ਮੱਥੇ ਸਹਾਰਦੇ ਹੋਏ ਗੁਰ ਪਾਤਸ਼ਾਹ ਸੰਨ 1606 ਈਸਵੀ ਨੂੰ ਸ਼ਹਾਦਤ ਦਾ ਜਾਮ ਪੀ ਗਏ। ਉਨ੍ਹਾਂ ਨੇ ਆਪਣੀ ਇਸ ਸ਼ਹਾਦਤ ਨੂੰ ਲੋਕ ਮੁਕਤੀ ਅਤੇ ਹਿੰਦੁਸਤਾਨੀਆਂ ਨੂੰ 'ਪਤ ਸੇਤੀ' ਜ਼ਿੰਦਗੀ ਅਤੇ ਜ਼ੁਲਮ ਵਿਰੁੱਧ ਦਰਸਾਇਆ। ਜਬਰ ਅਤੇ ਜ਼ੁਲਮ ਵਿਰੁੱਧ ਆਵਾਜ਼ ਉਠਾਉਣ ਦੇ ਇਸ ਅਨੋਖੇ ਤਰੀਕੇ ਨੇ ਆਉਣ ਵਾਲੇ ਸਮੇਂ ਵਿਚ ਹਿੰਦੋਸਤਾਨ ਦੀ ਤਕਦੀਰ 'ਤੇ ਨਵੇਂ ਪੂਰਨੇ ਪਾ ਦਿੱਤੇ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com

# STEELE INSURANCE

## AGENCY INC

Grand Shield Insurance strives to offer you quality insurance coverage, a high level of professional service and a long-term relationship We'll research rates and coverage from top insurance companies to find the best insurance rates and insurance plans for you. We do the insurance shopping and comparing for you to save time and money!

- Specialize in Personal line insurance
- Auto Home life Umbrella and Commercial
- We have special discount as 20% Multi Policy Discount
- Occupational Discount 12% for Teacher, Doctors Engineers, Firefighter, RN nurse, Business Owner
- AARP membership discount 30%
- Good Students discount 3.0 GPA
- Four year College degree (Alumni) discount
- Multi car discount




- TERM LIFE
- RETURN OF PREMIUM LIFE
- UNIVERSAL LIFE
- INDEXED UNIVERSAL LIFE
- VARIABLE UNIVERSAL LIFE
- WHOLE LIFE
- ANNUITIES

**Working hard with Honesty & intergrity to protect your Financial Future**



# Ranjit Singh

**A Member of Steele Insurance Agency, Inc.**

**Insurance Broker, Lic#OH78402**

**Doing the Right Things for Our Clients and Their Families Everyday...**

**... Leads Us to Success as well as Our Company."**

Allied Insurance · FIDELITY National Insurance Company · CSE · MERCURY Insurance Group · FINANCIAL PACIFIC · Safeco Insurance · CNA · MetLife · Kemper · Philadelphia Insurance Companies · FOREMOST Insurance Group · The Hartford · CommerceWest Insurance · Midwest Insurance Agency · Kansas City Life · PROGRESSIVE · GeoVera Insurance · TRAVELERS · GMAC Insurance · TheZenith Workers' Compensation Specialists · PersonalUmbrella.com · ZURICH

**17900 Murphy Park Way Lathrop, CA. 95330**

**209-956-1000, Office-408-355-5700, Bay Area-888-246-1228 Fax**

**RSingh@siainc.net, www.SteeleInsuranceAgency.net**


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM